ਮੰਗਲਵਾਰ, 12 ਮਈ, 2026
29 ਵਿਸਾਖ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 74
ਅੰਕ/NO. : 341

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 12 MAY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਲੋਕਲ ਬਾਡੀਜ਼ ਚੋਣਾਂ ਦਾ ਐਲਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**-ਪੰਜਾਬ ਰਾਜ ਚੋਣ ਕਮਿਸ਼ਨ ਨੇ ਸੋਮਵਾਰ ਸੂਬੇ ਵਿੱਚ 8 ਨਗਰ ਨਿਗਮਾਂ, 76 ਨਗਰ ਕੌਂਸਲਾਂ ਅਤੇ 21 ਨਗਰ ਪੰਚਾਇਤਾਂ ਲਈ ਚੋਣਾਂ 26 ਮਈ ਨੂੰ ਕਰਵਾਉਣ ਦਾ ਐਲਾਨ ਕਰ ਦਿੱਤਾ। ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਨਤੀਜਿਆਂ ਦਾ ਐਲਾਨ 29 ਮਈ ਨੂੰ ਕੀਤਾ ਜਾਵੇਗਾ। ਨਾਮਜ਼ਦਗੀਆਂ 13 ਤੋਂ 16 ਮਈ ਤੱਕ ਭਰੀਆਂ ਜਾਣਗੀਆਂ। ਇਸ ਤੋਂ ਬਾਅਦ 18 ਮਈ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਅਤੇ 19 ਮਈ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਚੌਧਰੀ ਨੇ ਕਿਹਾ ਕਿ ਚੋਣਾਂ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਇਨ੍ਹਾਂ ਚੋਣਾਂ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਕਰਵਾਉਣ ਲਈ ਵੀ ਰਣਨੀਤੀ ਤਿਆਰ ਕਰ ਲਈ ਹੈ।

ਚੋਣਾਂ ਦੇ ਐਲਾਨ ਦੇ ਨਾਲ ਹੀ ਸੂਬੇ 'ਚ ਚੋਣ ਜ਼ਾਬਤਾ ਵੀ ਲੱਗ ਗਿਆ ਹੈ, ਜਿਸ ਕਾਰਨ ਹੁਣ ਪੰਜਾਬ ਸਰਕਾਰ ਕੋਈ ਨਵਾਂ ਐਲਾਨ ਨਹੀਂ ਕਰ ਸਕੇਗੀ।

ਅਬੋਹਰ, ਬਰਨਾਲਾ, ਬਟਾਲਾ, ਬਠਿੰਡਾ, ਕਪੂਰਥਲਾ, ਮੋਗਾ, ਪਠਾਨਕੋਟ ਤੇ ਮੁਹਾਲੀ ਨਗਰ ਨਿਗਮ ਲਈ ਚੋਣਾਂ ਹੋਣਗੀਆਂ। ਹੁਸ਼ਿਆਰਪੁਰ ਦੀ ਨਹੀਂ ਹੋਵੇਗੀ ਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਦੁਬਾਰਾ ਵੋਟਰ ਲਿਸਟਾਂ ਤਿਆਰ ਕਰਨ ਲਈ ਕਿਹਾ ਗਿਆ ਹੈ।

ਨਗਰ ਨਿਗਮ ਦੀ ਚੋਣ ਲਈ ਉਮੀਦਵਾਰ 4 ਲੱਖ ਰੁਪਏ ਤੱਕ ਖਰਚਾ ਕਰ ਸਕੇਗਾ, ਜਦਕਿ ਨਗਰ ਕੌਂਸਲ ਲਈ 3 ਲੱਖ ਰੁਪਏ ਤੇ ਨਗਰ ਪੰਚਾਇਤ ਲਈ 1 ਲੱਖ 40 ਹਜ਼ਾਰ ਰੁਪਏ ਹੀ ਖਰਚ ਕਰ ਸਕੇਗਾ।

## 26 ਮਈ ਨੂੰ ਵੋਟਾਂ ਤੇ 29 ਨੂੰ ਨਤੀਜੇ



ਚੋਣਾਂ ਦਾ ਐਲਾਨ ਹੋਣ ਦੇ ਨਾਲ ਹੀ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਤਿਆਰੀਆਂ ਵਿੱਢ ਦਿੱਤੀਆਂ ਹਨ। ਸਿਆਸੀ ਪਾਰਟੀਆਂ ਵੱਲੋਂ ਮੀਟਿੰਗਾਂ ਕਰਕੇ ਚੋਣਾਂ ਦੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਪੰਜਾਬ ਵਿੱਚ ਸਥਾਨਕ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਕੁਝ ਸਮੇਂ ਪਹਿਲਾਂ ਹੋਣ ਜਾ ਰਹੀਆਂ ਹਨ, ਇਸ ਲਈ ਸਾਰੀਆਂ ਰਾਜਸੀ ਪਾਰਟੀਆਂ ਵੱਲੋਂ ਇਨ੍ਹਾਂ ਚੋਣਾਂ ਨੂੰ ਮਜ਼ਬੂਤੀ ਨਾਲ ਲੜਿਆ ਜਾਵੇਗਾ, ਕਿਉਂਕਿ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਣ ਵਾਲੀਆਂ ਸਥਾਨਕ ਚੋਣਾਂ ਵਿਧਾਨ ਸਭਾ ਚੋਣਾਂ 'ਤੇ ਜ਼ਰੂਰ ਅਸਰ ਪਾਉਂਦੀਆਂ ਹਨ।

# ਜੁਮਲਿਆਂ ਦੇ ਬਾਦਸ਼ਾਹ ਦੇਸ਼ ਨੂੰ ਸਚਾਈ ਦੱਸਣ : ਮਾਨ

**ਸੰਗਰੂਰ/ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਪਿੰਡ ਖੁਰਾਣਾ ਵਿਖੇ ਸਥਿਤ ਗੁਰਦੁਆਰਾ ਜੋਤੀਸਰ ਸਾਹਿਬ ਵਿਖੇ ਸੰਗਤ ਨਾਲ ਅਰਦਾਸ ਵਿੱਚ ਸ਼ਾਮਲ ਹੋ ਕੇ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026 ਨੂੰ ਲਾਗੂ ਕਰਨ ਦਾ ਬਲ ਬਖ਼ਸ਼ਣ ਲਈ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਨ੍ਹਾ ਕਿਹਾ ਕਿ ਇਹ ਸਖ਼ਤ ਕਾਨੂੰਨ ਬਣਨ ਨਾਲ ਪੰਥ ਕਾਫ਼ੀ ਰਾਹਤ ਅਤੇ ਸੰਤੁਸ਼ਟੀ ਮਹਿਸੂਸ ਕਰ ਰਿਹਾ ਹੈ, ਜੋ ਇਹ ਯਕੀਨੀ ਬਣਾਏਗਾ ਕਿ ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਹਿੰਮਤ ਨਾ ਕਰੇ।ਮਾਨ ਨੇ ਭਾਜਪਾ ਦੀ ਅਗਵਾਈ ਵਾਲੇ ਕੇਂਦਰ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਦੇਸ਼



ਵਾਸੀ ਸਭ ਦੇਖ ਰਹੇ ਹਨ ਕਿ ਕਿਵੇਂ ਭਾਰਤ ਦੇ ਫੈਸਲੇ ਵ੍ਹਾਈਟ ਹਾਊਸ ਤੋਂ ਲਏ ਜਾ ਰਹੇ ਹਨ ਅਤੇ ਕਿਵੇਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਸਿਆਸੀ ਵਿਰੋਧੀਆਂ ਨੂੰ ਡਰਾਉਣ ਲਈ ਕੀਤੀ ਜਾ ਰਹੀ ਹੈ। ਇਹ ਆਖਦਿਆਂ ਕਿ ਪੰਜਾਬੀ ਕਦੇ ਵੀ ਦਬਾਅ ਦੀਆਂ ਚਾਲਾਂ ਅੱਗੇ ਨਾ ਝੁਕੇ ਹਨ ਤੇ ਨਾ ਹੀ ਕਦੇ ਝੁਕਣਗੇ, ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਲੋਕ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਦੀ ਹਰ ਕੋਸ਼ਿਸ਼ ਦਾ ਢੁਕਵਾਂ ਜਵਾਬ ਦੇਣਗੇ।

ਸੰਗਤ ਵਿੱਚ ਹਾਜ਼ਰੀ ਭਰਨ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਮਾਨ ਨੇ ਕਿਹਾ ਕਿ ਪੰਜਾਬ ਭਰ ਦੀ ਸਮੁੱਚੀ ਸਿੱਖ ਸੰਗਤ ਇਤਿਹਾਸਕ ਕਾਨੂੰਨ, ਜੋ ਸ੍ਰੀ ਗੁਰੂ • ਬਾਕੀ ਸਫਾ 2 'ਤੇ

# ਸੰਜਮ ਦੀਆਂ ਅਪੀਲਾਂ ਕਰਨ ਵਾਲੇ ਮੋਦੀ 'ਤੇ ਜਵਾਬਦੇਹੀ ਤੋਂ ਭੱਜਣ ਦਾ ਦੋਸ਼

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਭਾਰਤੀਆਂ ਨੂੰ ਈਂਧਨ ਬਚਾਉਣ ਤੇ ਇੱਕ ਸਾਲ ਸੋਨਾ ਨਾ ਖਰੀਦਣ ਦੀ ਅਪੀਲ 'ਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੋਮਵਾਰ ਕਿਹਾ ਕਿ 'ਸਮਝੌਤਾ ਕਰਨ ਵਾਲਾ ਪ੍ਰਧਾਨ ਮੰਤਰੀ' ਹੁਣ ਦੇਸ਼ ਚਲਾਉਣ ਦੇ ਯੋਗ ਨਹੀਂ ਰਿਹਾ।

ਰਾਹੁਲ ਨੇ ਐੱਕਸ 'ਤੇ ਪੋਸਟ ਪਾਈ ਹੈ, 'ਮੋਦੀ ਜੀ ਨੇ ਲੋਕਾਂ ਨੂੰ ਕੁਰਬਾਨੀਆਂ ਦੇਣ ਦਾ ਸੱਦਾ ਦਿੱਤਾ—ਸੋਨਾ ਨਾ ਖਰੀਦੋ, ਵਿਦੇਸ਼ ਯਾਤਰਾ ਨਾ ਕਰੋ, ਘੱਟ ਪੈਟਰੋਲ ਦੀ ਵਰਤੋਂ ਕਰੋ, ਖਾਦਾਂ ਤੇ ਖਾਣਾ ਪਕਾਉਣ ਵਾਲੇ ਤੇਲ ਦੀ ਵਰਤੋਂ ਘਟਾਓ, ਮੈਟਰੋ ਲਓ ਅਤੇ ਘਰੋਂ ਕੰਮ ਕਰੋ। ਇਹ ਸਲਾਹ ਦੇ ਸ਼ਬਦ ਨਹੀਂ ਹਨ; ਇਹ ਅਸਫਲਤਾ ਦਾ ਸਬੂਤ ਹਨ। 12 ਸਾਲਾਂ ਵਿੱਚ ਉਨ੍ਹਾ ਦੇਸ਼ ਨੂੰ ਇਸ ਹਾਲਤ ਵਿੱਚ ਲੈ ਆਂਦਾ ਹੈ ਕਿ ਲੋਕਾਂ ਨੂੰ ਦੱਸਣਾ ਪੈ ਰਿਹਾ ਹੈ ਕਿ ਕੀ ਖਰੀਦਣਾ ਹੈ, ਕੀ ਨਹੀਂ ਖਰੀਦਣਾ ਹੈ, ਕਿੱਥੇ ਜਾਣਾ ਹੈ, ਕਿੱਥੇ ਨਹੀਂ ਜਾਣਾ ਹੈ। ਹਰ ਵਾਰ ਉਹ ਜ਼ਿੰਮੇਵਾਰੀ ਲੋਕਾਂ 'ਤੇ ਸੁੱਟ ਦਿੰਦੇ ਹਨ, ਤਾਂ ਜੋ ਉਹ ਖੁਦ ਜਵਾਬਦੇਹੀ ਤੋਂ ਬਚ ਸਕਣ। ਦੇਸ਼ ਚਲਾਉਣਾ ਹੁਣ ਇੱਕ ਸਮਝੌਤਾਵਾਦੀ ਪ੍ਰਧਾਨ ਮੰਤਰੀ ਦੀ ਪਹੁੰਚ ਵਿੱਚ ਨਹੀਂ ਰਿਹਾ।'

ਸੀਨੀਅਰ ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਕਿਹਾ ਕਿ ਹੈਦਰਾਬਾਦ ਤੋਂ ਪ੍ਰਧਾਨ ਮੰਤਰੀ ਦੀ ਅਚਾਨਕ ਅਪੀਲ ਦਰਸਾਉਂਦੀ ਹੈ ਕਿ ਆਰਥਕ ਸਥਿਤੀ ਸਰਕਾਰੀ ਅੰਕੜਿਆਂ ਅਤੇ ਪ੍ਰਧਾਨ ਮੰਤਰੀ ਤੇ ਉਨ੍ਹਾ ਦੇ ਸਾਥੀਆਂ ਵੱਲੋਂ ਹੁਣ ਤੱਕ ਕੀਤੇ ਗਏ ਦਾਅਵਿਆਂ ਨਾਲੋਂ ਕਿਤੇ ਜ਼ਿਆਦਾ ਗੰਭੀਰ ਹੈ। ਈਂਧਨ ਦੀਆਂ ਕੀਮਤਾਂ ਵਿੱਚ ਵਾਧੇ ਸਮੇਤ ਸਖਤ ਲਾਗਤ-ਕਟੌਤੀ ਉਪਾਵਾਂ ਦਾ ਇੱਕ ਪੜਾਅ ਜਲਦੀ ਹੀ ਆ ਸਕਦਾ ਹੈ ਅਤੇ ਉਨ੍ਹਾਂ ਨੂੰ ਵਧੇਰੇ ਸਵੀਕਾਰਯੋਗ ਬਣਾਉਣ ਲਈ ਇੱਕ ਮਾਹੌਲ ਬਣਾਇਆ ਜਾ ਰਿਹਾ ਹੈ। ਇਹ ਲੰਮੇ ਸਮੇਂ ਤੋਂ ਸਪੱਸ਼ਟ ਹੈ ਕਿ ਜ਼ਮੀਨੀ ਆਰਥਕ ਸਥਿਤੀਆਂ, ਜੋ ਕਿ ਅਸਲ ਉਜਰਤਾਂ ਵਿੱਚ ਖੜੋਤ, ਵਧਦੇ ਘਰੇਲੂ ਕਰਜ਼ੇ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਨਿੱਜੀ ਨਿਵੇਸ਼ ਵਿੱਚ ਗਤੀ ਦੀ ਘਾਟ ਵਰਗੀਆਂ ਸਥਿਤੀਆਂ ਵਿੱਚ ਸਪੱਸ਼ਟ ਹਨ—ਮੋਦੀ ਸਰਕਾਰ ਦੇ ਪ੍ਰਚਾਰ ਦੇ ਪੂਰੀ ਤਰ੍ਹਾਂ ਉਲਟ ਹਨ।

ਸਪਾ ਮੁਖੀ ਅਖਿਲੇਸ਼ ਯਾਦਵ ਨੇ ਵੀ ਪ੍ਰਧਾਨ ਮੰਤਰੀ ਮੋਦੀ ਦੀ ਅਪੀਲ ਨੂੰ ਅਸਫਲਤਾ ਦਾ ਇਕਬਾਲ ਕਿਹਾ ਹੈ। ਚੋਣਾਂ ਖਤਮ ਹੁੰਦੇ ਹੀ ਸਰਕਾਰ ਨੂੰ ਅਚਾਨਕ ਸੰਕਟ ਯਾਦ ਆ ਗਿਆ। ਅਸਲੀਅਤ ਵਿੱਚ ਦੇਸ਼ ਲਈ ਸਿਰਫ ਇੱਕ ਹੀ ਸੰਕਟ ਹੈ ਅਤੇ ਉਸ ਦਾ ਨਾਂਅ ਭਾਜਪਾ ਹੈ। ਇੰਜ ਲੱਗਦਾ ਹੈ ਕਿ ਭਾਜਪਾ ਸਰਕਾਰ ਪੂਰੀ ਤਰ੍ਹਾਂ ਕੰਟਰੋਲ ਗੁਆ ਚੁੱਕੀ ਹੈ। ਡਾਲਰ ਅਸਮਾਨ ਨੂੰ ਛੂਹ ਰਿਹਾ ਹੈ, ਜਦੋਂ ਕਿ ਭਾਰਤੀ ਰੁਪਈਆ ਹੋਰ ਡੂੰਘਾ ਡੁੱਬ ਰਿਹਾ ਹੈ। ਉਨ੍ਹਾ ਕਿਹਾ ਕਿ ਸੋਨਾ ਨਾ ਖਰੀਦਣ ਦੀ ਅਪੀਲ ਭ੍ਰਿਸ਼ਟ ਭਾਜਪਾ ਨੇਤਾਵਾਂ ਨੂੰ ਕੀਤੀ ਜਾਣੀ ਚਾਹੀਦੀ ਹੈ, ਲੋਕਾਂ ਨੂੰ ਨਹੀਂ, ਕਿਉਂਕਿ ਆਮ ਲੋਕ ਥੋੜ੍ਹਾ ਜਿਹਾ ਸੋਨਾ ਵੀ ਨਹੀਂ ਖਰੀਦ ਸਕਦੇ।

ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਆਗੂ ਕਾਲੇ ਧਨ ਨੂੰ ਸੋਨੇ ਵਿੱਚ ਬਦਲਣ ਵਿੱਚ ਲੱਗੇ ਹੋਏ ਹਨ। ਜੇ ਕਿਸੇ ਨੂੰ ਇਸ 'ਤੇ ਸ਼ੱਕ ਹੈ ਤਾਂ ਉਸ ਨੂੰ ਲਖਨਊ ਤੋਂ ਗੋਰਖਪੁਰ ਜਾਂ ਅਹਿਮਦਾਬਾਦ ਤੋਂ ਗੁਹਾਟੀ ਤੱਕ ਪੁੱਛਗਿੱਛ ਕਰਨੀ ਚਾਹੀਦੀ ਹੈ। ਯਾਦਵ ਨੇ ਇਹ ਵੀ ਸਵਾਲ ਕੀਤਾ ਹੈ ਕਿ ਚੋਣਾਂ ਤੋਂ ਬਾਅਦ ਹੀ ਅਜਿਹੀਆਂ ਅਪੀਲਾਂ ਅਤੇ ਪਾਬੰਦੀਆਂ ਕਿਉਂ ਸਾਹਮਣੇ ਆਈਆਂ। ਚੋਣਾਂ ਦੌਰਾਨ ਭਾਜਪਾ ਆਗੂਆਂ ਨੇ ਹਜ਼ਾਰਾਂ ਚਾਰਟਰਡ ਉਡਾਣਾਂ ਲਈਆਂ। ਕੀ ਉਹ ਜਹਾਜ਼ ਪਾਣੀ ਨਾਲ ਉੱਡ ਰਹੇ ਸਨ? ਕੀ ਉਹ ਹੋਟਲਾਂ ਵਿੱਚ ਨਹੀਂ ਠਹਿਰੇ ਸਨ? ਜੇ ਬੱਚਤ ਏਨੀ ਮਹੱਤਵਪੂਰਨ ਸੀ ਤਾਂ ਉਨ੍ਹਾ ਵੀਡੀਓ ਕਾਨਫਰੰਸਿੰਗ ਰਾਹੀਂ ਪੂਰੀ ਤਰ੍ਹਾਂ • ਬਾਕੀ ਸਫਾ 2 'ਤੇ

# ਦਸਵੀਂ 'ਚੋਂ ਜੈਤੋ ਦੀ ਹਰਲੀਨ ਸ਼ਰਮਾ ਅੱਵਲ



ਹਰਲੀਨ ਸ਼ਰਮਾ, ਮਨੀ ਮਹੇਸ਼ ਸ਼ਰਮਾ, ਰੀਆ ਰਾਣੀ

**ਮੁਹਾਲੀ (ਗੁਰਜੀਤ ਬਿੱਲਾ)**

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਸਵੀਂ ਜਮਾਤ ਦੇ ਸੋਮਵਾਰ ਐਲਾਨੇ ਗਏ ਨਤੀਜਿਆਂ 'ਚ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਜੈਤੋ ਦੀ ਵਿਦਿਆਰਥਣ ਹਰਲੀਨ ਸ਼ਰਮਾ 650 ਵਿੱਚੋਂ 646 ਅੰਕਾਂ (99.38 ਫੀਸਦੀ) ਨਾਲ ਅੱਵਲ ਰਹੀ ਹੈ। ਰੂਪਨਗਰ ਜ਼ਿਲ੍ਹੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚਨੌਲੀ ਬਸੀ ਦਾ ਮਨੀ ਮਹੇਸ਼ ਸ਼ਰਮਾ 645 ਅੰਕਾਂ ਨਾਲ ਦੂਜੇ ਤੇ ਹੁਸ਼ਿਆਰਪੁਰ ਦੀ ਰੀਆ ਰਾਣੀ ਵੀ 645 ਅੰਕਾਂ ਨਾਲ ਤੀਜੇ ਸਥਾਨ 'ਤੇ ਰਹੇ। 2,69,505 ਵਿਦਿਆਰਥੀ ਪ੍ਰੀਖਿਆ ਵਿੱਚ ਬੈਠੇ ਸਨ, ਜਿਨ੍ਹਾਂ ਵਿੱਚੋਂ 2,54,744 (94.52) ਵਿਦਿਆਰਥੀ ਪਾਸ ਹੋਏ ਹਨ। ਕੁੜੀਆਂ ਦੀ ਪਾਸ ਫੀਸਦੀ ਮੁੰਡਿਆਂ ਨਾਲੋਂ ਬਿਹਤਰ ਰਹੀ। ਪ੍ਰੀਖਿਆ ਦੇਣ ਵਾਲੀਆਂ 1,27,753 ਕੁੜੀਆਂ ਵਿੱਚੋਂ 1,22,595 ਨੇ ਸਫਲਤਾ ਹਾਸਲ ਕੀਤੀ ਹੈ। ਜ਼ਿਲ੍ਹਾਵਾਰ ਨਤੀਜਿਆਂ ਵਿੱਚ ਅੰਮ੍ਰਿਤਸਰ • ਬਾਕੀ ਸਫਾ 2 'ਤੇ

## ਸਵੈ-ਅਧਿਐਨ ਦੀ ਮਿਸਾਲ



**ਲੁਧਿਆਣਾ** : ਤਰਖਾਣਾ ਕੰਮ ਕਰਨ ਵਾਲੇ ਦੀ ਧੀ ਤਰਨਪ੍ਰੀਤ ਕੌਰ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਜਮਾਤ ਦੀ ਪ੍ਰੀਖਿਆ ਵਿੱਚ 98.46 ਫੀਸਦੀ ਅੰਕ ਹਾਸਲ ਕਰਕੇ ਲੁਧਿਆਣਾ ਜ਼ਿਲ੍ਹੇ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਤੇਜਾ ਸਿੰਘ ਸੁਤੰਤਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਤਰਨਪ੍ਰੀਤ ਨੇ 650 ਵਿੱਚੋਂ 640 ਅੰਕ ਪ੍ਰਾਪਤ ਕੀਤੇ ਹਨ। ਤਰਨਪ੍ਰੀਤ, ਜਿਸ ਦੇ ਪਰਵਾਰ ਦੀ ਮਹੀਨਾਵਾਰ ਆਮਦਨ ਲਗਭਗ 10,000 ਰੁਪਏ ਹੈ, ਨੇ ਮੁੱਖ ਤੌਰ 'ਤੇ ਸਵੈ-ਅਧਿਐਨ ਦੇ ਸਿਰ 'ਤੇ ਇਹ ਮੁਕਾਮ ਹਾਸਲ ਕੀਤਾ ਹੈ। ਉਹ ਚਾਰਟਰਡ ਅਕਾਊਂਟੈਂਟ ਬਣਨਾ ਚਾਹੁੰਦੀ ਹੈ। ਪੜ੍ਹਾਈ ਦੇ ਨਾਲ-ਨਾਲ ਉਹ ਘਰ ਦੇ ਕੰਮਾਂ ਵਿੱਚ ਆਪਣੀ ਮਾਂ ਦੀ ਮਦਦ ਵੀ ਕਰਦੀ ਰਹੀ। ਉਸ ਦੇ ਪਿਤਾ ਨੂੰ ਆਪਣੀ ਧੀ ਦੀ ਇਸ ਪ੍ਰਾਪਤੀ 'ਤੇ ਬਹੁਤ ਮਾਣ ਹੈ।

## ਤਿੰਨ ਫੁੱਟਿਆਂ ਦਾ ਵਿਆਹ



**ਕੈਥਲ** : ਹਰਿਆਣਾ ਦੇ ਕੈਥਲ ਦੇ ਪਿੰਡ ਚੰਦਾਨਾ ਦੇ ਤਿੰਨ ਫੁੱਟ ਦੇ ਵਿਕਰਮ ਦਾ ਆਪਣੇ ਹੀ ਜਿੱਡੀ ਜੀਂਦ ਦੇ ਪਿੰਡ ਹਾਟ ਦੀ ਪ੍ਰਿਅੰਕਾ ਨਾਲ ਵਿਆਹ ਚਰਚਾ ਵਿੱਚ ਹੈ। ਜਾਗਰਣ ਮੰਡਲੀ ਵਿੱਚ ਕੰਮ ਕਰਨ ਵਾਲਾ 26 ਸਾਲਾ ਵਿਕਰਮ ਬੁਲੇਟ 'ਤੇ ਲਾੜੀ ਨੂੰ ਲੈ ਕੇ ਘਰ ਆਇਆ ਤਾਂ ਲੋਕ ਨੱਚਣ ਲੱਗੇ ਅਤੇ ਸੈਲਫੀ ਲੈਣ ਲਈ ਭੀੜ ਇਕੱਠੀ ਹੋ ਗਈ।

## ਸੁਖਬੀਰ ਕੌਰ ਦੀ ਮਨੀਲਾ 'ਚ ਹੱਤਿਆ



**ਫਰੀਦਕੋਟ** : ਜ਼ਿਲ੍ਹਾ ਫਰੀਦਕੋਟ ਦੇ ਪਿੰਡ ਘਣੀਆਂਵਾਲਾ ਦੀ ਸੁਖਬੀਰ ਕੌਰ ਦੀ ਫਿਲਪੀਨਜ਼ ਦੇ ਮਨੀਲਾ ਵਿੱਚ ਹੱਤਿਆ ਕਰ ਦਿੱਤੀ ਗਈ। ਸੁਖਬੀਰ ਕੌਰ ਉੱਥੇ ਫਾਈਨਾਂਸ ਅਤੇ ਪੈਸੇ ਉਧਾਰ ਦੇਣ ਦਾ ਕਾਰੋਬਾਰ ਕਰਦੀ ਸੀ। ਉਹ ਪਰਵਾਰ ਸਮੇਤ ਮਨੀਲਾ ਵਿੱਚ ਰਹਿ ਰਹੀ ਸੀ। ਇਹ ਘਟਨਾ ਉਸ ਸਮੇਂ ਵਾਪਰੀ, ਜਦੋਂ ਉਹ ਫੀਲਡ ਵਿੱਚ ਗਾਹਕਾਂ ਤੋਂ ਕਿਸ਼ਤਾਂ ਇਕੱਠੀਆਂ ਕਰਨ ਲਈ ਗਈ ਹੋਈ ਸੀ। ਅਣਪਛਾਤੇ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦਾ ਪਤੀ ਇਕਬਾਲ ਸਿੰਘ ਘਣੀਆਂਵਾਲਾ ਆਇਆ ਹੋਇਆ ਸੀ। ਉਸ ਦੀ ਗੈਰ-ਮੌਜੂਦਗੀ ਵਿੱਚ ਸੁਖਬੀਰ ਕੌਰ ਹੀ ਕਾਰੋਬਾਰ ਸੰਭਾਲ ਰਹੀ ਸੀ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਮਾਲਵਾ ਇਲਾਕੇ (ਜਿਵੇਂ ਕਿ ਫਰੀਦਕੋਟ, ਮੋਗਾ ਅਤੇ ਬਠਿੰਡਾ) ਦੇ ਵੱਡੀ ਗਿਣਤੀ ਵਿੱਚ ਲੋਕ ਫਿਲਪੀਨਜ਼ ਜਾ ਰਹੇ ਹਨ। ਉੱਥੇ ਜਾ ਕੇ ਉਹ ਜ਼ਿਆਦਾਤਰ ਮਾਈਕਰੋ-ਫਾਈਨਾਂਸ (ਛੋਟੇ ਪੱਧਰ 'ਤੇ ਪੈਸੇ ਉਧਾਰ ਦੇਣ) ਦਾ ਕਾਰੋਬਾਰ ਕਰ ਰਹੇ ਹਨ।

## ਪੰਜ ਸੈਲਾਨੀਆਂ ਦੀ ਮੌਤ

**ਚੰਬਾ** : ਸੋਮਵਾਰ ਤੜਕਸਾਰ ਸੜਕ ਹਾਦਸੇ ਵਿੱਚ ਛੇ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਚਾਰ ਗੰਭੀਰ ਜ਼ਖਮੀ ਹੋ ਗਏ। ਮ੍ਰਿਤਕਾਂ ਵਿੱਚ ਗੁਜਰਾਤ ਦੇ ਇੱਕੋ ਪਰਵਾਰ ਦੇ ਪੰਜ ਸੈਲਾਨੀ ਅਤੇ ਗੱਡੀ ਦਾ ਡਰਾਈਵਰ ਮੰਡੀ ਜ਼ਿਲ੍ਹੇ ਦੇ ਜੋਗਿੰਦਰ ਨਗਰ ਦਾ ਜਸਵੰਤ ਸ਼ਾਮਲ ਹਨ। ਹਾਦਸਾ ਚੌਵਾੜੀ ਉਪ ਮੰਡਲ ਦੇ ਕਾਕੀੜਾ ਨੇੜੇ ਲਹਿਰੂ-ਡਲਹੌਜ਼ੀ ਸੜਕ 'ਤੇ ਵਾਪਰਿਆ ਜਦੋਂ ਗੱਡੀ ਬੇਕਾਬੂ ਹੋ ਕੇ ਡੂੰਘੀ ਖੱਡ ਵਿੱਚ ਜਾ ਡਿੱਗੀ।

## ਪੰਜਾਬੀ ਨਾਲੋਂ ਸੰਸਕ੍ਰਿਤ ਨੂੰ ਤਰਜੀਹ ਦਾ ਸਖਤ ਵਿਰੋਧ

**ਚੰਡੀਗੜ੍ਹ** : ਪੰਜਾਬ ਦੇ ਆਰਮੀ ਪਬਲਿਕ ਸਕੂਲਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਤੇ ਪੰਜਾਬੀ ਨੂੰ ਬਦਲਵਾਂ ਵਿਸ਼ਾ ਬਣਾਉਣ ਦੇ ਫੈਸਲੇ ਨੇ ਸੂਬੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਮਾਪਿਆਂ ਨੂੰ ਭੇਜੇ ਗਏ ਇੱਕ ਸੁਨੇਹੇ ਵਿੱਚ ਕਿਹਾ ਗਿਆ ਹੈ ਕਿ ਸਾਲ 2026-27 ਦੇ ਸੈਸ਼ਨ ਲਈ ਸੰਸਕ੍ਰਿਤ ਲਾਜ਼ਮੀ ਹੋਵੇਗੀ, ਜਦੋਂ ਕਿ ਪੰਜਾਬੀ ਪੜ੍ਹਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਤੋਂ ਸਹਿਮਤੀ ਪੱਤਰ ਲਿਆਉਣਾ ਪਵੇਗਾ। ਕਈ ਸਿਆਸੀ ਅਤੇ ਸੱਭਿਆਚਾਰਕ ਜਥੇਬੰਦੀਆਂ ਨੇ ਇਸ ਕਦਮ ਨੂੰ ਪੰਜਾਬੀ ਭਾਸ਼ਾ ਐਕਟ 2008 ਦੀ ਉਲੰਘਣਾ ਦੱਸਿਆ ਹੈ, ਜੋ ਸੂਬੇ ਦੇ ਸਾਰੇ ਸਕੂਲਾਂ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਪੜ੍ਹਾਉਣਾ ਲਾਜ਼ਮੀ ਬਣਾਉਂਦਾ ਹੈ।

ਫੌਜੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਦੇਸ਼ ਭਰ ਵਿੱਚ ਫੌਜੀਆਂ ਦੀਆਂ ਬਦਲੀਆਂ ਹੁੰਦੀਆਂ ਰਹਿੰਦੀਆਂ ਹਨ, ਇਸ • ਬਾਕੀ ਸਫਾ 2 'ਤੇ

## ਅੱਜ-ਨਾਮਾ

ਛਾਪਾ ਦਿੱਸਦਾ ਈ ਨਵਾਂ ਜਿਹਾ ਪੈਣ ਲੱਗਾ,
ਪਰਛਾਵੇਂ ਹੇਠ ਪੰਜਾਬੀ ਹੈ ਆਉਣ ਲੱਗੀ।
ਫਿਕਰ ਸੀਗਾ ਅੰਗਰੇਜ਼ੀ ਆ ਛਾਈ ਜਾਂਦੀ,
ਮੱਧਲੇ ਵਰਗ ਨੂੰ ਖਾਸ ਭਰਮਾਉਣ ਲੱਗੀ।
ਹਿੰਦੀ ਵੱਲੋਂ ਵੀ ਦਿਲੋਂ ਕੁਝ ਫਿਕਰ ਹੈਸੀ,
ਮੁਸੀਬਤ ਨਵੀਂ ਵੀ ਜ਼ੋਰ ਵਧਾਉਣ ਲੱਗੀ।
ਸੰਸਕ੍ਰਿਤ ਦੇ ਆਉਣ ਦੀ ਬਿੜਕ ਸੁਣਦੀ,
ਦਾਬਾ ਕਹਿੰਦੇ ਪੰਜਾਬੀ 'ਤੇ ਪਾਉਣ ਲੱਗੀ।
ਪੰਜਾਬੀ ਦਿੱਸੇ ਪੰਜਾਬ ਵਿੱਚ ਘਟੀ ਜਾਂਦੀ,
ਵਿਹੜੇ ਵਿੱਚ ਵੀ ਅਸਰ ਗੁਆਈ ਜਾਂਦੀ।
ਸੁੱਤੀ ਦਿੱਸਦੀ ਪੰਜਾਬੀਅਤ ਨੀਂਦ ਗੂੜ੍ਹੀ,
ਉਹਦਾ ਘਰ ਹੈ ਕੋਈ ਹਥਿਆਈ ਜਾਂਦੀ।

-ਤੀਸ ਮਾਰ ਖਾਂ

## ਟਰੰਪ ਵੱਲੋਂ ਈਰਾਨ ਦੀ ਅਮਨ ਤਜਵੀਜ਼ ਰੱਦ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮਹੀਨਿਆਂ ਤੋਂ ਜਾਰੀ ਜੰਗ ਨੂੰ ਖਤਮ ਕਰਨ ਲਈ ਈਰਾਨ ਵੱਲੋਂ ਭੇਜੀ ਗਈ ਸ਼ਾਂਤੀ ਤਜਵੀਜ਼ ਨੂੰ ਇੱਕਵਾਢਿਓਂ ਰੱਦ ਕਰ ਦਿੱਤਾ ਹੈ। ਹਾਲਾਂਕਿ ਟਰੰਪ ਨੇ ਇਸ ਤਜਵੀਜ਼ ਦੇ ਵੇਰਵਿਆਂ ਬਾਰੇ ਕੋਈ ਖੁਲਾਸਾ ਨਹੀਂ ਕੀਤਾ, ਪਰ ਉਨ੍ਹਾ ਦੇ ਇਸ ਸਖਤ ਰੁਖ਼ ਨੇ ਤੇਲ ਸਪਲਾਈ ਦੇ ਅਹਿਮ ਸਮੁੰਦਰੀ ਰਸਤੇ ਹਾਰਮੁਜ਼ ਜਲਡਮਰੂ ਨੂੰ ਲੈ ਕੇ ਚੱਲ ਰਹੇ ਵਿਵਾਦ ਨੂੰ ਸੁਲਝਾਉਣ ਦੀਆਂ ਉਮੀਦਾਂ ਨੂੰ ਵੱਡਾ ਝਟਕਾ ਦਿੱਤਾ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਿਖਿਆ, "ਮੈਂ ਈਰਾਨ ਦੇ ਅਖੌਤੀ ਨੁਮਾਇੰਦਿਆਂ ਦਾ ਜਵਾਬ ਪੜ੍ਹਿਆ ਹੈ, ਮੈਨੂੰ ਇਹ ਬਿਲਕੁਲ ਪਸੰਦ ਨਹੀਂ ਆਇਆ। ਇਹ ਪੂਰੀ ਤਰ੍ਹਾਂ ਨਾਮਨਜ਼ੂਰ ਹੈ!" ਉਨ੍ਹਾ ਦੋਸ਼ ਲਾਇਆ ਕਿ ਈਰਾਨ ਪਿਛਲੇ 50 ਸਾਲਾਂ ਤੋਂ ਅਮਰੀਕਾ ਨਾਲ ਖੇਡਾਂ ਖੇਡ ਰਿਹਾ ਹੈ, ਪਰ ਹੁਣ ਅਜਿਹਾ ਹੋਰ ਨਹੀਂ ਚੱਲੇਗਾ।



## ਤਰਕਸ਼ੀਲ ਸੁਸਾਇਟੀ ਦੀ ਸਾਹਿਤਕ ਵੈਨ ਛਾਜਲੀ ਦੇ ਸਕੂਲਾਂ 'ਚ ਪੁੱਜੀ



**ਦਿੜ੍ਹਬਾ (ਜਸਵੀਰ ਲਾਡੀ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸਕੂਲਾਂ ਤੇ ਪਿੰਡਾਂ ਵਿੱਚ ਆਪਣੀ ਸਾਹਿਤਕ ਵੈਨ ਰਾਹੀਂ ਤਰਕਸ਼ੀਲ ਸਾਹਿਤ ਤੇ ਹੋਰ ਅਗਾਂਹਵਧੂ ਸਾਹਿਤ ਨਾਲ ਜੋੜਨ ਦਾ ਪ੍ਰਚਾਰ ਕਰਨ ਦੀ ਲੜੀ ਤਹਿਤ ਸਕੂਲ ਆਫ਼ ਐਮੀਨੈਂਸ ਛਾਜਲੀ ਤੇ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਵਿਖੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਆਪੋ-ਆਪਣੀ ਸਮਝ ਮੁਤਾਬਿਕ ਸਾਹਿਤ ਖ਼ਰੀਦਿਆ।ਇਸ ਮੌਕੇ ਵੈਨ ਇੰਚਾਰਜ ਜਸਵੀਰ ਸੋਨੀ ਨੇ ਸਵੇਰ ਦੀ ਸਭਾ ਮੌਕੇ ਵਿਦਿਆਰਥੀਆਂ ਨੂੰ ਸਾਹਿਤ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਤੇ ਜਾਦੂ ਦੇ ਟਰਿੱਕ ਪੇਸ਼ ਕੀਤੇ।ਐਮੀਨੈਂਸ ਸਕੂਲ ਦੇ ਪ੍ਰਿੰਸੀਪਲ ਗੁਰਵਿੰਦਰ ਸਿੰਘ ਤੇ ਹੋਲੀ ਹਾਰਟ ਸਕੂਲ ਦੇ ਐੱਮ. ਡੀ. ਮਨਦੀਪ ਚੱਠਾ ਨੇ ਤਰਕਸ਼ੀਲ ਸੁਸਾਇਟੀ ਦੇ ਇਸ ਕਦਮ ਨੂੰ ਇੱਕ ਵਧੀਆ ਉਪਰਲਾ ਦੱਸਿਆ ਕਿ ਇੱਕ ਚੰਗਾ ਸਾਹਿਤ ਹੀ ਇੱਕ ਚੰਗੇ ਸਮਾਜ ਦੀ ਸਿਰਜਣਾ ਕਰ ਸਕਦਾ।ਸੁਸਾਇਟੀ ਦੇ ਛਾਜਲੀ ਇਕਾਈ ਜਥੇਬੰਦਕ ਮੁੱਖ ਲਾਭ ਸਿੰਘ ਛਾਜਲਾ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਕਈ ਤਰ੍ਹਾਂ ਦੀਆਂ ਸਰਗਰਮੀਆਂ ਹੁੰਦੀਆਂ ਰਹਿੰਦੀਆਂ ਹਨ, ਉਹ ਚਾਹੇ ਨਾਟਕ ਮੇਲੇ ਹੋਣ ਜਾਂ ਇਸ ਤਰ੍ਹਾਂ ਦੇ ਸਾਹਿਤ ਨੂੰ ਲੋਕਾਂ ਨਾਲ ਸਾਂਝਾ ਕਰਕੇ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਦੂਰ ਕਰਨ ਉਪਰਲੇ ਕੀਤੇ ਜਾਂਦੇ ਹਨ।ਇਸ ਮੌਕੇ ਤਾਰਾ ਸਿੰਘ, ਸਿਕੰਦਰ ਨਾਸਤਿਕ, ਬੀਰਬਲ ਸਿੰਘ ਛਾਜਲਾ, ਮਾਸਟਰ ਜਸਵਿੰਦਰ ਸਿੰਘ ਤੇ ਦੋਹਾਂ ਸਕੂਲਾਂ ਦਾ ਸਮੂਹ ਸਟਾਫ ਹਾਜ਼ਰ ਸੀ।

## ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵੱਲੋਂ ਧਾਰਮਿਕ ਟੂਰ



**ਬਠਿੰਡਾ (ਰਾਜੀਵ ਗੋਇਲ)**-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵੱਲੋਂ ਬੱਚਿਆਂ ਦੇ ਮਨੋਰੰਜਨ ਤੇ ਧਾਰਮਿਕ ਵਿੱਦਿਆ 'ਚ ਵਾਧਾ ਕਰਨ ਲਈ ਇਕ ਰੋਜ਼ਾ ਧਾਰਮਿਕ ਟੂਰ ਲਗਾਇਆ ਗਿਆ, ਜਿਸ ਨੂੰ ਸਕੂਲ ਦੇ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਤੇ ਚੇਅਰਮੈਨ ਭੂਮੀ ਪਾਲ ਕਾਂਗੜ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਟੂਰ ਦੌਰਾਨ ਸੰਤ ਬਾਬਾ ਪ੍ਰਦੀਪ ਸਿੰਘ ਜੀ ਗਊਸ਼ਾਲਾ ਬੱਧਨੀ ਕਲਾਂ ਨੇ ਬੱਚਿਆਂ ਨੂੰ ਸਿਮਰਨ ਕਰਵਾ ਕੇ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ। ਬੱਚਿਆਂ ਨੇ ਸਿਮਰਨ ਕਰਕੇ ਬਹੁਤ ਅਨੰਦ ਮਾਣਿਆ। ਬਾਬਾ ਜੀ ਨੇ ਬੱਚਿਆਂ ਨੂੰ ਅਸ਼ੀਰਵਾਦ ਤੇ ਪਿਆਰ ਦਿੱਤਾ। ਇਸ ਤੋਂ ਬਾਅਦ ਬੱਚਿਆਂ ਨੇ ਬੱਧਨੀ ਕਲਾਂ ਠਾਠ, ਭਿਆਣਾ ਸਾਹਿਬ, ਲੋਪੋਂ, ਮੈਹਦੀਆਣਾ ਸਾਹਿਬ, ਨਾਨਕਸਰ ਠਾਠ ਜਗਰਾਓਂ ਤੇ ਗੁਰਦੁਆਰਾ ਤਖਤੂਪੁਰਾ ਸਾਹਿਬ ਵਿਖੇ ਦਰਸ਼ਨ ਕੀਤੇ। ਟੂਰ ਦੌਰਾਨ ਬੱਚਿਆਂ ਨੇ ਇਤਿਹਾਸਕ ਗੁਰਦੁਆਰਿਆਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਭਰਪੂਰ ਆਨੰਦ ਮਾਣਿਆ। ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਸੰਧਵਾਂ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸਾਂ ਰਵਾਨਾ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਦੁਆਰੇਆਣਾ ਤੇ ਪਿੰਡ ਕੋਠੇ ਇੰਦਰ ਸਿੰਘ ਤੋਂ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਤੀਰਥ ਯਾਤਰਾ ਲਈ ਬੱਸਾਂ ਨੂੰ ਰਵਾਨਾ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕ ਸੇਵਾ ਦਾ ਇਹ ਵੱਡਾ ਮੌਕਾ ਮਿਲਿਆ ਹੈ।ਉਨ੍ਹਾਂ ਕਿਹਾ ਕਿ ਸੇਵਕ ਕੋ ਸੇਵਾ ਵਡਿਆਈ ਦੇ ਸਿਧਾਂਤ ਅਨੁਸਾਰ ਸੰਗਤ ਦੀ ਸੇਵਾ ਕਰਨਾ ਸਭ ਤੋਂ ਵੱਡਾ ਸੁਭਾਗ ਹੈ ਤੇ ਇਸ ਸੇਵਾ ਰਾਹੀਂ ਲੋਕਾਂ ਦੀਆਂ ਅਸੀਸਾਂ ਪ੍ਰਾਪਤ ਹੁੰਦੀਆਂ ਹਨ।ਸਪੀਕਰ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਰਾਹੀਂ ਉਨ੍ਹਾਂ ਮਾਤਾਵਾਂ, ਭੈਣਾਂ ਤੇ ਬਜ਼ੁਰਗਾਂ ਦੇ ਸੁਪਨੇ ਸਾਕਾਰ ਹੋ ਰਹੇ ਹਨ, ਜਿਨ੍ਹਾਂ ਲਈ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨਾ ਸਿਰਫ਼ ਇੱਕ ਖ਼ਾਹਿਸ਼ ਹੀ ਬਣ ਕੇ ਰਹਿ ਜਾਂਦਾ ਸੀ।ਪੰਜਾਬ ਸਰਕਾਰ ਵੱਲੋਂ ਇਹ ਬਹੁਤ ਵੱਡੀ ਸੇਵਾ ਕੀਤੀ ਜਾ ਰਹੀ ਹੈ, ਜਿਸ ਨਾਲ ਆਮ ਲੋਕਾਂ ਨੂੰ ਧਾਰਮਿਕ ਯਾਤਰਾ ਦੀ ਸਹੂਲਤ ਮਿਲ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਯਾਤਰਾਵਾਂ ਸਿਰਫ਼ ਧਾਰਮਿਕ ਨਹੀਂ, ਸਗੋਂ ਆਤਮਿਕ ਸ਼ਾਂਤੀ ਤੇ ਸਮਾਜਕ ਏਕਤਾ ਦਾ ਵੀ ਵੱਡਾ ਸਾਧਨ ਹਨ।ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

## ਬੀ ਕੇ ਯੂ ਏਕਤਾ ਡਕੌਂਦਾ ਦੀਆਂ ਬਲਾਕ ਇਕਾਈਆਂ ਦੀ ਮੀਟਿੰਗ

### 15 ਮਈ ਦੀ ਚੰਡੀਗੜ੍ਹ ਰੈਲੀ 'ਚ ਸ਼ਾਮਲ ਹੋਣ ਦਾ ਫੈਸਲਾ



**ਜਗਰਾਉਂ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਬਲਾਕ ਸਿੱਧਵਾਂ ਬੇਟ ਦੀਆਂ ਇਕਾਈਆਂ ਦੀ ਵੱਧਵੀਂ ਮੀਟਿੰਗ ਪਿੰਡ ਸੇਖਦੌਲਤ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ।ਮੀਟਿੰਗ ਵਿੱਚ ਸਭ ਤੋਂ ਪਹਿਲਾਂ ਉੱਘੇ ਲੋਕ ਪੱਖੀ ਇਤਿਹਾਸਕਾਰ ਮਾਲਵਿੰਦਰਜੀਤ ਸਿੰਘ ਵੜੈਚ ਦੇ ਵਿਛੋੜੇ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਬਲਾਕ ਪ੍ਰਧਾਨ ਜਗਜੀਤ ਸਿੰਘ ਕਲੇਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜ਼ਿਲ੍ਹਾ ਸੱਕਤਰ ਇੰਦਰਜੀਤ ਸਿੰਘ ਧਾਲੀਵਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਵਿੱਚ ਬੰਜਰ ਬਨਣ ਜਾ ਰਹੀ ਪੰਜਾਬ ਦੀ ਧਰਤੀ ਨੂੰ ਬਚਾਉਣ, ਬੀ ਬੀ ਐੱਮ ਬੀ ਦੀ ਖੁੱਸੀ ਮਾਲਕੀ ਬਹਾਲ ਕਰਾਉਣ, ਪੰਜਾਬ 'ਚ ਵਗਦੇ ਦਰਿਆਵਾਂ ਦੇ ਪਾਣੀ ਤੇ ਪੰਜਾਬ ਦਾ ਪੂਰਾ ਹੱਕ ਸਥਾਪਤ ਕਰਨ, ਬਾਹਰਲੇ ਸੂਬਿਆਂ ਨੂੰ ਜਾਂਦੇ ਪਾਣੀ ਦੀ ਰਿਆਲਿਟੀ ਹਾਸਲ ਕਰਨ, ਨਹਿਰੀ ਪਾਣੀ ਹਰ ਖੇਤ ਤੱਕ ਪੁਚਾਉਣ, ਫ਼ਸਲੀ ਚੱਕਰ ਬਦਲਾਉਣ ਲਈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 15 ਮਈ ਨੂੰ ਚੰਡੀਗੜ੍ਹ ਵਿਖੇ ਕੀਤੇ ਜਾ ਰਹੇ ਮੁਜ਼ਾਹਰੇ 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।ਇਸ ਸਮੇਂ ਅਮਰੀਕਾ ਨਾਲ ਵਪਾਰ ਸਮਝੌਤੇ ਦਾ ਦੇਸ਼ ਦੇ ਖੇਤੀ ਅਰਥਚਾਰੇ 'ਤੇ ਪੈਣ ਜਾ ਰਹੇ ਮਾੜੇ ਅਸਰਾਂ ਦੀ ਖੁੱਲ੍ਹ ਕੇ ਚਰਚਾ ਕਰਦਿਆਂ ਇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਗਈ।ਮੀਟਿੰਗ ਵਿੱਚ ਸਾਉਣੀ ਦੀ ਫ਼ਸਲ ਲਈ ਸਹਿਕਾਰੀ ਸਭਾਵਾਂ ਵੱਲੋਂ ਹੱਦ ਕਰਜ਼ੇ ਦੇ ਮਸਲੇ ਤੇ ਕਿਸਾਨਾਂ ਨੂੰ ਪਿੰਡਾਂ 'ਚ ਲਗਾਤਾਰ ਪ੍ਰੇਸ਼ਾਨ ਕਰਨ ਦੀ ਵੀ ਸਖ਼ਤ ਨਿੰਦਾ ਕੀਤੀ ਗਈ।ਮੀਟਿੰਗ ਨੇ ਪੰਦਰਾਂ ਮਈ ਤੱਕ ਇਹ ਹੱਦ ਵਧਾਉਣ ਤੇ ਅਦਾ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।ਇਸ ਤੋਂ ਬਿਨਾਂ ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਨਵੀਂ ਖੇਤੀ ਨੀਤੀ ਤੁਰੰਤ ਐਲਾਨਣ ਦੀ ਮੰਗ ਕੀਤੀ ਹੈ।

## ਹਰਕੇਸ਼ ਚੌਧਰੀ ਦੀ ਸੇਵਾ-ਮੁਕਤੀ ਸੰਬੰਧੀ ਸਮਾਗਮ



**ਲੁਧਿਆਣਾ (ਸਤੀਸ਼ ਸਚਦੇਵਾ)**-ਮੁੱਲਾਂਪੁਰ ਦਾਖਾ ਅੰਬੇਡਕਰ ਭਵਨ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਲਲਤੋਂ ਕਲਾਂ ਤੋਂ ਸੇਵਾਮੁਕਤ ਹੋਏ ਸ੍ਰੀ ਹਰਕੇਸ਼ ਚੌਧਰੀ ਲੈਕਚਰਾਰ ਦੇ ਸਨਮਾਨ ਵਿੱਚ ਇੱਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਇਸ ਵਿੱਚ ਦੋ ਕੋਰਿਓਗ੍ਰਾਫੀਆਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਕੀਤੀਆਂ ਗਈਆਂ।ਇਹ ਦੱਸਣਯੋਗ ਹੈ ਕਿ ਜਦੋਂ ਹਰਕੇਸ਼ ਜੀ ਨੇ 1997 ਵਿੱਚ ਅਧਿਆਪਨ ਦਾ ਕਾਰਜ ਸ਼ੁਰੂ ਕੀਤਾ, ਭਾਅ ਜੀ ਗੁਰਸ਼ਰਨ ਸਿੰਘ ਦੀ ਸੰਗਤ ਵਿੱਚ ਆਉਣ ਨਾਲ ਤਕਰੀਬਨ 10 ਸਾਲ ਪਿੰਡ ਪਿੰਡ, ਸ਼ਹਿਰ ਸ਼ਹਿਰ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਲੋਕਪੱਖੀ ਨਾਟਕ, ਕੋਰਿਓਗ੍ਰਾਫੀਆਂ ਖੇਡ ਕੇ ਲੋਕਾਂ ਦੀ ਸੋਚ ਨੂੰ ਬਦਲਣ ਲਈ ਵਿਗਿਆਨਕ, ਇਨਕਲਾਬੀ ਵਿਚਾਰਧਾਰਾ ਨੂੰ ਅਪਨਾਉਣ ਦਾ ਹੋਕਾ ਦਿੱਤਾ। ਕੈਨੇਡਾ ਵਿੱਚ ਪਿਛਲੇ ਸਾਲਾਂ ਦੌਰਾਨ ਵੱਖ-ਵੱਖ ਸ਼ਹਿਰਾਂ ਵਿੱਚ ਨਾਟਕਾਂ ਦੇ ਸ਼ੋਅ ਕੀਤੇ।ਇਸ ਸਮਾਗਮ ਵਿੱਚ ਸ਼ੋਮਣੀ ਨਾਟਕਕਾਰ ਕੇਵਲ ਧਾਲੀਵਾਲ ਹੁਰਾਂ ਉਨ੍ਹਾਂ ਨੂੰ ਪੁਸਤਕ ਭੇਟ ਕੀਤੀ ਤੇ ਕਿਹਾ ਕਿ ਹੁਣ ਹਰਕੇਸ਼ ਕੁਲਵਕਤੀ ਬਣ ਕੇ ਜ਼ਿਆਦਾ ਸਮਾਂ ਇਨਕਲਾਬੀ ਲਹਿਰ ਦੇ ਲੇਖੇ ਲਾਵੇਗਾ।ਪੰਜਾਬ ਲੋਕ ਸੱਭਿਆਚਾਰ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਜਨਰਲ ਸਕੱਤਰ ਕੰਵਲਜੀਤ ਖੰਨਾ, ਕਸਤੂਰੀ ਲਾਲ, ਮਾਸਟਰ ਜੋਗਿੰਦਰ ਆਜ਼ਾਦ, ਜਸਦੇਵ ਲਲਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰੋਫੈਸਰ ਜਗਮੋਹਨ ਸਿੰਘ, ਸ਼ਬਦੀਸ਼, ਅਨੀਤਾ ਨੇ ਮੁਬਾਰਕਬਾਦ ਦਿੱਤੀ।ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਜਗਦੀਪ ਕੌਰ ਸਿੱਧੂ ਨੇ ਵਿਚਾਰ ਪੇਸ਼ ਕਰਦਿਆਂ ਹਰਕੇਸ਼, ਅੰਜੂ ਚੌਧਰੀ ਦੇ ਕੰਮਾਂ ਦੀ ਪ੍ਰਸੰਸਾ ਕੀਤੀ।ਸਮਾਗਮ ਵਿੱਚ ਹਾਜ਼ਰ ਦੋਸਤਾਂ, ਮਿੱਤਰਾਂ ਨੇ ਯਾਦਗਾਰੀ ਚਿੰਨ੍ਹ ਵਜੋਂ ਪਿਆਰ ਨਿਸ਼ਾਨੀਆਂ ਦੇ ਕੇ ਸਮਾਗਮ ਨੂੰ ਚਾਰ ਚੰਦ ਲਾਏ। ਅਧਿਆਪਕ ਕਰਮਜੀਤ ਗਰੇਵਾਲ, ਸੁਰਿੰਦਰ ਕੌਰ ਢੁੱਡੀਕੇ, ਡਾਕਟਰ ਰਾਜੀਵ ਸ਼ਰਮਾ, ਅਮਰੀਕ ਤਲਵੰਡੀ, ਅਨੂਪ ਸਿੰਘ, ਚੇਤਨ ਸ਼ਰਮਾ, ਜਸਵੰਤ ਜੀਰਖ, ਸਤੀਸ਼ ਸਚਦੇਵਾ, ਤੇਲੂ ਰਾਮ ਬਾਂਸਲ, ਪ੍ਰਧਾਨ ਜਸਵਿੰਦਰ ਸਿੰਘ ਹੈਪੀ, ਦੀਪਕ ਰਾਏ ਤੇ ਪ੍ਰਗਟ ਸਿੰਘ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਾਲ ਭਰ ਕਰਵਾਏ ਜਾਣਗੇ ਸਮਾਗਮ : ਦੀਪਕ ਬਾਲੀ

### ਫਗਵਾੜਾ ਤੇ ਕਪੂਰਥਲਾ ਵਿਖੇ ਵੀ ਹੋਣਗੇ ਰਾਜ ਪੱਧਰੀ ਸਮਾਗਮ




**ਕਪੂਰਥਲਾ** : ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਤੇ ਡਿਪਟੀ ਕਮਿਸ਼ਨਰ ਆਕਾਸ਼ ਬਾਂਸਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸ੍ਰੀ ਗੁਰੂ ਰਵਿਦਾਸ ਜੀ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਪੂਰਥਲਾ ਅਤੇ ਫਗਵਾੜਾ ਵਿਖੇ ਮਈ ਮਹੀਨੇ ਦੇ ਵਿੱਚ ਹੋਣ ਵਾਲੇ ਰਾਜ ਪੱਧਰੀ ਸਮਾਗਮਾਂ ਦੀਆਂ ਤਿਆਰੀਆਂ ਸੰਬੰਧੀ ਵਿਸ਼ੇਸ਼ ਬੈਠਕ ਕੀਤੀ। ਇਸ ਮੌਕੇ ਉਹਨਾ ਦੇ ਨਾਲ ਐੱਸ ਐੱਸ ਪੀ ਗੌਰਵ ਧੂਰਾ ਅਤੇ ਜਿਲਾ ਪ੍ਰਧਾਨਾਂ ਸਮੇਤ ਪਾਰਟੀ ਦੇ ਵੱਖ-ਵੱਖ ਅਹੁਦੇਦਾਰ ਵੀ ਸ਼ਾਮਿਲ ਸਨ।

ਇਸ ਦੌਰਾਨ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੜੀਵਾਰ ਸਮਾਗਮ ਕਰਵਾਏ ਜਾਣਗੇ। ਇਸ ਦੇ ਤਹਿਤ ਕਪੂਰਥਲਾ ਅਤੇ ਫਗਵਾੜਾ ਵਿਖੇ ਵੀ ਮਈ ਮਹੀਨੇ ਦੇ ਵਿੱਚ ਰਾਜ ਪੱਧਰੀ ਸਮਾਗਮ ਹੋਣਗੇ, ਜਿਸ ਦੀਆਂ ਤਰੀਕਾਂ ਸੰਬੰਧੀ ਬਾਅਦ ਦੇ ਵਿੱਚ ਜਾਣਕਾਰੀ ਮੁਹੱਈਆ ਕਰਾਈ ਜਾਵੇਗੀ। ਉਹਨਾ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦੇ ਹਨ ਕਿ ਉਨ੍ਹਾ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦਾ ਸੁਭਾਗ ਹਾਸਲ ਹੋਇਆ ਹੈ।ਉਹਨਾ ਕਿਹਾ ਕਿ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਸਮਾਗਮ ਦੀਆਂ ਤਿਆਰੀਆਂ ਦਾ ਜ਼ਿਕਰ ਕਰਦਿਆਂ ਉਹਨਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਯੋਜਨਾ ਉਲੀਕੀ ਗਈ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਨੇ ਸਮੁੱਚੀ ਮਨੁੱਖਤਾ ਦੀ ਭਲਾਈ ਅਤੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ ਅਤੇ ਅਜਿਹੇ ਸਮਾਨਤਾਵਾਦੀ ਸਮਾਜ ਦੀ ਨੀਂਹ ਰੱਖੀ ਜਿੱਥੇ ਕੋਈ ਵੀ ਦੁਖੀ ਨਾ ਹੋਵੇ। ਉਹਨਾ ਸਮੂਹ ਸੰਤ ਸਮਾਜ ਨੂੰ 650ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਵਵਿਆਪੀ ਜਸ਼ਨਾਂ ਲਈ ਮਾਰਗ-ਦਰਸ਼ਨ ਕਰਨ ਅਤੇ ਸੁਝਾਅ ਦੇਣ ਦੀ ਅਪੀਲ ਵੀ ਕੀਤੀ।ਉਹਨਾ ਕਿਹਾ ਕਿ ਸਾਲ ਭਰ ਚੱਲਣ ਵਾਲੇ ਜਸ਼ਨਾਂ ਵਿੱਚ ਸੈਮੀਨਾਰ ਅਤੇ ਵਰਕਸ਼ਾਪਾਂ, ਵਿਸ਼ੇਸ਼ ਕੀਰਤਨ ਸਮਾਗਮ, ਤੀਰਥ ਯਾਤਰਾ, ਸਕੂਲ ਵਾਰ ਮੁਕਾਬਲੇ, ਦਸਤਾਵੇਜ਼ੀ ਸ਼ੋਅ, ਡਰੋਨ ਸ਼ੋਅ, ਖ਼ੂਨਦਾਨ ਕੈਂਪ, ਪੌਦੇ ਲਾਉਣ ਦੀ ਮੁਹਿੰਮ ਚਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ।ਇਸ ਤੋਂ ਇਲਾਵਾ ਗੁਰੂ ਰਵਿਦਾਸ ਜੀ ਬਗੀਚੀਆਂ ਦੀ ਸਥਾਪਨਾ ਪੰਜਾਬ ਭਰ ਵਿੱਚ ਕੁੱਲ 650 ਏਕੜ ਪੰਚਾਇਤੀ ਜ਼ਮੀਨ 'ਤੇ ਪ੍ਰਤੀ ਜ਼ਿਲ੍ਹਾ ਔਸਤਨ 6.50 ਲੱਖ ਪੌਦੇ ਲਾਉਣ ਦੀ ਮੁਹਿੰਮ ਦੇ ਨਾਲ-ਨਾਲ ਮੈਰਾਥਨ, ਸ਼ੋਭਾ ਯਾਤਰਾਵਾਂ, ਸਾਈਕਲ ਰੈਲੀਆਂ ਅਤੇ ਹੋਰਨਾਂ ਪ੍ਰੋਗਰਾਮਾਂ ਰਾਹੀਂ ਕੀਤੀ ਜਾਵੇਗੀ।ਮੁੱਖ ਸਮਾਗਮ ਵਿੱਚ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਪ੍ਰਦਰਸ਼ਨੀ ਦਾ ਉਦਘਾਟਨ, ਕਥਾ ਅਤੇ ਕੀਰਤਨ ਦਰਬਾਰ, ਸ੍ਰੀ ਗੁਰੂ ਰਵਿਦਾਸ ਜੀ ਦੇ ਯੋਗਦਾਨ ਨੂੰ ਸਮਰਪਿਤ ਸੰਤ ਸੰਮੇਲਨ, ਮੀਨਾਰ-ਏ-ਬੇਗਮਪੁਰਾ ਵਿਖੇ 3ਡੀ ਪ੍ਰੋਜੈਕਸ਼ਨ, ਡਰੋਨ ਸ਼ੋਅ, ਗੁਰੂ ਰਵਿਦਾਸ ਜੀ ਦੀ ਬਾਣੀ 'ਤੇ ਕਾਨਫਰੰਸ ਅਤੇ ਹੋਰ ਪ੍ਰੋਗਰਾਮ ਸ਼ਾਮਲ ਹੋਣਗੇ।ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਰਬਜੀਤ ਸਿੰਘ ਲੁਬਾਣਾ, ਕਪੂਰਥਲਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਬੀਰ ਸਿੰਘ ਚੰਦੀ, ਫਗਵਾੜਾ ਤੋਂ ਹਲਕਾ ਇੰਚਾਰਜ ਹਰਨੂਰ ਸਿੰਘ ਹਰਜੀ ਮਾਨ, ਸੁਲਤਾਨਪੁਰ ਲੋਧੀ ਤੋਂ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਤੋਂ ਇਲਾਵਾ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।

## ਪੀ ਜੀ ਆਈ ਵੱਲੋਂ ਬੱਚਿਆਂ ਦੀਆਂ ਅੱਖਾਂ ਦੇ ਕੈਂਸਰ ਬਾਰੇ ਜਾਗਰੂਕਤਾ ਰੈਲੀ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਵੱਲੋਂ ਬੱਚਿਆਂ ਦੀਆਂ ਅੱਖਾਂ ਦੇ ਕੈਂਸਰ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨ ਸੰਬੰਧੀ ਰੇਟੀਨੋਬਲਾਸਟੋਮਾ ਜਾਗਰੂਕਤਾ ਵਾਕਥਾਨ ਸਪਤਾਹ ਦਾ ਆਯੋਜਨ ਕੀਤਾ ਗਿਆ।ਇਹ ਪ੍ਰੋਗਰਾਮ ਵਿਸ਼ਵ ਰੇਟੀਨੋਬਲਾਸਟੋਮਾ ਜਾਗਰੂਕਤਾ ਹਫ਼ਤਾ ਦੇ ਤਹਿਤ ਰੌਕ ਗਾਰਡਨ ਚੰਡੀਗੜ੍ਹ ਵਿਖੇ ਕਰਵਾਇਆ ਗਿਆ।ਇਸ ਦਾ ਮੁੱਖ ਉਦੇਸ਼ ਰੇਟੀਨੋਬਲਾਸਟੋਮਾ ਬਾਰੇ ਜਲਦੀ ਪਛਾਣ, ਸਮੇਂ ਸਿਰ ਇਲਾਜ ਤੇ ਬੱਚਿਆਂ ਲਈ ਸਹਾਇਤਾ ਬਾਰੇ ਜਾਗਰੂਕਤਾ ਫੈਲਾਉਣਾ ਸੀ।ਰੇਟੀਨੋਬਲਾਸਟੋਮਾ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਪੀਜੀਆਈ ਦੇ ਡਾਕਟਰਾਂ ਨੇ ਦੱਸਿਆ ਕਿ ਇਹ ਬਚਪਨ ਵਿੱਚ ਹੋਣ ਵਾਲਾ ਸਭ ਤੋਂ ਆਮ, ਪਰ ਜੇ ਜਲਦੀ ਪਛਾਣ ਹੋ ਜਾਵੇ ਤਾਂ ਪੂਰੀ ਤਰ੍ਹਾਂ ਠੀਕ ਹੋ ਸਕਣ ਵਾਲਾ ਅੱਖਾਂ ਦਾ ਕੈਂਸਰ ਹੈ।ਇਹ ਅਕਸਰ ਅੱਖ ਵਿੱਚ ਸਫ਼ੈਦ ਚਮਕ ਵਜੋਂ ਦਿਖਾਈ ਦਿੰਦਾ ਹੈ, ਜੋ ਰਾਤ ਵਿੱਚ ਬਿੱਲੀ ਦੀਆਂ ਅੱਖਾਂ ਦੀ ਚਮਕ ਵਰਗੀ ਲੱਗਦੀ ਹੈ।ਇਸ ਕਰਕੇ ਇਸ ਨੂੰ ਕੈਟਸ ਆਈ ਰਿਫਲੈਕਸ ਵੀ ਕਿਹਾ ਜਾਂਦਾ ਹੈ। ਦੁਨੀਆ ਨਾਲ ਤੁਲਨਾ ਕਰਨ ਤੇ ਭਾਰਤ ਵਿੱਚ ਇਸ ਬਿਮਾਰੀ ਦੇ ਕੇਸ ਵੱਧ ਹਨ।ਇਸ ਰੈਲੀ ਵਿੱਚ ਸਿਵਲ ਹਸਪਤਾਲ ਸੈਕਟਰ-6 ਪੰਚਕੂਲਾ, ਡਾ. ਬੀ. ਆਰ. ਅੰਬੇਡਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਮੋਹਾਲੀ, ਸਰਕਾਰੀ ਹਸਪਤਾਲ ਚੰਡੀਗੜ੍ਹ-32 ਤੇ 16 ਦੇ ਡਾਕਟਰਾਂ ਦੇ ਨਾਲ-ਨਾਲ ਆਮ ਲੋਕ, ਫੈਕਲਟੀ, ਰੈਜ਼ੀਡੈਂਟ, ਆਪਟੋਮੈਟ੍ਰਿਸਟ, ਨਰਸਿੰਗ ਸਟਾਫ, ਆਂਕੋਲੋਜੀ ਟੀਮ ਤੇ ਪੀਜੀਆਈ ਦੇ ਹੋਰ ਵਿਭਾਗਾਂ ਜਿਵੇਂ ਐਡਵਾਂਸਡ ਪੀਡੀਆਟ੍ਰਿਕ ਸੈਂਟਰ ਤੇ ਇੰਟਰਵੇਂਸ਼ਨਲ ਨਿਊਰੋਰੇਡੀਓਲੋਜੀ ਦੇ ਮੈਂਬਰਾਂ ਨੇ ਭਾਗ ਲਿਆ।ਇਸ ਵਾਕਥਾਨ ਨੂੰ ਪੀਜੀਆਈ ਚੰਡੀਗੜ੍ਹ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ, ਨੇਤ੍ਰ ਵਿਭਾਗ ਦੇ ਮੁਖੀ ਪ੍ਰੋ. ਐੱਸ. ਐੱਸ. ਪਾਂਡਵ, ਪ੍ਰੋ. ਊਸ਼ਾ ਸਿੰਘ (ਰੇਟੀਨੋਬਲਾਸਟੋਮਾ ਕਲਿਨਿਕ ਇੰਚਾਰਜ), ਡਾ. ਮਨੂ ਸੈਣੀ, ਪ੍ਰੋ. ਦੀਪਕ ਬੰਸਲ (ਪੀਡੀਆਟ੍ਰਿਕ ਆਂਕੋਲੋਜਿਸਟ) ਤੇ ਡਾ. ਭਾਵਿਤਾ ਨੇ ਝੰਡੀ ਦਿਖਾ ਕੇ ਰਵਾਨਾ ਕੀਤਾ।ਚੰਡੀਗੜ੍ਹ ਦੇ ਥੀਏਟਰ ਆਰਟਸ ਦੇ ਡਾਇਰੈਕਟਰ ਰਾਜੀਵ ਮਹਿਤਾ ਤੇ ਉਨ੍ਹਾਂ ਦੀ ਟੀਮ ਨੇ ਸੁਖਨਾ ਝੀਲ ਵਿਖੇ ਨੁੱਕੜ ਨਾਟਕ ਪੇਸ਼ ਕੀਤਾ, ਜਿਸ ਰਾਹੀਂ ਬੱਚਿਆਂ ਵਿੱਚ ਅੱਖਾਂ ਦੇ ਕੈਂਸਰ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

## ਕੀਮਤੀ ਸਾਮਾਨ ਵਾਲਾ ਬੈਗ ਕੀਤਾ ਵਾਰਿਸਾਂ ਹਵਾਲੇ



**ਮੱਖੂ (ਰਛਪਾਲ ਸਿੰਘ ਸੰਧੂ)**-ਰਾਹਗੀਰ ਦਾ ਡਿੱਗਿਆ ਹੋਇਆ ਬੈਗ ਵਾਪਸ ਕਰਕੇ ਜਤਿੰਦਰ ਸਿੰਘ ਵਾਹੀ ਤੇ ਲਖਵਿੰਦਰ ਸਿੰਘ ਵਾਹੀ ਨੇ ਇਮਾਨਦਾਰੀ ਜ਼ਿੰਦਾ ਹੋਣ ਦੀ ਮਿਸਾਲ ਕਾਇਮ ਕੀਤੀ।ਬਲਾਕ ਮੱਖੂ ਦੇ ਪਿੰਡ ਸ਼ੀਹਾਂਪਾੜੀ ਦੇ ਮਨਦੀਪ ਕੌਰ ਪਤਨੀ ਮਨਜੀਤ ਦਾ ਬੈਗ ਮੋਟਰਸਾਈਕਲ 'ਤੇ ਪਿੰਡ ਜਾਂਦੇ ਸਮੇਂ ਰਸਤੇ ਵਿੱਚ ਡਿੱਗ ਗਿਆ।ਬੈਗ ਵਿੱਚ ਕੱਪੜੇ, ਮੋਬਾਇਲ ਤੇ 7 ਹਜ਼ਾਰ ਰੁਪਏ ਨਗਦ ਸਨ।ਇਹ ਬੈਗ ਜਤਿੰਦਰ ਸਿੰਘ ਵਾਹੀ ਨੂੰ ਮਿਲਿਆ ਤਾਂ ਉਸ ਨੇ ਇਸ ਬੈਗ ਬਾਰੇ ਆਪਣੇ ਭਰਾ ਲਖਵਿੰਦਰ ਸਿੰਘ ਵਾਹੀ ਨਾਲ ਗੱਲ ਕੀਤੀ।ਜਦ ਬੈਗ ਖੋਲ੍ਹ ਕੇ ਦੇਖਿਆ ਤਾਂ ਉਸ ਵਿੱਚ ਪਰਚੀ ਮਿਲੀ।ਉਸ ਪਰਚੀ ਰਾਹੀਂ ਬੈਗ ਦੇ ਅਸਲ ਮਾਲਿਕਾਂ ਦੀ ਭਾਲ ਕਰਕੇ ਤੇ ਪੂਰੀ ਤਰ੍ਹਾਂ ਜਾਂਚ ਕਰਨ ਤੋਂ ਬਾਅਦ ਬੈਗ, ਉਸ ਵਿੱਚ ਮੋਬਾਇਲ ਤੇ 7 ਹਜ਼ਾਰ ਰੁਪਏ ਨਗਦ ਵਾਰਸਾਂ ਦੇ ਹਵਾਲੇ ਕੀਤਾ ਗਿਆ।ਡਿੱਗਿਆ ਹੋਇਆ ਬੈਗ, ਮੋਬਾਇਲ ਅਤੇ ਨਕਦ ਰੁਪਏ ਮਿਲਣ 'ਤੇ ਮਨਦੀਪ ਕੌਰ ਪਤਨੀ ਮਨਜੀਤ ਸਿੰਘ ਨੇ ਜਤਿੰਦਰ ਸਿੰਘ ਵਾਹੀ ਅਤੇ ਲਖਵਿੰਦਰ ਸਿੰਘ ਵਾਹੀ ਦਾ ਧੰਨਵਾਦ ਕੀਤਾ।

# ਮਹਿੰਗਾਈ ਦੇ ਦੌਰ ਵਿੱਚ ਮਜ਼ਦੂਰ ਵਰਗ ਦੋ ਡੰਗ ਦੀ ਰੋਟੀ ਤੋਂ ਆਤੁਰ : ਘੁੱਦਾ

### ਜਨਗਣਨਾ ਫਾਰਮ 'ਚੋਂ ਭੱਦੇ ਸ਼ਬਦ ਹਟਾਏ ਜਾਣ : ਬਰਾੜ



**ਸ਼ਾਹਕੋਟ (ਗਿਆਨ ਸੈਦਪੁਰੀ)**

ਪੰਜਾਬ ਖੇਤ ਮਜ਼ਦੂਰ ਸਭਾ ਬਠਿੰਡਾ ਵੱਲੋਂ ਜ਼ਿਲਾ ਆਗੂ ਮਿੱਠੂ ਸਿੰਘ ਘੁੱਦਾ ਅਤੇ ਮੱਖਣ ਸਿੰਘ ਗੁਰੂਸਰ ਦੀ ਅਗਵਾਈ ਵਿੱਚ ਪਿੰਡ ਦਿਉਣ ਦੇ ਨਰੇਗਾ ਵਰਕਰਾਂ ਅਤੇ ਜ਼ਿਲ੍ਹੇ ਦੇ ਦੂਜੇ ਆਗੂਆਂ ਨੂੰ ਨਾਲ ਲੈ ਕੇ ਏ ਡੀ ਸੀ ਵਿਕਾਸ ਦੇ ਦਫਤਰ ਮੂਹਰੇ ਧਰਨਾ ਲਾਇਆ ਗਿਆ ਤੇ ਮਜ਼ਦੂਰਾਂ ਦੀਆਂ ਮੰਗਾਂ ਦਾ ਮੰਗ ਪੱਤਰ ਵੀ ਦਿੱਤਾ।

ਧਰਨੇ ਨੂੰ ਸੰਬੋਧਨ ਕਰਦਿਆਂ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂਆਂ ਮਿੱਠੂ ਸਿੰਘ ਘੁੱਦਾ ਤੇ ਮੱਖਣ ਸਿੰਘ ਗੁਰੂ ਸਰ ਨੇ ਦੋਸ਼ ਲਾਇਆ ਕਿ ਸਰਕਾਰ ਨੇ ਨਰੇਗਾ ਦਾ ਕੰਮ ਬਿਲਕੁਲ ਠੱਪ ਕਰ ਦਿੱਤਾ ਹੈ। ਬਹੁਤ ਸਾਰੇ ਪਿੰਡਾਂ ਜਿਵੇਂ ਕਿ ਦਿਓਣ ਪਿੰਡ ਵਿੱਚ ਪਿਛਲੇ 10 ਮਹੀਨਿਆਂ ਤੋਂ ਬਿਲਕੁਲ ਹੀ ਕੰਮ ਨਹੀਂ ਚਲਾਇਆ ਜਾ ਰਿਹਾ। ਮਜ਼ਦੂਰਾਂ ਕੋਲ ਕੰਮ ਨਾ ਹੋਣ ਕਾਰਨ ਉਹ ਬੇਰੁਜ਼ਗਾਰ ਹੋ ਗਏ ਹਨ ਅਤੇ ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਮਜ਼ਦੂਰਾਂ ਲਈ ਦੋ ਡੰਗ ਦੀ ਰੋਟੀ ਖਾਣਾ ਵੀ ਬਹੁਤ ਔਖਾ ਹੋ ਗਿਆ ਹੈ। ਮਜ਼ਦੂਰ ਆਗੂਆਂ ਨੇ ਦੱਸਿਆ ਕਿ ਬਹੁਤ ਸਾਰੇ ਪਿੰਡਾਂ ਵਿੱਚ ਜਿੱਥੇ ਪਹਿਲਾਂ ਨਰੇਗਾ ਦਾ ਕੋਈ ਥੋੜਾ ਬਹੁਤ ਕੰਮ ਹੋਇਆ ਸੀ ਉਸ ਦੀਆਂ ਪੇਮੈਂਟਾਂ ਵੀ ਨਹੀਂ ਹੋ ਸਕੀਆਂ। ਉਹਨਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਸਾਰੇ ਪਿੰਡਾਂ ਵਿੱਚ ਨਰੇਗਾ ਦਾ ਕੰਮ ਚਲਾਇਆ ਜਾਵੇ। ਨਰੇਗਾ ਦੇ ਕੰਮਾਂ ਵਿੱਚ ਮਸ਼ੀਨਰੀ ਦੀ ਵਰਤੋਂ ਬੰਦ ਕੀਤੀ ਜਾਵੇ ਤਾਂ ਕਿ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਮਿਲ ਸਕੇ। ਮਜ਼ਦੂਰਾਂ ਨੂੰ ਘੱਟੋ ਘੱਟ ਸਾਲ ਵਿੱਚ 300 ਦਿਨ ਰੁਜ਼ਗਾਰ ਦਿੱਤਾ ਜਾਵੇ ਅਤੇ 700 ਰੁਪਏ ਦਿਹਾੜੀ ਦਿੱਤੀ ਜਾਵੇ। ਬੀਤੇ ਸਮੇਂ ਵਿੱਚ ਕੀਤੇ ਹੋਏ ਕੰਮਾਂ ਦੀ ਪੇਮੈਂਟ ਜਲਦ ਕੀਤੀ ਜਾਵੇ। ਬੇਘਰ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਪਿਛਲੇ ਸਾਲ ਬਾਰਿਸ਼ਾਂ ਦੌਰਾਨ ਮਜ਼ਦੂਰਾਂ ਦੇ ਢਹਿ ਗਏ ਮਕਾਨਾਂ ਦਾ ਮੁਆਵਜ਼ਾ ਛੇਤੀ ਤੋਂ ਛੇਤੀ ਦਿੱਤਾ ਜਾਵੇ। ਮਜ਼ਦੂਰ ਆਗੂਆਂ ਨੇ ਜਨਗਣਨਾ 2026 ਦੇ ਫਾਰਮਾਂ ਵਿੱਚ ਮਜਵੀ ਸਿੱਖ ਭਾਈਚਾਰੇ ਲਈ ਘਟੀਆ ਜਾਤੀਗਤ ਸ਼ਬਦ ਵਰਤਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਮੰਗ ਕੀਤੀ ਕਿ ਅਜਿਹੇ ਸ਼ਬਦ ਹਟਾਏ ਜਾਣ । ਭਰਾਤਰੀ ਜਥੇਬੰਦੀ ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਰਕਰਨ ਸਿੰਘ ਬਰਾੜ ਨੇ ਕੇਂਦਰ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪਹਿਲਾਂ ਮੋਦੀ ਸਰਕਾਰ ਨੇ ਨਰੇਗਾ ਦੀ ਥਾਂ ਨਵਾਂ ਜੀ ਰਾਮ ਜੀ ਕਾਨੂੰਨ ਲਿਆ ਕੇ ਪੇਂਡੂ ਅਨਪੜ੍ਹ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਵੱਡੀ ਸੱਟ ਮਾਰੀ ਹੈ ਦੂਜੇ ਪਾਸੇ ਮਜ਼ਦੂਰਾਂ ਦੇ ਹੱਕੀ ਕਿਰਤ ਕਾਨੂੰਨਾਂ ਦੀ ਥਾਂ ਚਾਰ ਲੇਬਰ ਕੋਡ ਲਾਗੂ ਕਰਕੇ ਮਜ਼ਦੂਰਾਂ ਦੇ ਹੱਕਾਂ ਤੇ ਵੱਡਾ ਡਾਕਾ ਮਾਰਿਆ ਹੈ। ਉਹਨਾਂ ਮੰਗ ਕੀਤੀ ਕਿ ਪੁਰਾਣਾ ਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ ਤੇ ਚਾਰੇ ਲੇਬਰ ਕੋਡ ਵਾਪਸ ਲਏ ਜਾਣ।

ਮਈ ਦਿਵਸ ਦੇ ਮੌਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਪੰਜਾਬ ਦੇ ਮਜ਼ਦੂਰਾਂ ਨੂੰ ਮੂਰਖ ਬਣਾਉਣ ਵਾਲੀ ਭਗਵੰਤ ਮਾਨ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਸਾਨ ਆਗੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੇ ਸਵਾ ਚਾਰ ਸਾਲ ਦੇ ਸ਼ਾਸਨ ਕਾਲ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਲਈ ਕੋਈ ਠੋਸ ਨੀਤੀ ਨਹੀਂ ਬਣਾ ਸਕੀ। ਪੰਜਾਬ ਸਰਕਾਰ ਮਜ਼ਦੂਰ ਜਥੇਬੰਦੀਆਂ ਨੂੰ ਮੀਟਿੰਗ ਦਾ ਸੱਦਾ ਦੇ ਕੇ ਅਤੇ ਵਾਰ ਵਾਰ ਮੀਟਿੰਗਾਂ ਰੱਦ ਕਰਕੇ ਮਜ਼ਦੂਰਾਂ ਨਾਲ ਕੋਝਾ ਮਜ਼ਾਕ ਕਰਦੀ ਰਹੀ ਹੈ। ਪ੍ਰੰਤੂ ਹੁਣ ਆਪਣੀ ਸਰਕਾਰ ਦੇ ਆਖਰੀ ਵਰੇ ਵਿੱਚ ਮਜ਼ਦੂਰਾਂ ਨੂੰ ਪਰਚਾਉਣ ਲਈ ਡਰਾਮੇ ਕਰ ਰਹੀ ਹੈ ਜਿਸ ਨੂੰ ਪੰਜਾਬ ਦੇ ਖੇਤ ਮਜ਼ਦੂਰ ਭਲੀ ਭਾਂਤ ਸਮਝ ਚੁੱਕੇ ਹਨ । ਇਸ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਕੁੱਬੇ, ਕੂਕਾ ਸਿੰਘ ਨਥਾਣਾ, ਹਰਬੰਸ ਸਿੰਘ ਜੋਧਪੁਰ,ਦਰਸ਼ਨ ਸਿੰਘ ਬਾਜਕ ਆਦਿ ਨੇ ਵੀ ਸੰਬੋਧਨ ਕੀਤਾ।

## ਸਫਾ 1 ਦੇ ਬਾਕੀ...

### ਜੁਮਲਿਆਂ ਦੇ ਬਾਦਸ਼ਾਹ...

ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ 'ਤੇ ਰੋਕ ਲਾਵੇਗਾ, ਦੇ ਪਾਸ ਹੋਣ 'ਤੇ ਖ਼ੁਸ਼ੀ ਤੇ ਸੰਤੁਸ਼ਟੀ ਪ੍ਰਗਟ ਕਰ ਰਹੀ ਹੈ। ਪ੍ਰਧਾਨ ਮੰਤਰੀ ਵੱਲੋਂ ਲੋਕਾਂ ਨੂੰ ਕੀਤੀਆਂ ਗਈਆਂ ਹਾਲੀਆ ਅਪੀਲਾਂ ਸੰਬੰਧੀ ਇੱਕ ਸਵਾਲ ਦੇ ਜਵਾਬ 'ਚ ਮਾਨ ਨੇ ਕਿਹਾ ਕਿ 'ਜੁਮਲਿਆਂ ਦੇ ਬਾਦਸ਼ਾਹ' ਨੂੰ ਦੇਸ਼ ਦੇ ਸਾਹਮਣੇ ਸੱਚ ਬੋਲਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਇਹ ਸਪੱਸ਼ਟ ਹੋ ਗਿਆ ਹੈ ਕਿ ਦੇਸ਼ ਦੀ ਲਗਾਮ ਅੱਜ ਵ੍ਹਾਈਟ ਹਾਊਸ ਦੇ ਹੱਥ ਵਿੱਚ ਹੈ, ਜਿਸ ਕਰਕੇ ਸਾਰੇ ਵੱਡੇ ਫੈਸਲੇ ਉਨ੍ਹਾਂ ਦੀ ਸਹਿਮਤੀ ਤੋਂ ਬਾਅਦ ਹੀ ਲਏ ਜਾ ਰਹੇ ਹਨ।

ਉਹਨਾ ਕਿਹਾ ਕਿ ਭਾਰਤ-ਪਾਕਿਸਤਾਨ ਤਣਾਅ ਵਰਗੇ ਮੁੱਦਿਆਂ ਦੌਰਾਨ ਵੀ ਅਮਰੀਕੀ ਅਧਿਕਾਰੀਆਂ ਦੁਆਰਾ ਫਰਮਾਨ ਸੁਣਾਇਆ ਗਿਆ ਸੀ, ਜੋ ਦੇਸ਼ ਦੀ ਪ੍ਰਭੂਸੱਤਾ ਪ੍ਰਤੀ ਗੰਭੀਰ ਚਿੰਤਾਵਾਂ ਖੜ੍ਹੀਆਂ ਕਰਦਾ ਹੈ।

ਮਾਨ ਨੇ ਕਿਹਾ ਕਿ ਮੇਕ ਇਨ ਇੰਡੀਆ ਸੰਬੰਧੀ ਲੰਮੇ-ਚੌੜੇ ਦਾਅਵਿਆਂ ਦੇ ਬਾਵਜੂਦ ਰੱਖਿਆ ਖੇਤਰ ਵਿੱਚ ਵੀ ਐੱਫ ਡੀ ਆਈ ਦੀ ਆਗਿਆ ਦੇਣ ਵਰਗੀਆਂ ਨੀਤੀਆਂ ਨੇ ਦੇਸ਼ ਦੇ ਹਿੱਤਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਉਨ੍ਹਾ ਚੇਤਾਵਨੀ ਦਿੱਤੀ ਕਿ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤਾ ਭਾਰਤੀ ਖੇਤੀਬਾੜੀ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ, ਜਿਸ ਦਾ ਕਿਸਾਨਾਂ 'ਤੇ ਮਾੜਾ ਪ੍ਰਭਾਵ ਪਵੇਗਾ।ਪੰਜਾਬ ਵਿੱਚ ਈ ਡੀ ਦੇ ਛਾਪਿਆਂ ਬਾਰੇ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਦੀ ਬਾਂਹ ਮਰੋੜਨ ਲਈ ਕੇਂਦਰੀ ਏਜੰਸੀ ਦੀ ਸਰੇਆਮ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਈ ਡੀ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਧਮਕਾਉਣ ਅਤੇ ਲੋਕਤੰਤਰ ਦੀ ਆਵਾਜ਼ ਨੂੰ ਦਬਾਉਣ ਦਾ ਇੱਕ ਸਾਧਨ ਬਣ ਕੇ ਰਹਿ ਗਈ ਹੈ। ਮੁੱਖ ਮੰਤਰੀ ਕਿਹਾ, 'ਪੰਜਾਬੀ ਕਦੇ ਵੀ ਅਜਿਹੀਆਂ ਦਬਾਅ ਪਾਉਣ ਵਾਲੀਆਂ ਚਾਲਾਂ ਅੱਗੇ ਨਾ ਝੁਕੇ ਸੀ ਅਤੇ ਨਾ ਝੁਕਣਗੇ। ਪੰਜਾਬ ਦੇ ਬਹਾਦਰ ਅਤੇ ਸੂਝਵਾਨ ਲੋਕ ਇਨ੍ਹਾਂ ਕੋਸ਼ਿਸ਼ਾਂ ਦਾ ਢੁਕਵਾਂ ਜਵਾਬ ਦੇਣਗੇ।'

### ਸੰਜਮ ਦੀਆਂ ਅਪੀਲਾਂ...

ਪ੍ਰਚਾਰ ਕਿਉਂ ਨਹੀਂ ਕੀਤਾ ? ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦੀ ਅਪੀਲ ਮੰਦੀ ਅਤੇ ਮਹਿੰਗਾਈ ਦੇ ਖਦਸ਼ਿਆਂ ਕਾਰਨ ਵਪਾਰ, ਕਾਰੋਬਾਰ ਅਤੇ ਬਾਜ਼ਾਰਾਂ ਵਿੱਚ ਡਰ, ਚਿੰਤਾ, ਬੇਚੈਨੀ ਅਤੇ ਨਿਰਾਸ਼ਾ ਫੈਲਾਏਗੀ। ਸਰਕਾਰ ਦਾ ਕੰਮ ਦੇਸ਼ ਨੂੰ ਹੰਗਾਮੀ ਸਥਿਤੀਆਂ 'ਤੇ ਕਾਬੂ ਪਾਉਣ ਵਿੱਚ ਮਦਦ ਕਰਨ ਲਈ ਆਪਣੇ ਵਿਸ਼ਾਲ ਸਰੋਤਾਂ ਦੀ ਵਰਤੋਂ ਕਰਨਾ ਹੈ, ਨਾ ਕਿ ਡਰ ਅਤੇ ਹਫੜਾ-ਦਫੜੀ ਪੈਦਾ ਕਰਨਾ।

ਜੇ ਸਰਕਾਰ ਪ੍ਰਭਾਵਸ਼ਾਲੀ ਢੰਗ ਨਾਲ ਸ਼ਾਸਨ ਕਰਨ ਵਿੱਚ ਅਸਮਰੱਥ ਹੈ, ਤਾਂ ਉਸ ਨੂੰ ਦੇਸ਼ ਨੂੰ ਬਰਬਾਦ ਕਰਨ ਦੀ ਬਜਾਏ ਆਪਣੀ ਅਸਫਲਤਾ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਐੱਨ ਸੀ ਪੀ (ਸ਼ਰਦ ਪਵਾਰ) ਦੇ ਰਾਸ਼ਟਰੀ ਬੁਲਾਰੇ ਕਲਾਈਡ ਕ੍ਰਾਸਟੋ ਨੇ ਕਿਹਾ ਕਿ ਭਾਜਪਾ ਨੂੰ ਨਾਗਰਿਕਾਂ ਨੂੰ ਉਪਦੇਸ਼ ਦੇਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦੀਆਂ ਅਪੀਲਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾ ਸਵਾਲ ਕੀਤਾ ਕਿ ਕੀ ਭਾਜਪਾ ਸਰਕਾਰਾਂ ਅਤੇ ਨੇਤਾ ਹੁਣ ਘਰ ਤੋਂ ਕੰਮ ਕਰਨ ਨੂੰ ਤਰਜੀਹ ਦੇਣਗੇ, ਵੱਡੇ ਕਾਫਲਿਆਂ ਨੂੰ ਘਟਾ ਕੇ ਅਤੇ ਜਨਤਕ ਆਵਾਜਾਈ ਦੀ ਵਰਤੋਂ ਕਰਕੇ ਈਂਧਨ ਦੀ ਖਪਤ ਨੂੰ ਘਟਾਉਣਗੇ, ਵਿਦੇਸ਼ੀ ਬ੍ਰਾਂਡ ਵਾਲੇ ਉਤਪਾਦਾਂ ਨੂੰ ਛੱਡ ਕੇ ਸਵਦੇਸ਼ੀ ਅਪਣਾਉਣਗੇ ਅਤੇ ਇੱਕ ਸਾਲ ਲਈ ਵਿਦੇਸ਼ੀ ਯਾਤਰਾ ਤੋਂ ਪਰਹੇਜ਼ ਕਰਨਗੇ। ਭਾਜਪਾ ਨੂੰ ਉਦਾਹਰਣ ਦੇ ਕੇ ਅਗਵਾਈ ਕਰਨੀ ਚਾਹੀਦੀ ਹੈ ਅਤੇ ਜੋ ਉਹ ਉਪਦੇਸ਼ ਦਿੰਦੇ ਹਨ, ਉਸ ਦਾ ਅਭਿਆਸ ਖੁਦ ਕਰਨਾ ਚਾਹੀਦਾ ਹੈ।

ਇਸੇ ਦੌਰਾਨ ਸੋਸ਼ਲ ਮੀਡੀਆ 'ਤੇ ਬਹੁਤ ਸਾਰੇ ਲੋਕਾਂ ਨੇ ਕਿਹਾ ਹੈ ਕਿ ਲੋਕਾਂ ਨੂੰ ਵਿਦੇਸ਼ੀ ਦੌਰੇ ਘਟਾਉਣ ਦਾ ਉਪਦੇਸ਼ ਦੇਣ ਵਾਲੇ ਪ੍ਰਧਾਨ ਮੰਤਰੀ ਸ਼ੁੱਕਰਵਾਰ ਨੂੰ ਯੂ ਏ ਈ, ਸਵੀਡਨ, ਨੀਦਰਲੈਂਡ, ਨਾਰਵੇ ਅਤੇ ਇਟਲੀ ਦੀ ਸੱਤ ਦਿਨਾਂ ਦੀ ਯਾਤਰਾ 'ਤੇ ਰਵਾਨਾ ਹੋਣ ਵਾਲੇ ਹਨ।

### ਦਸਵੀਂ 'ਚੋਂ ਜੈਤੋ ...

(98.54 ਫੀਸਦੀ) ਸਭ ਤੋਂ ਅੱਗੇ ਰਿਹਾ, ਜਦਕਿ ਲੁਧਿਆਣਾ ਦਾ ਨਤੀਜਾ ਸਭ ਤੋਂ ਘੱਟ ਰਿਹਾ। ਅੰਮ੍ਰਿਤਸਰ ਤੋਂ ਬਾਅਦ ਸਰਹੱਦੀ ਜ਼ਿਲ੍ਹਿਆਂ ਫਿਰੋਜ਼ਪੁਰ ਨੇ ਦੂਜਾ, ਪਠਾਨਕੋਟ ਨੇ ਤੀਜਾ, ਤਰਨ ਤਾਰਨ ਨੇ ਚੌਥਾ ਅਤੇ ਗੁਰਦਾਸਪੁਰ ਨੇ ਪੰਜਵਾਂ ਸਥਾਨ ਹਾਸਲ ਕੀਤਾ ਹੈ। ਮਾਝਾ ਅਤੇ ਮਾਲਵਾ ਦੇ ਸਰਹੱਦੀ ਖੇਤਰਾਂ ਦੇ ਇਨ੍ਹਾਂ ਜ਼ਿਲ੍ਹਿਆਂ ਦੇ ਬਿਹਤਰ ਨਤੀਜਿਆਂ ਨੇ ਸਿੱਖਿਆ ਮਾਹਰਾਂ ਨੂੰ ਵੀ ਹੈਰਾਨ ਕੀਤਾ ਹੈ।

ਮੈਰਿਟ ਸੂਚੀ ਦੇ ਪਹਿਲੇ 10 ਸਥਾਨਾਂ ਵਿੱਚੋਂ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਵਿੱਚੋਂ ਦੋ ਕੁੜੀਆਂ ਹਨ। ਹਰਲੀਨ ਸ਼ਰਮਾ, ਮਨੀ ਮਹੇਸ਼ ਸ਼ਰਮਾ ਤੇ ਗੀਆ ਰਾਣੀ ਤੋਂ ਬਾਅਦ ਹੁਸ਼ਿਆਰਪੁਰ ਦੀ ਤਰਨਦੀਪ ਕੌਰ, ਲੁਧਿਆਣਾ ਦੀ ਰਿਧੀਮਾ ਬੈਂਸ ਤੇ ਜਲੰਧਰ ਦੇ ਮਹੇਸ਼ ਠਾਕੁਰ ਨੇ 643, ਫਾਜ਼ਿਲਕਾ ਦੀ ਪਲਕ, ਜਲੰਧਰ ਦੀ ਪਾਵਨੀ ਕਸ਼ਯਪ ਤੇ ਲੁਧਿਆਣਾ ਦੀ ਸਾਚੀ ਰਾਏ ਨੇ 642 ਅਤੇ ਅੰਮ੍ਰਿਤਸਰ ਦੀ ਤਨਵੀਰ ਕੌਰ ਨੇ 637 ਅੰਕ ਹਾਸਲ ਕੀਤੇ। ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਨੇ ਪਾਸ ਹੋਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਹੈ।

### ਪੰਜਾਬੀ ਨਾਲੋਂ ਸੰਸਕ੍ਰਿਤ...

ਲਈ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਵਰਗੀਆਂ ਮਿਆਰੀ ਭਾਸ਼ਾਵਾਂ ਪੜ੍ਹਾਉਣੀਆਂ ਜ਼ਰੂਰੀ ਹਨ। ਹਾਲਾਂਕਿ, ਜੇ ਕਾਫੀ ਗਿਣਤੀ ਵਿੱਚ ਵਿਦਿਆਰਥੀ ਚਾਹੁੰਣ ਤਾਂ ਸਕੂਲ ਚੌਥੀ ਖੇਤਰੀ ਭਾਸ਼ਾ ਵਜੋਂ ਪੰਜਾਬੀ ਪੜ੍ਹਾ ਸਕਦੇ ਹਨ। ਆਰਮੀ ਪਬਲਿਕ ਸਕੂਲ ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਚਲਾਏ ਜਾਂਦੇ ਹਨ ਅਤੇ ਇਹ ਸੀ ਬੀ ਐੱਸ ਈ ਨਾਲ ਸੰਬੰਧਤ ਹਨ। ਪੰਜਾਬ ਚੇਤਨਾ ਮੰਚ ਅਤੇ ਹੋਰ ਕਈ ਲੇਖਕਾਂ ਨੇ ਇਸ ਫੈਸਲੇ ਨੂੰ 'ਮਨਮਾਨੀ' ਕਰਾਰ ਦਿੱਤਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਇਹ ਕੌਮੀ ਸਿੱਖਿਆ ਨੀਤੀ-2020 ਦੇ ਉਲਟ ਹੈ, ਜੋ ਮਾਂ ਬੋਲੀ ਵਿੱਚ ਸਿੱਖਿਆ 'ਤੇ ਜ਼ੋਰ ਦਿੰਦੀ ਹੈ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਅਤੇ ਪੰਜਾਬੀ ਨੂੰ ਲਾਜ਼ਮੀ ਵਿਸ਼ਾ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਫੋਕਲੋਰ ਰਿਸਰਚ ਅਕਾਦਮੀ ਅਤੇ ਹੋਰ ਸਿਆਸੀ ਪਾਰਟੀਆਂ ਨੇ ਵੀ ਇਸ ਕਦਮ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਹੈ ਕਿ ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਨਜ਼ਰਅੰਦਾਜ਼ ਕਰਨਾ ਬਹੁਤ ਚਿੰਤਾ ਦਾ ਵਿਸ਼ਾ ਹੈ।

## ਗੁਰੂ ਨਾਨਕ ਪਬਲਿਕ ਸਕੂਲ 'ਚ ਮਦਰਜ਼ ਡੇ ਮਨਾਇਆ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗੁਰੂ ਨਾਨਕ ਫਾਊਂਡੇਸ਼ਨ ਪਬਲਿਕ ਸਕੂਲ ਪਟਿਆਲਾ ਵਿਖੇ ਮਦਰਜ਼ ਡੇ ਬੜੇ ਉਤਸ਼ਾਹ ਮਨਾਇਆ।ਕਿੰਡਰਗਾਰਟਨ ਤੋਂ ਤੀਜੀ ਜਮਾਤ ਤੱਕ ਦੇ ਵਿਦਿਆਰਥੀਆਂ ਦੀਆਂ ਮਾਵਾਂ ਨੂੰ ਮਾਂ ਦੀ ਮਮਤਾ ਨੂੰ ਸਮਰਪਤ ਵਿਸ਼ੇਸ਼ ਪ੍ਰੋਗਰਾਮ ਦੇਖਣ ਲਈ ਨਿੱਘਾ ਸੱਦਾ ਦਿੱਤਾ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਮਨਮੋਹਕ ਨਾਚ, ਸੁਰੀਲੇ ਗੀਤ, ਛੋਟਾ ਨਾਟਕ ਤੇ ਦਿਲੋਂ ਕੀਤੀਆਂ ਭਾਵੁਕ ਪੇਸ਼ਕਾਰੀਆਂ ਨੇ ਇਸ ਮੌਕੇ ਨੂੰ ਸੱਚਮੁੱਚ ਯਾਦਗਾਰੀ ਬਣਾ ਦਿੱਤਾ।ਪਰਦੇ ਪਿੱਛੇ ਦੀਆਂ ਤਿਆਰੀਆਂ ਦੀ ਝਲਕ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੋਵਾਂ ਦੀ ਲਗਨ ਤੇ ਮਿਹਨਤ ਨੂੰ ਬਾਖ਼ੂਬੀ ਦਰਸਾਇਆ, ਜਿਸ ਨੇ ਮਾਤਾਵਾਂ ਨੂੰ ਭਾਵੁਕ ਕਰ ਦਿੱਤਾ।ਪ੍ਰਿੰਸੀਪਲ ਸੁਸ਼੍ਰੀ ਜਸਜੀਤ ਸੋਹੀ ਨੇ ਸਾਰੀਆਂ ਮਾਵਾਂ ਦਾ ਸਮਾਗਮ ਵਿੱਚ ਸ਼ਾਮਲ ਹੋਣ ਲਈ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਮਾਂ ਦਾ ਪਿਆਰ ਹਰ ਬੱਚੇ ਦੀ ਕਾਮਯਾਬੀ ਦੀ ਨੀਂਹ ਹੈ ਤੇ ਸਕੂਲ ਨਾਲ ਉਨ੍ਹਾਂ ਦੇ ਅਟੁੱਟ ਸਹਿਯੋਗ ਲਈ ਧੰਨਵਾਦ ਕੀਤਾ।ਸਮਾਗਮ ਦੀ ਸਮਾਪਤੀ ਮੁਸਕਰਾਹਟਾਂ, ਗਲਵੱਕੜੀਆਂ ਤੇ ਸਾਂਭਣਯੋਗ ਯਾਦਾਂ ਨਾਲ ਹੋਈ।

## ਕੈਂਬ੍ਰਿਜ ਕਾਨਵੈਂਟ ਸਕੂਲ ਵਿਖੇ ਪੁਸਤਕ ਮੇਲਾ



**ਕੋਟ ਈਸੇ ਖਾਂ (ਅਰੋੜਾ)**-ਇਥੋਂ ਦੀ ਵਿੱਦਿਅਕ ਸੰਸਥਾ ਕੈਂਬ੍ਰਿਜ ਕਾਨਵੈਂਟ ਸਕੂਲ ਵਿਖੇ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਆਦਤ ਨੂੰ ਉਤਸ਼ਾਹਤ ਕਰਨ ਤੇ ਗਿਆਨ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ਾਲ ਪੁਸਤਕ ਮੇਲੇ ਦਾ ਆਯੋਜਨ ਕੀਤਾ ਗਿਆ।ਇਸ ਪੁਸਤਕ ਮੇਲੇ ਵਿੱਚ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਮੇਲੇ ਦੌਰਾਨ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਪੁਸਤਕਾਂ ਪ੍ਰਦਰਸ਼ਤ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸਾਹਿਤ, ਵਿਗਿਆਨ, ਇਤਿਹਾਸ, ਜਨਰਲ ਨੌਲੇਜ, ਕਹਾਣੀਆਂ, ਜੀਵਨੀਆਂ ਤੇ ਬੱਚਿਆਂ ਦੀਆਂ ਮਨੋਰੰਜਕ ਪੁਸਤਕਾਂ ਸ਼ਾਮਲ ਸਨ।ਸਕੂਲ ਦੇ ਪ੍ਰਿੰਸੀਪਲ ਸਾਹਿਬਾਨ ਨੇ ਪੁਸਤਕ ਮੇਲੇ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੁਸਤਕਾਂ ਮਨੁੱਖ ਦੀਆਂ ਸਭ ਤੋਂ ਵਧੀਆ ਮਿੱਤਰ ਹੁੰਦੀਆਂ ਹਨ।ਉਨ੍ਹਾਂ ਕਿਹਾ ਕਿ ਅੱਜ ਦੇ ਮੋਬਾਈਲ ਤੇ ਇੰਟਰਨੈੱਟ ਦੇ ਯੁੱਗ ਵਿੱਚ ਬੱਚਿਆਂ ਨੂੰ ਪੁਸਤਕਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ।ਪੁਸਤਕਾਂ ਨਾ ਸਿਰਫ਼ ਗਿਆਨ ਵਧਾਉਂਦੀਆਂ ਹਨ, ਸਗੋਂ ਮਨੁੱਖ ਦੇ ਵਿਚਾਰਾਂ ਨੂੰ ਵੀ ਉੱਚਾ ਕਰਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਹਰ ਰੋਜ਼ ਕੁਝ ਸਮਾਂ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਸਾਰੇ ਮਹਿਮਾਨਾਂ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।ਪੁਸਤਕ ਮੇਲਾ ਸਫਲਤਾਪੂਰਵਕ ਸੰਪੰਨ ਹੋਇਆ ਤੇ ਵਿਦਿਆਰਥੀਆਂ ਵਿੱਚ ਪੜ੍ਹਨ ਪ੍ਰਤੀ ਨਵਾਂ ਉਤਸ਼ਾਹ ਦੇਖਣ ਨੂੰ ਮਿਲਿਆ।

## ਪੰਜਾਬ ਪਬਲਿਕ ਸਕੂਲ ਵੱਲੋਂ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਆਈ.ਐੱਸ.ਸੀ. ਬੈਚ 2026 ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ ਗਿਆ।ਇਸ ਬੈਚ ਦੀ ਅਨਾਹਤਜੋਤ ਕੌਰ ਹਰੀ (ਸਾਇੰਸ ਸਟ੍ਰੀਮ) ਨੇ 99.8% ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ ਤੇ ਇਸੇ ਤਰ੍ਹਾਂ ਨਮਨ ਗੋਇਲ ਤੇ ਇਸ਼ਮੀਤ ਕੌਰ (ਸਾਇੰਸ ਸਟ੍ਰੀਮ) ਅਤੇ ਅਨੰਨਿਆ ਬਾਠ ਤੇ ਅਕਾਸ਼ਵੀਰ ਸਿੰਘ (ਹਿਊਮੈਨਿਟੀਜ਼ ਸਟ੍ਰੀਮ) 99% ਅੰਕਾਂ ਨਾਲ ਦੂਜੇ ਸਥਾਨ 'ਤੇ ਰਹੇ, ਮਨਤੇਸ਼ਵਰ ਸਿੰਘ ਰਾਨੂੰ (ਹਿਊਮੈਨਿਟੀਜ਼) 98.5% ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ।ਆਈ.ਐੱਸ.ਸੀ. ਦੀ ਪ੍ਰੀਖਿਆ ਦੇਣ ਵਾਲੇ ਸਾਰੇ 99 ਵਿਦਿਆਰਥੀਆਂ ਨੇ ਡਿਸਟਿੰਕਸ਼ਨ (ਵਿਸ਼ੇਸ਼ ਯੋਗਤਾ) ਨਾਲ਼ ਪ੍ਰੀਖਿਆ ਪਾਸ ਕੀਤੀ।ਇਨ੍ਹਾਂ ਵਿੱਚੋਂ 34 ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 100 ਵਿੱਚੋਂ 100 ਅੰਕ ਹਾਸਲ ਕੀਤੇ, ਜਿਨ੍ਹਾਂ ਵਿੱਚ ਸਰੀਰਕ ਸਿੱਖਿਆ (17), ਰਾਜਨੀਤੀ ਸ਼ਾਸਤਰ (07), ਪੰਜਾਬੀ (07), ਕੈਮਿਸਟਰੀ (02) ਤੇ ਕੰਪਿਊਟਰ ਸਾਇੰਸ (01) ਸ਼ਾਮਲ ਹਨ। ਇਸ ਵਾਰ ਬੈਚ ਦੀ ਸਭ ਤੋਂ ਉੱਚ ਔਸਤ 91% ਰਹੀ, ਜੋ ਕਿ ਆਈ.ਐੱਸ.ਸੀ. ਬੈਚ 2025 ਦੇ ਮੁਕਾਬਲੇ 7% ਵੱਧ ਹੈ।ਇਸ ਮੌਕੇ ਬੋਲਦਿਆਂ ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਪੰਜਾਬ ਪਬਲਿਕ ਸਕੂਲ ਨਾਭਾ ਦੇ ਮੌਜੂਦਾ ਵਿਦਿਆਰਥੀਆਂ ਲਈ ਉੱਚੇ ਮਾਪਦੰਡ ਸਥਾਪਤ ਕਰਨ ਲਈ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਬਿਹਤਰ ਅਭਿਆਸਾਂ ਨੂੰ ਅਪਨਾਉਣ ਲਈ ਵਿਦਿਆਰਥੀਆਂ ਤੇ ਸਟਾਫ਼ ਦਾ ਧੰਨਵਾਦ ਕੀਤਾ।ਉਨ੍ਹਾਂ ਸ਼ਾਨਦਾਰ ਨਤੀਜੇ ਦੇਣ ਲਈ ਸਮੂਹ ਸਟਾਫ਼ ਦੀ ਮਿਹਨਤ ਦੀ ਵੀ ਪ੍ਰਸੰਸਾ ਕੀਤੀ।

## ਨਗਰ ਕੌਂਸਲ ਚੋਣਾਂ ਨੂੰ ਲੈ ਕੇ ਹਰਦਿਆਲ ਕੰਬੋਜ ਵੱਲੋਂ ਵਰਕਰਾਂ ਨਾਲ ਬੈਠਕ



**ਰਾਜਪੁਰਾ/ਪਟਿਆਲਾ (ਰਮੇਸ਼ ਕਟਾਰੀਆ/ਰਾਜਿੰਦਰ ਥਿੰਦ)**-ਨਗਰ ਕੌਂਸਲ ਦੀਆਂ ਚੋਣਾਂ ਲਈ ਜਿੱਥੇ ਸਾਰੀਆਂ ਪਾਰਟੀਆਂ ਅੰਦਰੋ-ਅੰਦਰ ਤਿਆਰੀਆਂ ਕਰ ਰਹੀਆਂ, ਉੱਥੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਵੀ ਹਰ ਵਾਰਡ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਬੈਠਕਾਂ ਕਰਕੇ ਵਾਰਡ 'ਚ ਕਾਂਗਰਸ ਦਾ ਉਮੀਦਵਾਰ ਖੜਾ ਕਰਨ ਲਈ ਉਨ੍ਹਾਂ ਦੀ ਰਾਏ ਲੈ ਰਹੇ ਹਨ।ਇਸੇ ਤਰ੍ਹਾਂ ਸਥਾਨਕ ਕਾਂਗਰਸ ਦਫ਼ਤਰ ਵਿਖੇ ਵੀ ਸਾਬਕਾ ਵਿਧਾਇਕ ਕੰਬੋਜ ਵੱਲੋਂ ਵਾਰਡ ਨੰਬਰ 22 ਦੇ ਆਗੂਆਂ ਤੇ ਵਰਕਰਾਂ ਦੀ ਇੱਕ ਬੈਠਕ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਵਾਰਡ ਦੇ ਵੋਟਰ ਸ਼ਾਮਲ ਹੋਏ।ਇਸ ਮੌਕੇ ਵਾਰਡ ਦੇ ਮੁਹਤਬਰਾਂ ਨੇ ਆਪਣੇ ਵਿਚਾਰ ਰੱਖੇ ਤੇ ਕਿਹਾ ਕਿ ਉਨ੍ਹਾਂ ਨੂੰ ਤਾਂ ਅਜਿਹਾ ਉਮੀਦਵਾਰ ਚਾਹੀਦਾ ਹੈ, ਜਿਹੜਾ ਹਰ ਵਕਤ ਵਾਰਡ 'ਚ ਮੌਜੂਦ ਦੀ ਰਹੇ ਤੇ ਲੋਕਾਂ ਦੇ ਨਗਰ ਕੌਂਸਲ ਨਾਲ ਸੰਬੰਧਤ ਮੁਸ਼ਕਲਾਂ ਦਾ ਹੱਲ ਕਰਵਾਏ।ਉਪਰੰਤ ਇਕ ਨਾਂਅ ਬਲਵਿੰਦਰ ਸਿੰਘ ਸਰਾਓ ਦਾ ਸਾਹਮਣੇ ਜਾ ਆਇਆ ਤੇ ਉਸ ਦੇ ਨਾਂਅ 'ਤੇ ਸਭ ਨੇ ਸਹਿਮਤੀ ਪ੍ਰਗਟ ਕੀਤੀ, ਜਿਸ 'ਤੇ ਚ ਸਾਬਕਾ ਵਿਧਾਇਕ ਕੰਬੋਜ ਨੇ ਸਾਰੇ ਵਾਰਡ ਵਾਸੀਆਂ ਵੱਲੋਂ ਬਲਵਿੰਦਰ ਸਿੰਘ ਸਰਾਓ ਨੂੰ ਸਿਰੋਪਾਉ ਪਾਇਆ ਤੇ ਉਮੀਦਵਾਰ ਐਲਾਨ ਦਿੱਤਾ।ਇਸ ਮੌਕੇ ਬਲਾਕ ਪ੍ਰਧਾਨ ਬਲਦੇਵ ਸਿੰਘ ਪ੍ਰਧਾਨ ਅਮਨਦੀਪ ਸਿੰਘ ਨਾਗੀ, ਬਲਦੇਵ ਸਿੰਘ ਖੁਰਾਨਾ, ਸਾਬਕਾ ਚੀਫ਼ ਘਰ ਇੰਜੀਨੀਅਰ ਸੰਦੀਪ ਗੁਪਤਾ, ਬਲਜੀਤ ਸਿੰਘ, ਸੁਖਦਰਸ਼ਨ ਸਿੰਘ ਸਰਾਓ, ਸਾਬਕਾ ਥਾਣੇਦਾਰ ਨਸੀਮ ਮੁਹੰਮਦ, ਸ਼ਰਨਪਾਲ ਸਿੰਘ, ਬਾਬੂ ਲਾਲ, ਮਲਕੀਤ ਸਿੰਘ ਉੱਪਲਹੇੜੀ ਸਮੇਤ ਵੱਡੀ ਗਿਣਤੀ 'ਚ ਵਰਕਰ ਹਾਜ਼ਰ ਸਨ।

## ਐਸ ਐਚ ਓ ਜਨਕ ਰਾਜ ਸ਼ਰਮਾ ਨੂੰ ਕੀਤਾ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪ੍ਰਾਈਵੇਟ ਸਕੂਲ ਐਸੋਸੀਏਸ਼ਨ ਦੀ ਇਕੱਤਰਤਾ ਪੰਜਾਬ ਕਾਨਵੈਂਟ ਸਕੂਲ ਵਿਖੇ ਹੋਈ, ਜਿਸ ਵਿੱਚ ਐਸ.ਐਚ.ਓ. ਜਨਕ ਰਾਜ ਸ਼ਰਮਾ ਨੂੰ ਉਨ੍ਹਾਂ ਦੀ ਬਹੁਤ ਹੀ ਵਧੀਆ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਸਨਮਾਨਤ ਕੀਤਾ ਗਿਆ।ਇਸ ਸਮੇਂ ਐਸ.ਐਚ.ਓ. ਜਨਕ ਰਾਜ ਸ਼ਰਮਾ ਨੇ ਆਪਣੇ ਵਿਚਾਰ ਸਾਂਝੇ ਕੀਤੇ, ਜਿਸ ਨਾਲ ਇਸ ਮਹਾਨ ਸ਼ਖ਼ਸੀਅਤ ਨੂੰ ਜਾਣਨ ਦਾ ਮੌਕਾ ਮਿਲਿਆ।ਇਨ੍ਹਾਂ ਦੇ ਵਿਚਾਰਾਂ ਤੋਂ ਇਨ੍ਹਾਂ ਦੀ ਸ਼ਖ਼ਸੀਅਤ ਦੀ ਖਾਸੀਅਤ ਸਾਫ ਝਲਕਦੀ ਸੀ।ਪੰਜਾਬ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਨੀਲਿਮਾ ਅਰੋੜਾ ਤੇ ਸਾਰੀ ਮੈਨੇਜਮੈਂਟ ਕਮੇਟੀ ਡਾਇਰੈਕਟਰ ਅਜੇਪਾਲ ਸਿੰਘ, ਚੇਅਰਮੈਨ ਆਰ.ਕੇ.ਗੁਪਤਾ, ਵਾਈਸ ਚੇਅਰਮੈਨ ਰਮਨ ਕੁਮਾਰ (ਰਿੱਪੀ ਮਿੱਤਲ), ਮੈਂਬਰ ਬਲਵਿੰਦਰ ਸਿੰਘ, ਪਰਮਜੀਤ ਸਿੰਘ, ਰਚਨਾ ਮਿੱਤਲ, ਡਾਇਰੈਕਟਰ ਮੈਡਮ ਰਜਨੀਸ਼ ਕੌਰ, ਗੋਲਡਨ ਅਰਥ ਕਾਨਵੈਂਟ ਸਕੂਲ ਮੁੱਲਾਂਪੁਰ ਅਤੇ ਜੋਗਿਆਲਾ ਦੇ ਚੇਅਰਮੈਨ ਬਲਦੇਵ ਅਰੋੜਾ, ਸਪਰਿੰਗ ਫੀਲਡ ਕਾਨਵੈਂਟ ਸਕੂਲ ਦੇ ਚੇਅਰਮੈਨ ਨਰ ਸਿੰਘ ਬਰਾੜ, ਹਾਰਵਰਡ ਕਾਨਵੈਂਟ ਸਕੂਲ ਦੇ ਡਾਇਰੈਕਟਰ ਜਗਦੀਪ ਸਿੰਘ ਬਰਾੜ ਚੇਅਰਮੈਨ ਨਵਦੀਪ ਬਰਾੜ, ਪੰਜਾਬ ਕੋ-ਐਜੂਕੇਸ਼ਨ ਸਕੂਲ ਦੇ ਡਾਇਰੈਕਟਰ ਸੰਦੀਪ ਮਹਿਤਾ, ਸੇਂਟ ਜਾਰਡਨ ਸਕੂਲ ਦੇ ਚੇਅਰਮੈਨ ਜਸਪਾਲ ਸਿੰਘ, ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੇ ਡਾਇਰੈਕਟਰ ਮਨੋਜ ਕੁਮਾਰ ਤੇ ਸੁਕੇਸ਼ ਕੁਮਾਰ (ਸ਼ਿੰਕਾ), ਕ੍ਰਿਸ਼ਨ ਲਾਲ ਲੂਥਰਾ ਤੇ ਨੀਰਜ ਲੂਥਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੀ ਚੋਣ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੇ ਦਿੜ੍ਹਬਾ ਬਲਾਕ ਦੀ ਪਿੰਡ ਇਕਾਈ ਰਤਨਗੜ੍ਹ ਸਿੱਧੜਾਂ ਪਿੰਡ ਇਕਾਈ ਦੀ ਚੋਣ ਦਰਬਾਰਾ ਸਿੰਘ ਖੇਤਲਾ, ਰਣਵੀਰ ਸਿੰਘ ਬਘਰੌਲ ਦੀ ਅਗਵਾਈ ਹੇਠ ਪਿੰਡ ਦੀ ਸਾਂਝੀ ਜਗ੍ਹਾ ਗੁਰਦੁਆਰਾ ਸਾਹਿਬ ਪਿੰਡ ਦੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਕੀਤੀ ਗਈ।ਪ੍ਰਧਾਨ ਅਮਨਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ, ਮੀਤ ਪ੍ਰਧਾਨ ਸੁਖਪਾਲ ਸਿੰਘ, ਖਜ਼ਾਨਚੀ ਪਰਮਜੀਤ ਸਿੰਘ, ਜਰਨਲ ਸਕੱਤਰ ਸਰਬਾ ਸਿੰਘ, ਸਕੱਤਰ ਪਰਮਜੀਤ ਸਿੰਘ, ਪ੍ਰੈਸ ਸਕੱਤਰ ਹਰਜਿੰਦਰ ਸਿੰਘ/ਪਰਵਿੰਦਰ ਸਿੰਘ, ਪ੍ਰਚਾਰ ਸਕੱਤਰ ਮਹਿੰਦਰ ਸਿੰਘ, ਸੰਗਠਨ ਸਕੱਤਰ ਬਲਜਿੰਦਰ ਸਿੰਘ, ਮੁੱਖ ਸਲਾਹਕਾਰ ਦਰਸ਼ਨ ਸਿੰਘ, ਸਲਾਹਕਾਰ ਅਮਰੀਕ ਸਿੰਘ, ਸਹਾਇਕ ਖ਼ਜ਼ਾਨਚੀ ਬਲਵਿੰਦਰ ਸਿੰਘ, ਸੁੱਖਪਾਲ ਸਿੰਘ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮੰਡੀ ਦੇ ਪ੍ਰਬੰਧਾਂ ਤੋਂ ਨਾਖੁਸ਼ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਅੰਮ੍ਰਿਤਸਰ ਵੱਲੋਂ ਪੈਦਲ ਮਾਰਚ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਅੰਮ੍ਰਿਤਸਰ ਵੱਲੋਂ ਸਬਜ਼ੀ ਮੰਡੀ ਵੱਲਾ ਦੇ ਪ੍ਰਬੰਧਾਂ ਅੰਦਰ ਸੁਧਾਰ ਨੂੰ ਲੈ ਕਿ ਪੈਦਲ ਮਾਰਚ ਕੀਤਾ ਗਿਆ।ਮੰਡੀ ਅੰਦਰ ਸੜਕਾਂ ਉੱਪਰ ਨਜਾਇਜ਼ ਕਬਜ਼ਾ ਕਰਕੇ ਫੜ੍ਹੀਆਂ ਦਾ ਕੰਮ ਕਰ ਰਹੇ ਵਿਅਕਤੀਆਂ ਨੂੰ ਸੜਕਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਦੀ ਅਪੀਲ ਕੀਤੀ।ਉਥੇ ਜਥੇਬੰਦੀ ਦੇ ਆਗੂਆਂ ਨੇ ਮਾਰਕੀਟ ਕਮੇਟੀ ਅੰਮ੍ਰਿਤਸਰ ਦੇ ਅਧਿਕਾਰੀਆਂ ਦੇ ਢਿੱਲ-ਮੱਠ ਵਾਲੇ ਵਤੀਰੇ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਐਲਾਨ ਕੀਤਾ ਕਿ ਜੇਕਰ ਮੰਡੀ ਅੰਦਰ ਸੜਕਾਂ 'ਤੇ ਨਜਾਇਜ਼ ਕਬਜ਼ਿਆਂ ਅਤੇ ਠੇਕੇਦਾਰ ਦੀ ਧੱਕੇਸ਼ਾਹੀ ਨੂੰ ਬੰਦ ਨਾ ਕੀਤਾ ਤਾਂ ਸੰਘਰਸ਼ ਕੀਤਾ ਜਾਵੇਗਾ ਜਿਸ ਵਿੱਚ ਮੰਡੀ ਅੰਦਰ ਪੱਕਾ ਮੋਰਚਾ ਲਾ ਕੇ ਠੇਕੇਦਾਰ ਦੀ ਧੱਕੇਸ਼ਾਹੀ ਨੂੰ ਰੋਕਣ ਅਤੇ ਫੜ੍ਹੀਆਂ ਵਾਲਿਆਂ ਦੇ ਸੜਕਾਂ ਤੋਂ ਨਜਾਇਜ਼ ਕਬਜ਼ੇ ਹਟਾਉਣਾ ਮੁੱਖ ਨਿਸ਼ਾਨਾ ਹੋਵੇਗਾ।ਇਸ ਮੌਕੇ ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸਿੰਘ ਬੱਤਰਾ ਅਤੇ ਮਾਰਕੀਟ ਕਮੇਟੀ ਦੇ ਕਰਮਚਾਰੀਆਂ ਨੇ ਯਕੀਨ ਦਿਵਾਇਆ ਕਿ ਕੁਝ ਦਿਨਾਂ ਅੰਦਰ ਮੰਡੀ 'ਚ ਕੰਮ ਕਰਦੇ ਫੜ੍ਹੀਆਂ ਨੂੰ ਪੱਕੀ ਜਗ੍ਹਾ ਅਲਾਟ ਕਰਕੇ ਸੜਕਾਂ ਤੋਂ ਕਬਜ਼ੇ ਹਟਵਾ ਦਿੱਤੇ ਜਾਣਗੇ।ਮੰਡੀ ਅੰਦਰ ਕੰਮ ਕਰਦੇ ਠੇਕੇਦਾਰ ਦੇ ਕਰਮਚਾਰੀਆਂ ਵੱਲੋਂ ਮੰਡੀ ਅੰਦਰ ਆਉਣ ਵਾਲੇ ਵਹੀਕਲਾਂ ਕੋਲੋਂ ਮਨਮਰਜ਼ੀ ਨਾਲ ਮਾਰਕੀਟ ਕਮੇਟੀ ਵੱਲੋਂ ਤੈਅ ਕੀਤੇ ਗਏ ਰੇਟਾਂ ਤੋਂ ਵੱਧ ਪੈਸੇ ਵਸੂਲੇ ਜਾ ਰਹੇ ਹਨ, ਜਿਸ ਸਬੰਧੀ ਮੌਕੇ ਉਪਰ ਕੁਝ ਲੋਕਾਂ ਵੱਲੋਂ ਵਸੂਲੇ ਗਏ ਪੈਸਿਆਂ ਦੀਆਂ ਪਰਚੀਆਂ ਵੀ ਪੇਸ਼ ਕੀਤੀਆਂ ਜਿਨ੍ਹਾਂ ਉਪਰ ਹੱਥ ਨਾਲ ਸਿਰਫ ਗੱਡੀ ਨੰਬਰ ਦਰਜ ਕਰਕੇ ਮਨਮਰਜ਼ੀ ਨਾਲ ਪੈਸੇ ਵਸੂਲੇ ਗਏ ਸਨ।ਪੈਦਲ ਮਾਰਚ ਅੰਦਰ ਜਥੇਬੰਦੀ ਦੇ ਆਗੂਆਂ ਲਖਬੀਰ ਸਿੰਘ ਨਿਜ਼ਾਮਪੁਰ, ਪ੍ਰਧਾਨ ਭੁਪਿੰਦਰ ਸਿੰਘ ਤੀਰਥਪੁਰਾ, ਤਰਸੇਮ ਸਿੰਘ ਨੰਗਲ, ਕਰਨੈਲ ਸਿੰਘ ਨਵਾਂ ਪਿੰਡ, ਮਹਿਲ ਸਿੰਘ, ਪ੍ਰਤਾਪ ਸਿੰਘ, ਤੇਜਿੰਦਰ ਸਿੰਘ ਰਵੀ ਛਾਪਾ, ਜੱਸਵਿੰਦਰ ਸਿੰਘ, ਜਸਪਾਲ ਸਿੰਘ, ਅਮਰਪ੍ਰੀਤ ਸਿੰਘ ਬਾਊ ਨਬੀਪੁਰ, ਅਵਤਾਰ ਸਿੰਘ ਵਡਾਲਾ ਜੌਹਲ, ਗੁਰਮੇਜ ਸਿੰਘ, ਮਲਕੀਤ ਸਿੰਘ ਮੱਖਣਵਿੰਡੀ, ਧਰਮਿੰਦਰ ਸਿੰਘ ਕਿਲਾ, ਹਰਜੀਤ ਸਿੰਘ, ਅਮਰਜੀਤ ਸਿੰਘ, ਗੁਰਜੀਤ ਸਿੰਘ, ਤੇਜਿੰਦਰ ਸਿੰਘ, ਪਰਮਿੰਦਰ ਸਿੰਘ ਰਿੰਪਲ, ਹਰਪ੍ਰੀਤ ਸਿੰਘ, ਤਰਸੇਮ ਸਿੰਘ ਨੰਗਲ ਆਦਿ ਮੌਜੂਦ ਸਨ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਦਾ ਵਫ਼ਦ ਵਧੀਕ ਨਿਗਰਾਨ ਇੰਜੀਨੀਅਰ ਨੂੰ ਮਿਲਿਆ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਏਟਕ ਮੰਡਲ ਯੂਨਿਟ ਗੁਰਦਾਸਪੁਰ ਦਾ ਵਫ਼ਦ ਕਾਮਰੇਡ ਬਲਵਿੰਦਰ ਉਦੀਪੁਰ ਦੀ ਅਗਵਾਈ ਹੇਠ ਵਧੀਕ ਨਿਗਰਾਨ ਇੰਜੀਨੀਅਰ ਮੰਡਲ ਗੁਰਦਾਸਪੁਰ ਨੂੰ ਦਫ਼ਤਰ ਵਿਖੇ ਮਿਲਿਆ ਜਿਸ ਵਿਚ ਮੰਡਲ ਪ੍ਰਧਾਨ ਨਿਰਮਲ ਸਿੰਘ ਬਸਰਾ, ਰੂਪ ਲਾਲ, ਜੋਗਿੰਦਰ ਪਾਲ, ਰਣਜੀਤ ਸਿੰਘ ਦੋਰਾਂਗਲਾ, ਗੁਲਜ਼ਾਰੀ ਲਾਲ ਨੰਦਾ, ਨਿਰਮਲ ਸਿੰਘ ਸੋਹਲ ਪਰਮਜੀਤ ਸਿੰਘ ਆਦਿ ਆਗੂ ਸ਼ਾਮਿਲ ਹੋਏ। ਇਸ ਮੌਕੇ ਵਫ਼ਦ ਵੱਲੋਂ ਵਧੀਕ ਨਿਗਰਾਨ ਇੰਜੀਨੀਅਰ ਨੂੰ ਜਾਣੂੰ ਕਰਵਾਇਆ ਹੈ। ਪਾਵਰਕਾਮ ਦੇ ਮੁੱਖ ਦਫਤਰ ਪਟਿਆਲਾ ਦੀਆਂ ਹਦਾਇਤਾਂ ਅਨੁਸਾਰ 2016 ਤੋ ਤਨਖਾਹ ਸਕੇਲ ਦਾਂ ਬਕਾਇਆ ਏਰੀਅਰ ਦੀ ਪਹਿਲੀ ਕਿਸ਼ਤ ਅਪ੍ਰੈਲ ਮਹੀਨੇ ਦੀ ਪੈਨਸ਼ਨ ਨਾਲ ਮਿਲਣੀ ਚਾਹੀਦੀ ਸੀ ਜਿਹੜੀ ਕਿ ਵੱਡੀ ਗਿਣਤੀ ਵਿਚ ਪੈਨਸ਼ਨਰਜ਼ ਸਾਥੀ ਵਾਂਝੇ ਰਹਿ ਗਏ ਹਨ ਜਿਸ ਕਾਰਨ ਪੈਨਸ਼ਨਰਜ਼ ਸਾਥੀਆਂ ਵਿਚ ਭਾਰੀ ਰੋਸ ਹੈ। ਇਸ ਮੌਕੇ ਵਧੀਕ ਨਿਗਰਾਨ ਇੰਜੀਨੀਅਰ ਅਤੇ ਮੰਡਲ ਅਕਾਊਂਟੈਂਟ ਵੱਲੋਂ ਦੱਸਿਆ ਹੈ ਕਿ ਗੁਰਦਾਸਪੁਰ ਮੰਡਲ ਅਧੀਨ ਪੈਨਸ਼ਨਰਾਂ ਦੀ ਗਿਣਤੀ ਜ਼ਿਆਦਾ ਹੈ। ਇਸ ਦੇ ਬਾਵਜੂਦ 2020 ਤੱਕ ਦੇ ਸੇਵਾ ਮੁਕਤ ਕਰਮਚਾਰੀਆਂ ਨੂੰ ਪਹਿਲੀ ਕਿਸ਼ਤ ਖਾਤਿਆਂ ਵਿਚ ਪਾ ਦਿੱਤੀ ਗਈ ਹੈ, ਬਾਕੀ ਰਹਿ ਗਏ ਸਾਰੇ ਪੈਨਸ਼ਨਰਾਂ ਦੀਆਂ ਦੋ ਕਿਸ਼ਤਾਂ ਇਕੱਠੀਆਂ 21 ਮਈ ਤੱਕ ਉਨ੍ਹਾਂ ਦੇ ਖਾਤਿਆਂ ਵਿਚ ਪਾ ਦਿੱਤੀਆਂ ਜਾਣਗੀਆਂ।

# ਚੀਮਾ ਪਰਵਾਰ ਨੂੰ ਸਦਮਾ, ਬਲਵੀਰ ਸਿੰਘ ਚੀਮਾ ਦੇ ਭਤੀਜੇ ਦੀ ਮੌਤ

**ਨਕੋਦਰ (ਮਨਜੀਤ ਮਾਨ)**-ਬੀਤੇ ਕੱਲ੍ਹ ਨੂਰਮਹਿਲ ਦੇ ਨਜ਼ਦੀਕ ਚੀਮਾ ਕਲਾਂ ਚੌਂਕ ਵਿਖੇ ਚੀਮਾ ਖੁਰਦ ਦੇ ਰਹਿਣ ਵਾਲੇ ਪਾਲ ਚੰਦ ਚੀਮਾ ਦੇ ਪੁੱਤਰ ਗੁਰਪ੍ਰੀਤ ਉਰਫ਼ ਗੋਪਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ ਜੋ ਕਿ ਪਰਵਾਰ ਦਾ ਬਹੁਤ ਹੀ ਹੋਣਹਾਰ ਬੇਟਾ ਸੀ। ਬਲਵੀਰ ਸਿੰਘ ਚੀਮਾ ਸੂਬਾ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਤੇ ਚੇਅਰਮੈਨ 11 ਨਿਹੰਗ ਸਿੰਘ ਜਥੇਬੰਦੀਆਂ ਭਾਰਤ ਦਾ ਸਕਾ ਭਤੀਜਾ ਸੀ।ਗੁਰਪ੍ਰੀਤ ਗੋਪਾ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਚੀਮਾ ਖੁਰਦ (ਨੂਰਮਹਿਲ) ਦੇ ਸ਼ਮਸ਼ਾਨਘਾਟ ਵਿਖੇ ਨਮ ਅੱਖਾਂ ਨਾਲ ਕੀਤਾ ਗਿਆ। ਇਸ ਸਮੇਂ ਇਲਾਕੇ ਦੇ ਮੋਹਤਵਰ ਤੇ ਵੱਡੀ ਗਿਣਤੀ ਵਿਚ ਸਾਕ ਸਬੰਧੀਆਂ ਨੇ ਨਮ ਅੱਖਾਂ ਨਾਲ ਵਿਦਾਇਗੀ ਦਿੱਤੀ। ਉਨ੍ਹਾਂ ਦੀ ਅੰਤਿਮ ਅਰਦਾਸ ਪਿੰਡ ਚੀਮਾ ਖੁਰਦ ਵਿਖੇ 18 ਮਈ ਦਿਨ ਸੋਮਵਾਰ ਨੂੰ ਵਾਲਮੀਕਿ ਮੰਦਰ ਵਿਖੇ ਹੋਵੇਗੀ। ਇਸ ਮੌਕੇ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਲਈ ਦਲਬੀਰ ਸੱਭਰਵਾਲ ਭਾਜਪਾ ਆਗੂ,



ਕਾਮਰੇਡ ਨਿਰਮਲ ਸਿੰਘ ਮਲਸੀਆਂ, ਬੂਟਾ ਸਿੰਘ ਪੰਡੋਰੀ ਮੁੱਖ ਸੰਪਾਦਕ ਰੰਘਰੇਟਾ ਸੰਸਾਰ ਮੈਗਜ਼ੀਨ, ਜਗਦੀਸ਼ ਸਿੰਘ ਸ਼ੇਰਪੁਰੀ ਬਸਪਾ ਆਗੂ, ਦੇਵ ਸੁਮਨ ਬਸਪਾ ਆਗੂ, ਕੁਲਵੰਤ ਸਿੰਘ ਢੰਡੋਵਾਲ, ਤੇਜਾ ਸਿੰਘ ਬਾਸੀ ਅਕਾਲੀ ਆਗੂ, ਕਸ਼ਮੀਰਾ ਸਿੰਘ ਚੀਮਾ, ਪ੍ਰੇਮ ਸਿੰਘ ਚੀਮਾ, ਡਾ. ਬਲਦੇਵ ਸਿੰਘ ਚੀਮਾ, ਸੁਰਜੀਤ ਕੁਮਾਰ ਮੱਟੂ, ਧਰਮ ਪ੍ਰਚਾਰਕ, ਬਲਵੀਰ ਸਿੰਘ ਸੋਂਧੀ ਮੁੱਖ ਸੇਵਾਦਾਰ ਡੇਰਾ ਬਾਬਾ ਆਲਮ ਸ਼ਾਹ, ਅਜੈ ਕੁਮਾਰ ਮਾਹੂੰਵਾਲ ਧਰਮ ਪ੍ਰਚਾਰਕ ਆਦਿ ਇਲਾਕੇ ਦੇ ਮੋਹਤਵਰ ਸੱਜਣਾਂ ਨੇ ਚੀਮਾ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

# ਨਾਇਬ ਸਿੰਘ ਸੈਣੀ ਨੇ ਸੋਮਨਾਥ ਸਵਾਭਿਮਾਨ ਪਰਵ ਦੇ ਸਮਾਗਮ 'ਚ ਕੀਤੀ ਸ਼ਿਰਕਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਜ਼ਿਲ੍ਹਾ ਕੁਰੂਕਸ਼ੇਤਰ ਦੇ ਪਿਹੋਵਾ ਅਧੀਨ ਪੈਂਦੇ ਅਰੁਣਾਏ ਸਥਿਤ ਸ੍ਰੀ ਸੰਗਮੇਸ਼ਵਰ ਮਹਾਦੇਵ ਮੰਦਰ ਵਿਖੇ ਆਯੋਜਿਤ ਸੋਮਨਾਥ ਸਵਾਭਿਮਾਨ ਪਰਵ ਰਾਜ ਪੱਧਰੀ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਮੰਦਰ ਦੇ ਗਰਭਗ੍ਰਹਿ ਵਿੱਚ ਵਿਧੀ-ਵਿਧਾਨ ਅਨੁਸਾਰ ਪੂਜਾ-ਅਰਚਨਾ ਕੀਤੀ ਅਤੇ ਸੂਬਾ ਵਾਸੀਆਂ ਲਈ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।ਮੁੱਖ ਮੰਤਰੀ ਨੇ ਸਮਾਗਮ ਦੌਰਾਨ ਅਰੁਣਾਏ ਵਿੱਚ 101 ਔਰਤਾਂ ਦੀ ਕਲਸ਼ ਯਾਤਰਾ ਨੂੰ ਰਵਾਨਾ ਕੀਤਾ। ਧਾਰਮਿਕ ਅਤੇ ਅਧਿਆਤਮਿਕ ਮਾਹੌਲ ਵਿੱਚ ਕੱਢੀ ਗਈ ਇਸ ਕਲਸ਼ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਿੱਸਾ ਲਿਆ।ਇਸ ਮੌਕੇ ਮੁੱਖ ਮੰਤਰੀ ਨੇ 48 ਕੋਸ ਦੇ ਵੱਖ-ਵੱਖ ਤੀਰਥ ਅਸਥਾਨਾਂ ਤੋਂ ਪੁੱਜੇ ਸੰਤਾਂ-ਮਹਾਤਮਾਵਾਂ ਦਾ ਸਵਾਗਤ ਅਤੇ ਅਭਿਨੰਦਨ ਕੀਤਾ ਅਤੇ ਉਨ੍ਹਾਂ ਦਾ ਆਸ਼ੀਰਵਾਦ ਲਿਆ। ਉਨ੍ਹਾਂ ਨੇ ਕਿਹਾ ਕਿ ਅਜਿਹੇ ਧਾਰਮਿਕ ਅਤੇ ਸੱਭਿਆਚਾਰਕ ਸਮਾਗਮ ਸਾਡੀਆਂ ਅਮੀਰ ਪਰੰਪਰਾਵਾਂ, ਸੱਭਿਆਚਾਰਕ ਵਿਰਾਸਤ ਅਤੇ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨ ਦਾ ਕੰਮ ਕਰਦੇ ਹਨ। ਸਮਾਗਮ ਦੌਰਾਨ ਸ੍ਰੀ ਸੰਗਮੇਸ਼ਵਰ ਮਹਾਦੇਵ ਮੰਦਰ ਕੰਪਲੈਕਸ ਵਿੱਚ ਅਰੁਣਾਏ ਲੰਗਰ ਹਾਲ ਦਾ ਉਦਘਾਟਨ ਵੀ ਕੀਤਾ ਗਿਆ।ਇਸ ਮੌਕੇ ਮੁੱਖ ਮੰਤਰੀ ਨੇ ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ ਵੱਲੋਂ ਸੋਮਨਾਥ ਸਵਾਭਿਮਾਨ ਪਰਵ ਵਿਸ਼ੇ 'ਤੇ ਲਗਾਈ ਗਈ ਵਿਸ਼ੇਸ਼ ਪ੍ਰਦਰਸ਼ਨੀ ਦਾ ਉਦਘਾਟਨ ਅਤੇ ਨਿਰੀਖਣ ਵੀ ਕੀਤਾ।

# 5000 ਰੁਪਏ ਤੋਂ ਉਪਰ ਬਿੱਲ ਜਮ੍ਹਾ ਨਾ ਹੋਣ ਕਾਰਨ ਖਪਤਕਾਰ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**-ਬਿਜਲੀ ਦੇ ਘਰੇਲੂ ਖਪਤਕਾਰਾਂ ਵੱਲੋਂ ਆਪਣੇ ਬਿੱਲ 5000 ਤੋਂ ਵੱਧ ਰਾਸ਼ੀ ਦੇ ਜਮ੍ਹਾ ਨਾ ਕਰਵਾਏ ਜਾਣ ਕਾਰਨ ਉਨ੍ਹਾਂ ਦਾ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਊਸ਼ਾ ਕੁਮਾਰੀ ਵਾਸੀ ਗੁਰਦਾਸਪੁਰ ਦਾ ਘਰੇਲੂ ਬਿਜਲੀ ਬਿੱਲ 5510 ਰੁਪਏ ਆਇਆ ਸੀ ਜਿਸ ਨੂੰ ਜਮ੍ਹਾ ਕਰਵਾਉਣ ਲਈ ਜਦ ਸ਼ਹਿਰੀ ਉਪ ਮੰਡਲ ਦਫਤਰ ਵਿੱਚ ਗਏ ਤਾਂ ਕਾਊਂਟਰ 'ਤੇ ਬੈਠੇ ਵਿਅਕਤੀ ਵੱਲੋਂ 5000 ਤੋਂ ਵੱਧ ਰਾਸ਼ੀ ਜਮ੍ਹਾ ਕਰਵਾਉਣ ਤੋਂ ਮਨ੍ਹਾ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਇੱਥੇ ਸਿਰਫ ਇਕ ਸਮੇਂ ਵਿੱਚ 5000 ਦੀ ਰਕਮ ਹੀ ਜਮ੍ਹਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਾਂ ਤਾਂ ਇੰਨੀ ਰਕਮ ਆਨਲਾਈਨ ਜਮ੍ਹਾ ਕਰਵਾਓ ਜਾਂ ਇੱਥੇ ਅੱਜ 5000 ਰੁਪਏ ਹੀ ਜਮ੍ਹਾ ਹੋ ਸਕਦੇ ਹਨ ਅਤੇ ਬਾਕੀ 510 ਰੁਪਏ ਅਗਲੇ ਦਿਨ ਜਮ੍ਹਾ ਹੋਣਗੇ। ਸਿੱਟੇ ਵਜੋਂ ਉਨ੍ਹਾਂ ਵੱਲੋਂ ਸਿਰਫ 5000 ਰੁਪਏ ਹੀ ਜਮ੍ਹਾ ਕਰਵਾਏ ਗਏ ਜਦਕਿ ਬਾਕੀ ਰਹਿੰਦੇ 510 ਰੁਪਏ ਅਗਲੇ ਦਿਨ ਜਮ੍ਹਾ ਕਰਵਾਏ ਜਾਣਗੇ ਜਿਸ ਨਾਲ ਸਮੇਂ ਦੀ ਬਰਬਾਦੀ ਹੋਵੇਗੀ, ਪਰੇਸ਼ਾਨੀ ਵੱਖਰੀ। ਇਹ ਸਮਝ ਤੋਂ ਬਾਹਰ ਹੈ ਕਿ ਇੰਨੀ ਛੋਟੀ ਰਕਮ ਵੀ ਸਰਕਾਰ ਵੱਲੋਂ ਜਮ੍ਹਾ ਕਰਵਾਉਣ ਲਈ ਖਪਤਕਾਰਾਂ ਨੂੰ ਵਾਰ-ਵਾਰ ਦਫਤਰਾਂ ਦੇ ਚੱਕਰ ਲਗਾਉਣੇ ਪੈ ਰਹੇ ਹਨ। ਜਦ ਇਸ ਸਬੰਧੀ ਬਿਜਲੀ ਬੋਰਡ ਦੇ ਕਾਰਜਕਾਰੀ ਉਪ ਮੰਡਲ ਅਫਸਰ ਭੁਪਿੰਦਰ ਸਿੰਘ ਦਲੇਰ ਨਾਲ ਮੋਬਾਇਲ ਫੋਨ 'ਤੇ ਗੱਲਬਾਤ ਕਰਨੀ ਚਾਹੀ ਤਾਂ ਵਾਰ-ਵਾਰ ਕੋਸ਼ਿਸ਼ ਕਰਨ 'ਤੇ ਵੀ ਉਨ੍ਹਾਂ ਫੋਨ ਨਹੀਂ ਚੁੱਕਿਆ। ਲੋਕਾਂ ਨੇ ਬਿਜਲੀ ਬੋਰਡ ਦੇ ਐੱਸ. ਈ. ਗੁਰਦਾਸਪੁਰ ਅਤੇ ਚੇਅਰਮੈਨ ਬਿਜਲੀ ਬੋਰਡ ਪਾਸੋਂ ਮੰਗ ਕੀਤੀ ਕਿ ਇਸ ਮਸਲੇ ਵੱਲ ਵਿਸ਼ੇਸ਼ ਤੌਰ 'ਤੇ ਧਿਆਨ ਦੇ ਕੇ ਲੋਕਾਂ ਦੀ ਮੁਸ਼ਕਿਲ ਦਾ ਹੱਲ ਕੀਤਾ ਜਾਵੇ।

# ਐੱਸ ਐੱਮ ਓ ਨੇ ਆਮ ਆਦਮੀ ਕਲੀਨਿਕਾਂ ਦੀ ਕੀਤੀ ਚੈਕਿੰਗ



**ਬੁੱਲ੍ਹੋਵਾਲ (ਵਿਰਦੀ)**

ਸਿਹਤ ਵਿਭਾਗ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੀ ਐੱਚ ਸੀ ਚੱਕੋਵਾਲ ਅਧੀਨ ਆਉਂਦੇ ਆਮ ਆਦਮੀ ਕਲੀਨਿਕਾਂ ਦੀ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਕੌਰ ਨੇ ਚੈਕਿੰਗ ਕੀਤੀ। ਇਸ ਦੌਰਾਨ ਉਹਨਾਂ ਨਾਲ ਹਰਦੀਪ ਸਿੰਘ ਬੀ ਈ ਈ ਅਤੇ ਐੱਲ ਐੱਚ ਵੀ ਕਮਲਜੀਤ ਕੌਰ ਵੀ ਹਾਜ਼ਰ ਸਨ। ਇਸ ਮੌਕੇ ਜਾਣਕਾਰੀ ਦਿੰਦਿਆਂ ਐੱਸ ਐੱਮ ਓ. ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਆਮ ਆਦਮੀ ਕਲੀਨਿਕਾਂ ਰਾਹੀਂ ਲੋਕਾਂ ਤੱਕ ਵਧੀਆ ਸਿਹਤ ਸਹੂਲਤਾਂ ਪਹੁੰਚਾਉਣ ਦਾ ਯਤਨ ਕਰ ਰਹੀ ਹੈ। ਆਮ ਆਦਮੀ ਕਲੀਨਿਕਾਂ ਵਿਚ ਪਰਚੀ ਫੀਸ ਨਹੀਂ ਲੱਗਦੀ ਹੈ ਤੇ ਨਾ ਹੀ ਕੋਈ ਟੈਸਟ ਦਾ ਪੈਸਾ ਲਿਆ ਜਾਂਦਾ ਹੈ ਤੇ ਦਵਾਈਆਂ ਵੀ ਬਿਲਕੁਲ ਮੁਫ਼ਤ ਮਿਲਦੀਆਂ ਹਨ।ਐੱਸ ਐੱਮ ਓ. ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਬਲਾਕ ਪੀ ਐੱਚ ਸੀ ਚੱਕੋਵਾਲ ਅਧੀਨ ਆਉਣ ਵਾਲੇ 9 ਆਮ ਆਦਮੀ ਕਲੀਨਿਕਾਂ ਵਿਚ ਨਾ ਦਵਾਈ ਦੀ ਘਾਟ ਹੈ ਤੇ ਨਾ ਹੀ ਸਟਾਫ ਦੀ ਘਾਟ ਹੈ। ਲੋਕਾਂ ਨੂੰ ਨਿਰਵਿਘਨ ਸਿਹਤ ਸਹੂਲਤਾਂ ਮਿਲ ਰਹੀਆਂ ਹਨ। ਉਹਨਾਂ ਕਲੀਨਿਕ ਵਿੱਚ ਦਵਾਈਆਂ, ਓ ਪੀ ਡੀ, ਟੈਸਟਾਂ ਦਾ ਰਿਕਾਰਡ ਚੈੱਕ ਕੀਤਾ। ਇਸ ਮੌਕੇ ਹਰਦੀਪ ਸਿੰਘ ਬੀ.ਈ.ਈ. ਨੇ ਦੱਸਿਆ ਕਿ ਐੱਸ ਐੱਮ ਓ ਡਾ. ਮਨਪ੍ਰੀਤ ਕੌਰ ਨੇ ਪੰਡੋਰੀ ਮਾਇਲ, ਬੁੱਲ੍ਹੋਵਾਲ ਅਤੇ ਨੰਦਾਚੌਰ ਦੇ ਆਮ ਆਦਮੀ ਕਲੀਨਿਕ ਚੈੱਕ ਕੀਤੇ। ਇਸ ਦੌਰਾਨ ਸਾਰੇ ਸਟਾਫ ਮੈਂਬਰ ਹਾਜ਼ਿਰ ਸਨ। ਐੱਸ ਐੱਮ ਓ ਡਾ. ਮਨਪ੍ਰੀਤ ਕੌਰ ਨੇ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ ਅਤੇ ਮਰੀਜ਼ ਵੀ ਆਮ ਆਦਮੀ ਕਲੀਨਿਕਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਨਾਲ ਸੰਤੁਸ਼ਟ ਨਜ਼ਰ ਆਏ।

# ਸਾਲਾਨਾ ਬਰਸੀ ਸਮਾਗਮ ਭਲਕੇ

**ਆਦਮਪੁਰ (ਪਰਮਜੀਤ ਸਿੰਘ)**-ਫਗਵਾੜਾ ਤੋਂ ਹੁਸ਼ਿਆਰਪੁਰ ਰੋਡ ਤੇ ਸਥਿਤ ਡੇਰਾ ਸ੍ਰੀ ਗੁਰੂ ਹਰਗੋਬਿੰਦਗੜ੍ਹ ਸਾਹਿਬ (ਭੋਗਪੁ ਰ)ਨੇੜੇ ਫਗਵਾੜਾ ਵਿਖੇ ਬ੍ਰਹਮ ਗਿਆਨੀ ਪਰਮ ਪੂਜਨੀਕ ਸੀਮਾਨ੍ ਸੰਤ ਬਾਬਾ ਰਣਜੀਤ ਸਿੰਘ ਦੀ ਸਾਲਾਨਾ 29 ਵੀਂ ਪਵਿੱਤਰ ਯਾਦ ਦੇ ਸੰਬੰਧ ਵਿੱਚ 13 ਮਈ ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਪ੍ਰੈੱਸ ਨੂੰ ਉਕਤ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਤਲਵਿੰਦਰ ਸਿੰਘ (ਬਾਬਾ ਪਰਮੇਸ਼ਰ ਸਿੰਘ) ਨੇ ਦੱਸਿਆ ਕਿ ਇਸ ਮੌਕੇ ਸ੍ਰੀ ਅਖੰਡ ਪਾਠਾਂ ਸਾਹਿਬ ਦੇ ਭੋਗ ਪਾਏ ਜਾਣਗੇ ਉਪਰੰਤ ਖੁੱਲੇ ਪੰਡਾਲ ਵਿੱਚ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਉੱਘੇ ਰਾਗੀ ਢਾਡੀ ਤੇ ਪ੍ਰਚਾਰਕ ਗੁਰਮਤਿ ਵਿਚਾਰਾਂ ਰਾਹੀਂ ਸ਼ਰਧਾਲੂਆ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਕਈ ਪ੍ਰਕਾਰ ਦੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਤੋਂ ਇਲਾਵਾ ਗੁਰੂ ਘਰ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਪੇਂਡੂ ਵਿਕਾਸ ਮੰਤਰਾਲੇ ਵੱਲੋਂ ਆਰਸੈਟੀ 'ਚ 35 ਦਿਨਾ ਬਿਊਟੀ ਪਾਰਲਰ ਦਾ ਕੋਰਸ ਸ਼ੁਰੂ

**ਗੁਰਦਾਸਪੁਰ,(ਜਨਕ ਮਹਾਜਨ)**

ਭਾਰਤ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਜਾਬ ਨੈਸ਼ਨਲ ਬੈਂਕ ਪਠਾਨਕੋਟ ਦੇ ਸਰਕਲ ਹੈੱਡ ਅਮਿਤ ਕੁਮਾਰ ਰਾਉਤ ਤੇ ਜਸਵਿੰਦਰਪਾਲ ਸਿੰਘ ਲੀਡ ਚੀਫ਼ ਡਿਸਟ੍ਰਿਕਟ ਮੈਨੇਜਰ ਗੁਰਦਾਸਪੁਰ ਦੀ ਦੇਖ ਰੇਖ ਤੇ ਬਲਬੀਰ ਰਾਜ ਡਾਇਰੈਕਟਰ ਆਰਸੈਟੀ ਗੁਰਦਾਸਪੁਰ ਦੀ ਅਗਵਾਈ ਹੇਠ ਪੰਜਾਬ ਨੈਸ਼ਨਲ ਬੈਂਕ ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਸੰਸਥਾ ਗੁਰਦਾਸਪੁਰ ਵਿਚ ਔਰਤਾਂ ਲਈ ਬਿਊਟੀ ਪਾਰਲਰ ਦਾ 35 ਦਿਨਾਂ ਦਾ ਟਰੇਨਿੰਗ ਕੋਰਸ ਕਰਵਾਇਆ ਜਾ ਰਿਹਾ ਹੈ। ਇਸ ਕੋਰਸ ਵਿਚ 30 ਵਿਦਿਆਰਥਣਾਂ ਹਿੱਸਾ ਲੈ ਰਹੀਆਂ ਹਨ ਜਿਨ੍ਹਾਂ ਨੂੰ ਇਸ ਕੋਰਸ ਦੇ ਸਬੰਧ ਵਿਚ ਪੂਰੀ ਜਾਣਕਾਰੀ ਦਿੱਤੀ ਜਾਵੇਗੀ। ਇਸ ਸਿਖਲਾਈ ਸੰਸਥਾ ਵਿਚ ਪੁੱਜੇ ਪੰਜਾਬ ਨੈਸ਼ਨਲ ਬੈਂਕ ਪਠਾਨਕੋਟ ਤੋਂ ਸਰਕਲ ਹੈਡ ਅਮਿਤ ਕੁਮਾਰ ਰਾਉਤ ਵਲੋਂ ਸਿੱਖਿਆਰਥੀਆਂ ਨੂੰ ਉਦਮਿਤਾ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਗਿਆ। ਡਾਇਰੈਕਟਰ ਬਲਬੀਰ ਰਾਜ ਨੇ ਦੱਸਿਆ ਕਿ ਇਹ ਸੰਸਥਾ 1 ਅਪ੍ਰੈਲ 2024 ਤੋਂ ਗੁਰਦਾਸਪੁਰ ਵਿਚ ਚੱਲ ਰਹੀ ਹੈ ਜਿਸ ਵਿਚ ਵੱਖ-ਵੱਖ ਟਰੇਨਿੰਗ ਪ੍ਰੋਗਰਾਮਾਂ ਤਹਿਤ ਹੁਣ ਤੱਕ 1287 ਸਿੱਖਿਆਰਥੀਆਂ ਨੂੰ ਟਰੇਨਿੰਗ ਦਿੱਤੀ ਜਾ ਚੁੱਕੀ ਹੈ। ਇਸ ਸੰਸਥਾ ਵਲੋਂ ਕਰਵਾਏ ਜਾਂਦੇ ਟਰੇਨਿੰਗ ਪ੍ਰੋਗਰਾਮ ਬਿਲਕੁਲ ਮੁਫ਼ਤ ਵਿਚ ਕਰਵਾਏ ਜਾਂਦੇ ਹਨ। ਇਸ ਦੇ ਨਾਲ-ਨਾਲ ਸਿੱਖਿਆਰਥੀਆਂ ਨੂੰ ਟਰੇਨਿੰਗ ਮਟੀਰੀਅਲ, ਸ਼ਟੇਸ਼ਨਰੀ,



ਯੂਨੀਫਾਰਮ, ਸਵੇਰ/ਸ਼ਾਮ ਦੀ ਚਾਹ, ਦੁਪਹਿਰ ਦਾ ਖ਼ਾਣਾ ਵੀ ਮੁਫ਼ਤ ਵਿਚ ਮੁਹੱਈਆ ਕਰਵਾਇਆ ਜਾਂਦਾ ਹੈ। ਬਲਬੀਰ ਰਾਜ ਨੇ ਗ਼ਰੀਬ ਅਤੇ ਲੋੜਵੰਦ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਵਧ ਚੜ੍ਹ ਕੇ ਇਸ ਸੈਂਟਰ ਵਿਖੇ ਸਮੇਂ-ਸਮੇਂ ਸਿਰ ਚੱਲ ਰਹੇ ਸਿਖਲਾਈ ਕੋਰਸਾਂ ਵਿਚ ਦਾਖਲਾ ਲੈਣ ਅਤੇ ਸਵੈ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰਨ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਦੁਆਰਾ ਕਾਫ਼ੀ ਸਿੱਖਿਆਰਥਣਾਂ ਹੁਣ ਤੱਕ ਵੱਖ-ਵੱਖ ਕੋਰਸਾਂ ਦੀ ਟਰੇਨਿੰਗ ਲੈ ਕੇ ਆਪਣਾ ਜੀਵਨ ਪੱਧਰ ਉੱਚਾ ਕਰ ਚੁੱਕੀਆਂ ਹਨ।

# ਫਸਲੀ ਰਹਿੰਦ-ਖੂੰਹਦ ਸਾੜਨ ਦੇ ਰੁਝਾਨ ਨੂੰ ਠੱਲ੍ਹਣ ਲਈ ਡੀਸੀ ਤੇ ਐੱਸਐੱਸਪੀ ਵੱਲੋਂ ਪਿੰਡਾਂ ਦਾ ਦੌਰਾ

**ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)**

ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਵੱਲੋਂ ਫਸਲ ਦੀ ਰਹਿੰਦ ਖੂੰਹਦ ਸਾੜਨ ਦੇ ਰੁਝਾਨ ਨੂੰ ਠੱਲ੍ਹ ਪਾਉਣ ਲਈ ਪਿੰਡਾਂ ਦਾ ਦੌਰਾ ਕੀਤਾ ਗਿਆ ਅਤੇ ਆਪਣੀ ਮੌਜੂਦਗੀ ਵਿੱਚ ਖੇਤਾਂ ਵਿੱਚ ਲੱਗੀ ਅੱਗ ਨੂੰ ਫਾਇਰ ਬਿਰਗੇਡ, ਸਿਵਲ ਤੇ ਪੁਲਸ ਵਿਭਾਗ ਦੀਆਂ ਟੀਮਾਂ ਦੇ ਸਹਿਯੋਗ ਨਾਲ ਬੁਝਵਾਇਆ ਗਿਆ।ਇਸ ਮੌਕੇ ਐੱਸਐੱਸਪੀ ਆਦਿਤਿਆ ਅਤੇ ਐੱਸਡੀਐੱਮ ਅਨੁਪ੍ਰੀਤ ਕੌਰ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਰਣਧੀਰ ਠਾਕਰ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਆਦਿਤਿਆ ਉੱਪਲ ਜਦੋਂ ਬਲਾਕ ਕਾਹਨੂੰਵਾਨ ਦੇ ਪਿੰਡ ਕੋਟ ਧੰਦਲ, ਗੋਤ, ਭਿੱਟੇਵਿੰਡ, ਜਾਗੋਵਾਲ ਬਾਂਗਰ, ਕੀੜੀ ਅਤੇ ਨੈਨੇਕੋਟ ਦਾ ਦੌਰਾ ਕਰ ਰਹੇ ਸਨ ਤਾਂ ਉਨ੍ਹਾਂ ਰਸਤੇ ਵਿਚ ਖੇਤਾਂ ਵਿੱਚ ਲੱਗੀ ਅੱਗ ਨੂੰ ਦੇਖਿਆ।ਉਹ ਤੁਰੰਤ



ਕਾਰ ਰੋਕ ਕੇ ਖੁਦ ਖੇਤ ਵਿੱਚ ਗਏ ਤੇ ਫਾਇਰ ਬਿਰਗੇਡ ਤੇ ਸਿਵਲ ਤੇ ਪੁਲਸ ਦੀਆਂ ਟੀਮਾਂ ਦੇ ਸਹਿਯੋਗ ਨਾਲ ਲੱਗੀ ਅੱਗ ਨੂੰ ਬੁਝਵਾਇਆ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮੁੱਚਾ ਪ੍ਰਸ਼ਾਸਨ, ਜਿਸ ਵਿੱਚ ਸਿਵਲ ਤੇ ਪੁਲਸ ਵਿਭਾਗ ਸ਼ਾਮਲ ਹੈ, ਵੱਲੋਂ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਮਿਲ ਰਹੇ ਹਨ ਅਤੇ ਕਣਕ ਦੀ ਫਸਲ ਦੀ ਰਹਿੰਦ ਖੂੰਹਦ ਨਾ ਸਾੜਨ ਦੀ ਅਪੀਲ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਪਰਾਲੀ ਸਾੜਨ ਦੀਆਂ ਵਾਪਰ ਰਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਦੇ ਉਹ ਆਪ ਖੁਦ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰ ਰਹੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪਿੰਡਾਂ ਦੇ ਕਿਸਾਨਾਂ ਨੂੰ ਮਿਲ ਕੇ ਨਾੜ ਨਾ ਸਾੜਨ ਦੀ ਅਪੀਲ ਕੀਤੀ।ਇਸ ਮੌਕੇ ਕਿਸਾਨਾਂ ਵੱਲੋਂ ਪਰਾਲੀ ਨਾ ਸਾੜਨ ਲਈ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਦਾ ਯਕੀਨ ਵੀ ਦਿਵਾਇਆ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਕਮਾਂ ਦੀ ਪਾਲਣਾ ਕਰਨ ਵਾਲੇ ਕਿਸਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ 'ਵਾਤਾਵਰਣ ਦੇ ਰਖਵਾਲੇ' ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਨਾਲ ਪੂਰਨ ਸਹਿਯੋਗ ਕਰ ਰਿਹਾ ਹੈ ਅਤੇ ਜੇਕਰ ਫਿਰ ਵੀ ਕਿਸਾਨ ਪਰਾਲੀ ਨੂੰ ਅੱਗ ਲਗਾਉਂਦੇ ਹਨ ਤਾਂ ਮਜਬੂਰਨ ਮਾਣਯੋਗ ਸੁਪਰੀਮ ਕੋਰਟ ਅਤੇ ਮਾਣਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਤਹਿਤ ਕਾਰਵਾਈ ਕੀਤੀ ਜਾਂਦੀ ਹੈ।ਇਸ ਮੌਕੇ ਐੱਸਐੱਸਪੀ ਗੁਰਦਾਸਪੁਰ ਆਦਿਤਿਆ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪੁਲਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।ਉਨ੍ਹਾਂ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਅਨੁਸਾਰ ਹੀ ਖੇਤੀ ਕਰ ਦੀ ਅਪੀਲ ਕਰਦਿਆਂ ਕਿਹਾ ਕਿ ਨਾੜ ਸਾੜਨ ਨਾਲ ਧਰਤੀ ਦੀ ਉਪਜਾਊ ਸ਼ਕਤੀ ਖਤਮ ਹੁੰਦ ਹੈ।ਵਾਤਾਵਰਣ ਦੂਸ਼ਿਤ ਹੁੰਦਾ ਹੈ।ਧੂੰਏ ਕਾਰਨ ਸੜਕੀ ਹਾਦਸੇ ਵਾਪਰਦੇ ਹਨ।ਪੰਛੀਆਂ ਦੀਆਂ ਜਾਨਾਂ ਜਾਂਦੀਆਂ ਹਨ।ਸੜਕਾਂ ਕਿਨਾਰੇ ਲੱਗੇ ਬੂਟੇ ਸੜ ਜਾਂਦੇ ਹਨ।ਇਸ ਲਈ ਮਾਨਵਤਾ ਦੀ ਭਲਾਈ ਨੂੰ ਮੁੱਖ ਰੱਖਦਿਆਂ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਈ ਜਾਵੇ।

# ਕਸਬਾ ਝਬਾਲ 'ਚ ਕਈ ਨਾਮਵਰ ਪਰਿਵਾਰਾਂ ਨੇ ਅਕਾਲੀ ਦਲ ਬਾਦਲ ਦਾ ਪੱਲਾ ਫੜਿਆ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਵਿਧਾਨ ਸਭਾ ਹਲਕਾ ਤਰਨਤਾਰਨ ਦੀ ਸਿਆਸਤ ਦੇ ਕੇਂਦਰ ਬਿੰਦੂ ਕਸਬਾ ਝਬਾਲ ਵਿੱਚ ਉਸ ਵੇਲੇ ਆਮ ਆਦਮੀ ਪਾਰਟੀ ਨੂੰ ਵੱਡਾ ਸਿਆਸੀ ਝਟਕਾ ਲੱਗਿਆ ਜਦੋਂ ਅੱਡਾ ਝਬਾਲ ਤੋਂ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ, ਵਪਾਰਕ ਵਰਗ ਅਤੇ ਕਈ ਨਾਮਵਰ ਪਰਿਵਾਰਾਂ ਨੇ 'ਆਪ' ਨੂੰ ਅਲਵਿਦਾ ਕਹਿ ਕੇ ਹਲਕਾ ਇੰਚਾਰਜ ਤਰਨਤਾਰਨ ਬੀਬਾ ਕੰਚਨਪ੍ਰੀਤ ਕੌਰ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਸ਼ਾਮਲ ਹੋਣ ਵਾਲਿਆਂ ਵਿੱਚ ਕੀਮਤੀ ਲਾਲ ਸ਼ਾਹ ਪਰਿਵਾਰ, ਜਸਵਿੰਦਰ ਖੁੱਲਰ (ਜੱਸ ਬੈਕਰੀ), ਵਿੱਕੀ ਟੈਲੀਕਾਮ, ਸੰਦੀਪ ਧਵਨ, ਸਾਹਿਲ ਧਵਨ, ਸੌਰਵ ਧਵਨ, ਸੁਸ਼ਾਂਤ, ਨੀਰਜ, ਗੌਤਮ ਖੁੱਲਰ, ਸੇਠੀ ਕਲਾਥ ਹਾਊਸ, ਰਘੁਬੀਰ ਸਿੰਘ ਸੇਠੀ, ਧਵਨ ਕਲੀਨਿਕ ਸਮੇਤ ਹੋਰ ਅਨੇਕਾਂ ਪਰਿਵਾਰ ਅਤੇ ਦੁਕਾਨਦਾਰ ਸ਼ਾਮਲ ਹਨ, ਨੂੰ ਪਾਰਟੀ ਵਿਚ ਜੀ ਆਇਆਂ ਆਖਦਿਆਂ ਹਲਕਾ ਇੰਚਾਰਜ ਬੀਬਾ ਕੰਚਨਪ੍ਰੀਤ ਕੌਰ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸ਼ਾਮਲ ਹੋਏ ਪਰਿਵਾਰਾਂ ਅਤੇ ਵਪਾਰੀਆਂ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ-ਪੱਖੀ ਨੀਤੀਆਂ, ਪੰਜਾਬ ਹਿਤੈਸ਼ੀ ਸੋਚ ਅਤੇ ਇਲਾਕੇ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ।ਇਸ ਮੌਕੇ ਸਾਬਕਾ ਚੇਅਰਮੈਨ ਹਰਵੰਤ ਸਿੰਘ ਝਬਾਲ, ਸਾਬਕਾ ਵਾਈਸ ਚੇਅਰਮੈਨ ਗੁਰਬੀਰ ਸਿੰਘ ਝਬਾਲ, ਅਕਾਲੀ ਆਗੂ ਪੂਰਨ ਸਿੰਘ ਝਬਾਲ, ਸਾਬਕਾ ਸਰਪੰਚ ਕਾਕਾ ਛਾਪਾ, ਸਾਬਕਾ ਸਰਪੰਚ ਮਨਜਿੰਦਰ ਸਿੰਘ ਐਮਾਂ, ਸਾਬਕਾ ਸਰਪੰਚ ਜੱਗਾ ਸਵਰਗਪੁਰੀ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬਾਬਾ ਲੰਗਾਹ, ਆੜ੍ਹਤੀ ਗੁਰਸੇਵਕ ਸਿੰਘ ਕੋਟ ਸਮੇਤ ਹੋਰ ਅਕਾਲੀ ਆਗੂ ਵੀ ਮੌਜੂਦ ਸਨ।

# ਖ਼ਾਲਸਾ ਕਾਲਜ ਆਫ ਨਰਸਿੰਗ ਵੱਲੋਂ 120 ਵਿਦਿਆਰਥਣਾਂ ਨੂੰ ਡਿਗਰੀਆਂ ਪ੍ਰਦਾਨ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਨਰਸਿੰਗ ਸਿਰਫ਼ ਇਕ ਪੇਸ਼ਾ ਨਹੀਂ, ਸਗੋਂ ਮਨੁੱਖਤਾ ਦੀ ਸੇਵਾ ਦਾ ਸਭ ਤੋਂ ਉੱਚਾ ਰੂਪ ਹੈ।ਇਕ ਨਰਸ ਮਰੀਜ਼ ਲਈ ਸਿਰਫ਼ ਸਿਹਤ ਕਰਮਚਾਰੀ ਨਹੀਂ ਹੁੰਦੀ, ਬਲਕਿ ਉਹ ਉਸ ਲਈ ਹੌਂਸਲੇ, ਸਹਾਰੇ ਅਤੇ ਵਿਸ਼ਵਾਸ ਦਾ ਸਰੋਤ ਬਣਦੀ ਹੈ।ਹਸਪਤਾਲਾਂ ਅਤੇ ਸਿਹਤ ਸੇਵਾਵਾਂ 'ਚ ਨਰਸਾਂ ਮਰੀਜ਼ਾਂ ਦੀ ਦੇਖਭਾਲ ਦਾ ਅਹਿਮ ਹਿੱਸਾ ਹਨ। ਇਹ ਵਿਚਾਰ ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਕਰਵਾਈ ਗਈ ਤੀਸਰੀ ਕਾਨੋਵੋਕੇਸ਼ਨ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਪੰਜਾਬ ਨਰਸਿੰਗ ਰਜਿਸਟਰੇਸ਼ਨ ਕੌਂਸਲ, ਮੋਹਾਲੀ ਦੇ ਰਜਿਸਟਰਾਰ ਪੁਨੀਤ ਗਿਰਧਰ ਨੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਜ਼ਾਹਿਰ ਕੀਤੇ।ਇਸ ਤੋਂ ਪਹਿਲਾਂ ਸ੍ਰੀ ਗਿਰਧਰ, ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ, 'ਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਦਾ ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਤੇ ਸਟਾਫ਼ ਦੁਆਰਾ ਫ਼ੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ।ਉਪਰੰਤ ਸ੍ਰੀ ਗਿਰਧਰ, ਸ: ਛੀਨਾ, ਡਾ. ਮਹਿਲ ਸਿੰਘ ਅਤੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਸ਼ਮ੍ਹਾ ਰੌਸ਼ਨ ਕਰਕੇ ਡਿਗਰੀ ਵੰਡ ਸਮਾਰੋਹ ਦੀ ਸ਼ੁਰੂਆਤ ਕੀਤੀ, ਜਿਸ ਦੌਰਾਨ 120 ਦੇ ਕਰੀਬ ਵਿਦਿਆਰਥੀਆਂ ਨੂੰ ਡਿਗਰੀਆਂ ਅਤੇ ਹੋਰਨਾਂ ਗਤੀਵਿਧੀਆਂ 'ਚ ਸ਼ਾਨਦਾਰ ਪ੍ਰਦਰਸ਼ਨ ਲਈ ਟਰਾਫ਼ੀ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਕਾਲਜ ਦੀਆਂ ਸਰਗਰਮੀਆਂ ਸਬੰਧੀ ਰਿਪੋਰਟ ਪੜ੍ਹੀ ਅਤੇ ਅਕਾਦਮਿਕ, ਖੇਡਾਂ ਅਤੇ ਪਾਠਕ੍ਰਮ ਤੋਂ ਇਲਾਵਾ ਹੋਰਨਾਂ ਗਤੀਵਿਧੀਆਂ ਦੇ ਖੇਤਰ 'ਚ ਕਾਲਜ ਦੇ ਵਿਦਿਆਰਥੀਆਂ ਅਤੇ ਫੈਕਲਟੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ।ਉਨ੍ਹਾਂ ਨੇ ਕਾਲਜ ਦੇ ਸਮੁੱਚੇ ਵਿਕਾਸ ਅਤੇ ਤਰੱਕੀ ਲਈ ਗਵਰਨਿੰਗ ਕੌਂਸਲ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਿਵੇਂ ਉਨ੍ਹਾਂ ਦੇ ਵਿਦਿਆਰਥੀ ਨਰਸਿੰਗ ਸਿੱਖਿਆ ਦੇ ਵੱਖ-ਵੱਖ ਖੇਤਰਾਂ 'ਚ ਤਰੱਕੀ ਹਾਸਲ ਕਰ ਰਹੇ ਹਨ।

# ਆਰਤੀ ਸ਼ਿਵ ਦੁਰਗਾ ਮੰਦਰ 'ਚ 30ਵਾਂ ਚਾਰ ਦਿਨਾ ਸਰਵ ਧਰਮ ਸੰਮੇਲਨ ਸੰਪੰਨ



**ਅੰਮ੍ਰਿਤਸਰ (ਅਰੋੜਾ)**

ਆਰਤੀ ਸ਼ਿਵ ਦੁਰਗਾ ਮੰਦਰ ਵਿੱਚ 30ਵਾਂ ਸਰਵ ਧਰਮ ਸੰਮੇਲਨ ਬੜੇ ਵਿਧੀ ਵਿਧਾਨ ਅਤੇ ਸ਼ਰਧਾ ਭਾਵਨਾ ਦੇ ਨਾਲ ਮੰਦਰ ਦੇ ਮੈਦਾਨ ਵਿਖੇ ਸੰਪੰਨ ਹੋਇਆ।ਸੰਮੇਲਨ ਵਿੱਚ ਪੂਰੇ ਭਾਰਤ ਤੋਂ ਮਹਾਨ ਸੰਤਾਂ ਮਹਾਤਮਾਵਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਰੋਜ਼ਾਨਾ ਸੰਤ ਸੰਮੇਲਨ ਵਿੱਚ ਸ਼ਾਮਿਲ ਹੋਣ ਵਾਲੇ ਸ਼ਰਧਾਲੂਆਂ ਨੂੰ ਬਾਣੀ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।ਸ਼ਰਧਾਲੂਆਂ ਨੇ ਭਾਰਤ ਦੇ ਵੱਖ- ਵੱਖ ਰਾਜਾਂ ਤੋਂ ਆਏ ਸੰਤ ਮਹਾਤਮਾਵਾਂ ਮਹਾਂਮੰਡਲੇਸ਼ਵਰਾਂ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ।ਆਸ਼ੀਰਵਾਦ ਪ੍ਰਾਪਤ ਕਰਨ ਵਾਲਿਆ ਦੇ ਵਿੱਚ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ, ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ, ਸਾਬਕਾ ਕੈਬਨਿਟ ਮੰਤਰੀ ਡਾ. ਰਾਜ ਕੁਮਾਰ ਵੇਰਕਾ, ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੌਰਵ ਮਿੱਠੂ ਮਦਾਨ, ਸਾਬਕਾ ਪ੍ਰਧਾਨ ਅਸ਼ਵਨੀ ਪੱਪੂ, ਜ਼ਿਲ੍ਹਾ ਮਹਿਲਾ ਕਾਂਗਰਸ ਕਮੇਟੀ ਦੀ ਨਵੀਂ ਬਣੀ ਪ੍ਰਧਾਨ ਰਜਨੀ ਸ਼ਰਮਾ, ਕੌਂਸਲਰ ਵਿਕਾਸ ਸੋਨੀ, ਸੀਨੀਅਰ ਕਾਂਗਰੇਸੀ ਨੇਤਾ ਸਮਾਜ ਸੇਵਕ ਸਤੀਸ਼ ਬੱਲੂ, ਰਮਨ ਰੰਮੀ, ਗੌਤਮ ਅਰੋੜਾ, ਅਕਸ਼ੇ ਕੁਮਾਰ, ਕ੍ਰਿਸ਼ਨਾ ਦੇਵਗਨ ਅਤੇ ਦੁਰਗਿਆਣਾ ਮੰਦਰ ਕਮੇਟੀ ਦੇ ਸੀਨੀਅਰ ਅਹੁਦੇਦਾਰ ਸੰਜੀਵ ਖੰਨਾ, ਮੰਦਰ ਬਾਬਾ ਭੌੜੇ ਵਾਲਾ ਮੰਦਿਰ ਕਮੇਟੀ ਦੇ ਚੇਅਰਮੈਨ ਅਸ਼ੋਕ ਬੇਦੀ ਅਤੇ ਮਹਾਂ ਨਗਰ ਦੇ ਸਾਰੇ ਰਾਜਸੀ ਅਤੇ ਧਾਰਮਿਕ ਨੇਤਾ ਸ਼ਾਮਲ ਸਨ। ਮਾਤਾ ਆਰਤੀ ਦੇਵਾ ਜੀ ਅਤੇ ਮੰਦਰ ਦੇ ਪ੍ਰਮੁੱਖ ਸੇਵਕ ਸੁਮਿਤ ਸ਼ਾਸਤਰੀ, ਅਮਿਤ ਕੁਮਾਰ ਨੇ ਸਾਰੇ ਸੰਤ ਮਹਾਤਮਾਂ ਅਤੇ ਰਾਜਸੀ ਨੇਤਾਵਾਂ ਦੇ ਨਾਲ ਨਾਲ ਇਸ ਮਹਾਂ ਸੰਮੇਲਨ ਵਿੱਚ ਭਾਗ ਲੈਣ ਵਾਲੀ ਸੰਗਤ ਦਾ ਧੰਨਵਾਦ ਕੀਤਾ।ਦੂਰ ਦਰਾਜ਼ ਰਾਜਾਂ ਤੋਂ ਆਉਣ ਵਾਲੀ ਸੰਗਤ ਦੇ ਠਹਿਰਨ, ਖਾਣ ਪੀਣ ਦਾ ਪ੍ਰਬੰਧ ਮੰਦਰ ਟਰੱਸਟ ਵੱਲੋਂ ਬੜੇ ਹੀ ਸ਼ਲਾਘਾਯੋਗ ਢੰਗ ਦੇ ਨਾਲ ਕੀਤਾ ਗਿਆ।ਇਸ ਮੌਕੇ ਪ੍ਰਧਾਨ ਬਾਬੂ ਬਾਲ ਕਿਸ਼ਨ ਸ਼ਰਮਾ, ਸਮਾਜ ਸੇਵਕ ਪਵਨ ਅਰੋੜਾ, ਮੋਹਨ ਲਾਲ, ਸੋਹਨ ਲਾਲ, ਬਿੱਲੂ ਭਗਤ, ਅਸ਼ੋਕ ਬਿਜਲੀ ਵਾਲੇ, ਮਿੰਟਾ ਪ੍ਰਧਾਨ ਮੰਦਰ ਕਮੇਟੀ ਦੇ ਸਾਰੇ ਮੈਂਬਰ ਪਰਿਵਾਰਾਂ ਦੇ ਨਾਲ ਮੌਜੂਦ ਸਨ।ਸੰਮੇਲਨ ਦੇ ਅਖੀਰ ਵਿੱਚ ਮਾਤਾ ਆਰਤੀ ਦੇਵਾ ਅਤੇ ਸੁਮਿਤ ਸ਼ਾਸਤਰੀ ਨੇ ਰਾਜਸੀ ਅਤੇ ਧਾਰਮਿਕ ਨੇਤਾਵਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ।

# ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਲੋਕ ਪੱਖੀ ਇਨਕਲਾਬੀ ਸਾਹਿਤਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਸਦੀਵੀ ਵਿਛੋੜੇ ਉਤੇ ਡਾਢੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸਨੂੰ ਇਨਕਲਾਬੀ ਜਮਹੂਰੀ ਲਹਿਰ ਲਈ ਬਹੁਤ ਵੱਡਾ ਘਾਟਾ ਦੱਸਿਆ ਹੈ।ਇਸਦੇ ਨਾਲ ਹੀ ਸੁਸਾਇਟੀ ਨੇ ਪਰਿਵਾਰ ਵੱਲੋਂ ਪ੍ਰੋ. ਮਲਵਿੰਦਰਜੀਤ ਦੀ ਇੱਛਾ ਮੁਤਾਬਕ ਉਨ੍ਹਾਂ ਦਾ ਮ੍ਰਿਤਕ ਸਰੀਰ ਡਾਕਟਰੀ ਖੋਜ ਕਾਰਜਾਂ ਅਤੇ ਅੰਗ ਪ੍ਰਦਾਨ ਲਈ ਪੀ. ਜੀ. ਆਈ. ਚੰਡੀਗੜ੍ਹ ਨੂੰ ਦੇਣ ਦੇ ਇਨਕਲਾਬੀ ਕਦਮ ਦੀ ਪ੍ਰਸੰਸਾ ਵੀ ਕੀਤੀ ਹੈ।ਤਰਕਸ਼ੀਲ ਸੁਸਾਇਟੀ ਦੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਅਤੇ ਸੂਬਾ ਕਮੇਟੀ ਆਗੂਆਂ ਹੇਮ ਰਾਜ ਸਟੈਨੋ, ਰਾਜ ਪਾਲ ਬਠਿੰਡਾ, ਸੁਮੀਤ ਅੰਮ੍ਰਿਤਸਰ ਅਤੇ ਜਸਵੰਤ ਮੁਹਾਲੀ ਨੇ ਉਨ੍ਹਾਂ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪ੍ਰੋ. ਵੜੈਚ ਨੇ ਸਮੁੱਚੇ ਬ੍ਰਹਿਮੰਡ, ਸਮਾਜ ਅਤੇ ਜ਼ਿੰਦਗੀ ਦੇ ਸੱਚ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਮਝਣ ਅਤੇ ਇਸ ਨੂੰ ਲੋਕ ਮਾਨਸਿਕਤਾ ਅਤੇ ਇਨਕਲਾਬੀ ਸਮਾਜਿਕ ਤਬਦੀਲੀ ਦਾ ਅਹਿਮ ਹਿੱਸਾ ਬਣਾਉਣ ਲਈ ਇਤਿਹਾਸ, ਰਾਜਨੀਤੀ, ਅੰਗ੍ਰੇਜ਼ੀ, ਵਿਗਿਆਨ, ਅਰਥ ਸ਼ਾਸਤਰ ਅਤੇ ਸਮਾਜ ਸ਼ਾਸਤਰ ਵਿੱਚ ਐੱਮ. ਏ. ਦੀਆਂ ਡਿਗਰੀਆਂ ਹਾਸਿਲ ਕੀਤੀਆਂ ਅਤੇ 30 ਸਾਲ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ 'ਚ ਪੜ੍ਹਾਉਣ ਉਪਰੰਤ 1989 ਵਿੱਚ ਸੇਵਾ ਮੁਕਤ ਹੋਏ।ਇਸ ਤੋਂ ਬਾਅਦ ਉਨ੍ਹਾਂ ਨੇ ਐੱਲ. ਐੱਲ. ਬੀ. ਕਰਕੇ 1992 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਕਾਲਤ ਕੀਤੀ ਅਤੇ ਆਮ ਲੋਕਾਂ ਦੇ ਹੱਕ, ਸੱਚ ਅਤੇ ਇਨਸਾਫ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਸਾਰੀ ਉਮਰ ਜੱਦੋਜਹਿਦ ਕੀਤੀ।ਉਨ੍ਹਾਂ ਨੇ ਇਨਕਲਾਬੀ ਕੂਕਾ ਲਹਿਰ, ਗ਼ਦਰ ਲਹਿਰ, ਕਾਮਾਗਾਟਾ ਮਾਰੂ ਲਹਿਰ, ਜਲ੍ਹਿਆਂਵਾਲਾ ਬਾਗ਼ ਦੇ ਸ਼ਹੀਦਾਂ ਅਤੇ ਸ਼ਹੀਦ ਭਗਤ ਸਿੰਘ ਅਤੇ ਬਾਬਾ ਸੋਹਣ ਸਿੰਘ ਭਕਨਾ ਸਮੇਤ ਹੋਰਨਾਂ ਕਈ ਕ੍ਰਾਂਤੀਕਾਰੀ ਸ਼ਹੀਦਾਂ ਬਾਰੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ 50 ਤੋਂ ਵੱਧ ਕਿਤਾਬਾਂ ਦੀ ਰਚਨਾ ਕੀਤੀ ਅਤੇ ਇਨਕਲਾਬੀ ਸਾਹਿਤ ਸਿਰਜਣਾ ਵਿੱਚ ਆਪਣੀ ਵਿਦਵਤਾ ਦਾ ਲੋਹਾ ਮੰਨਵਾਇਆ।

# ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਮੈਮੋਰੀਅਲ ਟਰੱਸਟ ਸ੍ਰੀ ਫ਼ਤਿਹਗੜ੍ਹ ਸਾਹਿਬ ਦੀ ਚੋਣ ਸਬੰਧੀ ਮੀਟਿੰਗ

**ਗੁਰਦਾਸਪੁਰ, (ਜਨਕ ਮਹਾਜਨ)**

ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਮੈਮੋਰੀਅਲ ਟਰੱਸਟ ਸ੍ਰੀ ਫ਼ਤਿਹਗੜ੍ਹ ਸਾਹਿਬ ਦੀ 17 ਮਈ ਨੂੰ ਹੋ ਰਹੀ ਚੋਣ ਦੇ ਸਬੰਧ ਵਿਚ ਗੁਰਦਾਸਪੁਰ ਜ਼ਿਲੇ ਦੇ ਸਮੂਹ ਵੋਟਰਾਂ ਦੀ ਕਸ਼ਯਪ ਰਾਜਪੂਤ ਮਹਾਂਸਭਾ ਪੰਜਾਬ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਭਾਗੋਵਾਲੀਆ ਦੀ ਅਗਵਾਈ ਹੇਠ ਸਥਾਨਕ ਕਸ਼ਯਪ ਰਾਜਪੂਤ ਭਵਨ ਵਿਖੇ ਇਕ ਵਿਸ਼ੇਸ਼ ਭਰਵੀਂ ਮੀਟਿੰਗ ਕੀਤੀ ਗਈ ਜਿਸ ਵਿਚ ਪੰਜਾਬ ਦੀਆਂ ਪ੍ਰਮੁੱਖ ਸਭਾਵਾਂ ਦੇ ਸਾਂਝੇ ਉਮੀਦਵਾਰ ਸੁਖਦੇਵ ਸਿੰਘ ਰਾਜ ਆਪਣੀ ਪੂਰੀ ਟੀਮ ਸਮੇਤ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨਮੋਹਨ ਸਿੰਘ ਭਾਗੋਵਾਲੀਆ ਨੇ ਜਿੱਥੇ ਆਏ ਸਾਰੇ



ਵੋਟਰਾਂ ਦਾ ਧੰਨਵਾਦ ਕੀਤਾ ਉਥੇ ਹੀ ਜੈਕਾਰਿਆਂ ਦੀ ਗੂੰਜ ਵਿਚ ਸੁਖਦੇਵ ਸਿੰਘ ਰਾਜ ਨੂੰ ਭਾਰੀ ਗਿਣਤੀ 'ਚ ਵੋਟਾਂ ਪਾ ਕੇ ਕਾਮਯਾਬ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਬੋਲਦਿਆਂ ਉਮੀਦਵਾਰ ਸੁਖਦੇਵ ਸਿੰਘ ਰਾਜ ਨੇ ਕਿਹਾ ਕਿ ਉਹ ਚੇਅਰਮੈਨ ਦੀ ਚੋਣ ਨਹੀਂ ਲੜ ਰਹੇ ਸਗੋਂ ਸੇਵਾ ਕਰਨ ਲਈ ਮੁੱਖ ਸੇਵਾਦਾਰ ਦੀ ਸੇਵਾ ਦੇ ਮੌਕੇ ਲਈ ਯਤਨਸ਼ੀਲ ਹਨ। ਇਸ ਮੌਕੇ ਬਲਬੀਰ ਸਿੰਘ ਪਾਹੜਾ, ਠੇਕੇਦਾਰ ਪਰਮਜੀਤ ਸਿੰਘ, ਸੁਖਬੀਰ ਸਿੰਘ ਸ਼ਾਲੀਮਾਰ, ਮਹਿੰਦਰ ਸਿੰਘ ਖੰਨਾ, ਪਰਮਜੀਤ ਸਿੰਘ ਖੰਨਾ, ਕੁਲਵੰਤ ਸਿੰਘ ਚੰਡੀਗੜ੍ਹ, ਨਰਿੰਦਰ ਕਸ਼ਯਪ ਅਤੇ ਇੰਸਪੈਕਟਰ ਜਸਵਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕ ਅਨਿਲ ਕੁਮਾਰ ਬਟਾਲਾ, ਡਾ. ਬਾਬੂ ਰਾਮ, ਅਵਿਨਾਸ਼ ਭੋਲਾ ਪਠਾਨਕੋਟ, ਗੁਰਮੀਤ ਸਿੰਘ ਮੀਟਰ ਇੰਸਪੈਕਟਰ, ਸੁਰਿੰਦਰ ਸਿੰਘ ਗੁਨੋਪੁਰ, ਰਾਮ ਲੁਭਾਇਆ, ਸੁਖਵਿੰਦਰ ਸਿੰਘ ਪਾਹੜਾ, ਸੁਖਵਿੰਦਰ ਸਿੰਘ ਤਲਵੰਡੀ, ਕੈਪਟਨ ਕੁਲਵੀਰ ਸਿੰਘ, ਸਤਪਾਲ ਮੁੱਲਾਂ, ਕਮਾਂਡਰ ਤਰਲੋਕ ਸਿੰਘ, ਸੋਹਣ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਸਮੇਤ ਵੱਡੀ ਗਿਣਤੀ ਵਿਚ ਵੋਟਰ ਹਾਜ਼ਰ ਸਨ।

# ਹਲਕਾ ਮਜੀਠਾ ਵਿਕਾਸ ਦੀਆਂ ਲੀਹਾਂ 'ਤੇ ਨਿਰੰਤਰ ਅੱਗੇ ਵੱਧ ਰਿਹਾ : ਤਲਬੀਰ ਸਿੰਘ ਗਿੱਲ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਮਜੀਠਾ ਵਿਧਾਨ ਸਭਾ ਹਲਕਾ ਜਿਸ ਨੂੰ ਕਿ ਪਿਛਲੀਆਂ ਸਰਕਾਰਾਂ ਨੇ ਵਿਕਾਸ ਪੱਖ ਤੋਂ ਫਾਡੀ ਰੱਖਿਆ ਸੀ, ਦਾ ਵਿਕਾਸ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਹਲਕਾ ਮਜੀਠਾ ਦੇ ਪਿੰਡ ਗਦਰਜ਼ਾਦਾ ਵਿਖੇ ਗੁਰਵਿੰਦਰ ਸਿੰਘ ਰੰਧਾਵਾ ਦੇ ਗ੍ਰਿਹ ਵਿਖੇ ਪਿੰਡ ਦੇ ਵਿਕਾਸ ਕਾਰਜਾਂ ਅਤੇ ਲੋਕ



ਭਲਾਈ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਨ ਉਪਰੰਤ ਸੰਬੋਧਨ ਕਰਦਿਆਂ ਕੀਤਾ ਗਿਆ ।ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਦੇ ਖਿਲਾਫ ਬਹੁਤ ਹੀ ਅਹਿਮ ਕਾਨੂੰਨ ਲਾਗੂ ਕੀਤਾ ਹੈ ਜਿਸ ਦਾ ਸਾਰੀਆਂ ਹੀ ਸਿੱਖ ਸੰਗਤਾਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ। ਮਜੀਠਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮਜੀਠੇ ਹਲਕੇ ਦੀਆਂ ਸੜਕਾਂ ਦਾ ਕੰਮ 125 ਕਰੋੜ ਦੀ ਲਾਗਤ ਨਾਲ ਚੱਲ ਰਿਹਾ ਹੈ।ਪਿੰਡਾਂ ਨੂੰ ਆਪਸ ਵਿੱਚ ਜੋੜਨ ਲਈ ਲਿੰਕ ਸੜਕਾਂ ਦਾ ਕੰਮ ਚੱਲ ਰਿਹਾ ਹੈ।ਨਹਿਰੀ ਪਾਣੀ ਦੇ ਸੂਏ ਪੱਕੇ ਕਰਨ ਦਾ ਕੰਮ ਚੱਲ ਰਿਹਾ ਹੈ।ਨੌਜਵਾਨਾਂ ਦੇ ਖੇਡਣ ਲਈ ਪਿੰਡਾਂ ਵਿੱਚ 30 ਨਵੀਆਂ ਗਰਾਊਂਡਾਂ ਬਣਾਈਆਂ ਜਾ ਰਹੀਆਂ ਹਨ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਉਹ ਇਲਾਕੇ ਦੇ ਵਿਕਾਸ, ਨੌਜਵਾਨਾਂ ਦੇ ਭਵਿੱਖ ਅਤੇ ਬੁਨਿਆਦੀ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਇਕਜੁੱਟ ਹੋ ਕੇ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦਾ ਉਤਸ਼ਾਹ ਅਤੇ ਸਹਿਯੋਗ ਇਹ ਦਰਸਾਉਂਦਾ ਹੈ ਕਿ ਹਲਕਾ ਮਜੀਠਾ ਤਰੱਕੀ ਅਤੇ ਵਿਕਾਸ ਦੀ ਨਵੀਂ ਲੀਹ 'ਤੇ ਅੱਗੇ ਵੱਧ ਰਿਹਾ ਹੈ।

# ਜ਼ਿਲ੍ਹਾ ਗਾਈਡੈਂਸ ਕਾਊਂਸਲਰ ਮੁਕੇਸ਼ ਵਰਮਾ ਵੱਲੋਂ ਤਿੱਬੜ ਤੇ ਕਾਦੀਆਂ ਦੇ ਸਰਕਾਰੀ ਸਕੂਲਾਂ ਦਾ ਦੌਰਾ

## ਕਰੀਅਰ ਮਾਰਗਦਰਸ਼ਨ ਕੈਂਪ ਰਾਹੀਂ ਨੌਜਵਾਨਾਂ ਨੂੰ ਦਿੱਤੀ ਸਫਲਤਾ ਪ੍ਰਾਪਤੀ ਦੀ ਨਵੀਂ ਦਿਸ਼ਾ

**ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)**

ਸਹਾਇਕ ਡਾਇਰੈਕਟਰ ਐੱਸਸੀਆਰਟੀ ਪੰਜਾਬ ਸ਼ਰੂਤੀ ਸ਼ੁਕਲਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਗੁਰਦਾਸਪੁਰ ਪਰਮਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਹਿਰੇ ਭਵਿੱਖ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸਹੀ ਕਰੀਅਰ ਦੀ ਚੋਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਮੁਕੇਸ਼ ਵਰਮਾ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਿੱਬੜ ਅਤੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦਾ ਵਿਸ਼ੇਸ਼ ਸਿੱਖਿਆਤਮਕ ਅਤੇ ਪ੍ਰੇਰਨਾਦਾਇਕ



ਦੌਰਾ ਕੀਤਾ ਗਿਆ।ਇਸ ਮੌਕੇ ਗਾਈਡੈਂਸ ਕਾਊਂਸਲਰ ਹਰਦੀਪ ਸਿੰਘ ਸੈਣੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਮੌਕੇ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਮੁਕੇਸ਼ ਵਰਮਾ ਨੇ ਵਿਦਿਆਰਥੀਆਂ ਨਾਲ ਖੁੱਲ੍ਹੇ ਦਿਲ ਨਾਲ ਸੰਵਾਦ ਕਰਦੇ ਹੋਏ ਬਾਰ੍ਹਵੀਂ ਜਮਾਤ ਤੋਂ ਬਾਅਦ ਉਪਲਬਧ ਵੱਖ-ਵੱਖ ਕਰੀਅਰ ਮੌਕਿਆਂ, ਪ੍ਰਤੀਯੋਗੀ ਪ੍ਰੀਖਿਆਵਾਂ, ਪ੍ਰੋਫੈਸ਼ਨਲ ਅਤੇ ਸਕਿੱਲ ਆਧਾਰਿਤ ਕੋਰਸਾਂ, ਤਕਨੀਕੀ ਸਿੱਖਿਆ ਅਤੇ ਰੋਜ਼ਗਾਰ ਮੁਖੀ ਖੇਤਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਮੇਂ ਦੇ ਬਦਲਦੇ ਰੁਝਾਨਾਂ ਅਨੁਸਾਰ ਆਪਣੇ ਆਪ ਨੂੰ ਤਿਆਰ ਕਰਨ ਅਤੇ ਆਪਣੀ ਰੁਚੀ ਅਤੇ ਯੋਗਤਾ ਦੇ ਅਨੁਸਾਰ ਕਰੀਅਰ ਚੁਣਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਵਿੱਚ ਸਥਾਪਿਤ ਗਾਈਡੈਂਸ ਕਾਰਨਰ ਦਾ ਨਿਰੀਖਣ ਵੀ ਕੀਤਾ ਗਿਆ। ਵਿਦਿਆਰਥੀਆਂ ਨੇ ਆਪਣੇ ਕਰੀਅਰ, ਉਚ ਸਿੱਖਿਆ, ਸਰਕਾਰੀ ਨੌਕਰੀਆਂ ਅਤੇ ਨਿੱਜੀ ਖੇਤਰ ਵਿੱਚ ਉਪਲਬਧ ਮੌਕਿਆਂ ਬਾਰੇ ਕਈ ਸਵਾਲ ਵੀ ਪੁੱਛੇ।ਪ੍ਰਿੰਸੀਪਲ ਡਾ. ਸ਼ਾਲਿਨੀ ਦੱਤਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਮੇਂ ਸਿਰ ਮਿਲਿਆ ਸਹੀ ਮਾਰਗਦਰਸ਼ਨ ਵਿਦਿਆਰਥੀਆਂ ਦੇ ਜੀਵਨ ਦੀ ਦਿਸ਼ਾ ਬਦਲ ਸਕਦਾ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ, ਮਿਹਨਤ ਅਤੇ ਆਪਣੇ ਟੀਚੇ ਪ੍ਰਤੀ ਸਮਰਪਿਤ ਰਹਿਣ ਲਈ ਪ੍ਰੇਰਿਤ ਕੀਤਾ।ਜ਼ਿਲ੍ਹਾ ਸਿੱਖਿਆ ਅਫਸਰ ਗੁਰਦਾਸਪੁਰ ਪਰਮਜੀਤ ਕੌਰ ਨੇ ਵੀ ਇਸ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਮਾਰਗਦਰਸ਼ਨ ਪ੍ਰੋਗਰਾਮ ਵਿਦਿਆਰਥੀਆਂ ਨੂੰ ਆਪਣੇ ਟੀਚਿਆਂ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਵਿੱਚ ਸਹੀ ਦਿਸ਼ਾ ਚੁਣਨ ਦੀ ਸਮਰੱਥਾ ਵਿਕਸਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਵਾਈਸ ਪ੍ਰਿੰਸੀਪਲ ਪਰਮਿੰਦਰ ਕੌਰ, ਕਾਊਂਸਲਰ ਹਰਦੀਪ ਸਿੰਘ ਸੈਣੀ, ਹੈੱਡਮਾਸਟਰ ਪਰਮਜੀਤ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਿੱਬੜ ਤੋਂ ਗਾਈਡੈਂਸ ਅਧਿਆਪਕ ਵਿਨੋਦ ਸ਼ਰਮਾ ਇੰਚਾਰਜ, ਰੇਣੂ, ਕਮਲ ਜ਼ਿਲ੍ਹਾ ਕੋਆਰਡੀਨੇਟਰ ਈਕੋ ਕਲੱਬ ਅਤੇ ਹੋਰ ਅਧਿਆਪਕ ਤੇ ਸਟਾਫ ਮੈਂਬਰ ਵੀ ਹਾਜ਼ਰ ਸਨ।

# ਰਾਜਵਿੰਦਰ ਕੌਰ ਐੱਸ ਸੀ ਮੋਰਚਾ (ਭਾਜਪਾ ਪੰਜਾਬ) ਦੀ ਸਕੱਤਰ ਨਿਯੁਕਤ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਭਾਰਤੀ ਜਨਤਾ ਪਾਰਟੀ ਦੇ ਐੱਸ. ਸੀ. ਮੋਰਚਾ ਪੰਜਾਬ ਵੱਲੋਂ ਚੰਡੀਗੜ੍ਹ ਵਿਖੇ ਪਾਰਟੀ ਵਰਕਰਾਂ ਦੀ ਵਿਸ਼ੇਸ਼ ਮੀਟਿੰਗ ਦੌਰਾਨ ਐੱਸ. ਆਰ. ਲੱਧੜ, ਪ੍ਰਧਾਨ ਐੱਸ. ਸੀ. ਮੋਰਚਾ ਪੰਜਾਬ ਨੇ ਰਾਜਵਿੰਦਰ ਕੌਰ ਨੂੰ ਐੱਸ. ਸੀ. ਮੋਰਚਾ (ਭਾਜਪਾ ਪੰਜਾਬ) ਦੀ ਸਕੱਤਰ ਵਜੋਂ ਨਿਯੁਕਤ ਕੀਤਾ।ਇਸ ਮੌਕੇ ਬਲਜਿੰਦਰ ਕੌਰ, ਨਿਵਾਸੀ ਗੁਰੂ ਨਾਨਕ ਕਾਲੋਨੀ, ਨਾਰਾਇਣਗੜ੍ਹ, ਅੰਮ੍ਰਿਤਸਰ ਨੇ ਵੀ ਭਾਜਪਾ ਵਿੱਚ ਸ਼ਮੂਲੀਅਤ ਕੀਤੀ।ਐੱਸ. ਆਰ. ਲੱਧੜ ਨੇ ਬਲਜਿੰਦਰ ਕੌਰ ਨੂੰ ਪਾਰਟੀ ਦਾ ਸਿਰੋਪਾ ਭੇਂਟ ਕਰਕੇ ਸਨਮਾਨਿਤ ਕੀਤਾ ਅਤੇ ਪਾਰਟੀ ਵਿੱਚ ਜੀ ਆਇਆਂ ਆਖਿਆ।ਨਵ-ਨਿਯੁਕਤ ਸਕੱਤਰ ਰਾਜਵਿੰਦਰ ਕੌਰ ਨੇ ਪਾਰਟੀ ਹਾਈਕਮਾਂਡ ਅਤੇ ਐੱਸ. ਆਰ. ਲੱਧੜ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ 'ਤੇ ਜਤਾਏ ਵਿਸ਼ਵਾਸ ਅਤੇ ਦਿੱਤੀ ਗਈ ਮਹੱਤਵਪੂਰਨ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ, ਨਿਸ਼ਠਾ ਅਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ।ਉਨ੍ਹਾਂ ਕਿਹਾ ਕਿ ਭਾਜਪਾ ਨੇ ਹਮੇਸ਼ਾ ਸਮਾਜ ਦੇ ਪੱਛੜੇ ਅਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਕੰਮ ਕੀਤਾ ਹੈ ਅਤੇ ਉਹ ਐੱਸ. ਸੀ. ਭਾਈਚਾਰੇ ਦੀ ਆਵਾਜ਼ ਨੂੰ ਹੋਰ ਮਜ਼ਬੂਤੀ ਨਾਲ ਪਾਰਟੀ ਮੰਚ ਤੱਕ ਪਹੁੰਚਾਉਣ ਲਈ ਨਿਰੰਤਰ ਯਤਨ ਕਰਨਗੇ।ਉਨ੍ਹਾਂ ਅੱਗੇ ਕਿਹਾ ਕਿ ਉਹ ਪੰਜਾਬ ਭਰ ਵਿੱਚ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ, ਮਹਿਲਾਵਾਂ ਅਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਅਤੇ ਕੇਂਦਰ ਸਰਕਾਰ ਦੀਆਂ ਲੋਕ-ਹਿਤੈਸ਼ੀ ਯੋਜਨਾਵਾਂ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਸਰਗਰਮ ਭੂਮਿਕਾ ਨਿਭਾਉਣਗੇ।ਬਲਜਿੰਦਰ ਕੌਰ ਨੇ ਭਾਜਪਾ ਵਿੱਚ ਸ਼ਾਮਲ ਹੋਣ ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਉਹ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਨਾਲ ਜੁੜੇ ਹਨ।ਉਨ੍ਹਾਂ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।



ਨਵਾਂ ਜ਼ਮਾਨਾ
ਮੰਗਲਵਾਰ, 12 ਮਈ 2026

# ਅਸੁਰੱਖਿਆ ਦਾ ਨਵਾਂ ਯੁੱਗ

ਕੇਂਦਰ ਸਰਕਾਰ ਨੇ ਚਾਰ ਨਵੇਂ ਕਿਰਤ ਕੋਡਾਂ ਨਾਲ ਜੁੜੇ ਨਿਯਮ ਨੋਟੀਫਾਈ ਕਰ ਦਿੱਤੇ ਹਨ, ਜਿਸ ਨਾਲ ਇਹ ਕੋਡ ਹੁਣ ਪੂਰੀ ਤਰ੍ਹਾਂ ਲਾਗੂ ਹੋ ਗਏ ਹਨ। ਸਰਕਾਰ ਨੇ ਨਵੰਬਰ ਵਿੱਚ ਉਜਰਤਾਂ, ਸਨਅਤੀ ਸੰਬੰਧਾਂ, ਸਮਾਜਿਕ ਸੁਰੱਖਿਆ ਅਤੇ ਕਿੱਤਾ ਸੁਰੱਖਿਆ ਬਾਰੇ ਕੋਡ ਲਾਗੂ ਕੀਤੇ ਸਨ, ਜਿਨ੍ਹਾਂ ਨੇ 29 ਪੁਰਾਣੇ ਕਿਰਤ ਕਾਨੂੰਨਾਂ ਦੀ ਥਾਂ ਲਈ।

ਸਰਕਾਰ ਦਾ ਕਹਿਣਾ ਹੈ ਕਿ ਨਵੇਂ ਨਿਯਮਾਂ ਦੇ ਤਹਿਤ ਕਿਸੇ ਵੀ ਵਰਕਰ ਨੂੰ ਹਫਤੇ ਵਿੱਚ 48 ਘੰਟਿਆਂ ਤੋਂ ਵੱਧ ਕੰਮ ਕਰਨ ਦੀ ਲੋੜ ਨਹੀਂ ਹੋਵੇਗੀ। ਵਾਧੂ ਕੰਮ ਕਰਾਉਣ ਲਈ ਉਸ ਦੀ ਸਹਿਮਤੀ ਜ਼ਰੂਰੀ ਹੋਵੇਗੀ ਅਤੇ ਓਵਰਟਾਈਮ ਦਾ ਭੁਗਤਾਨ ਦੁੱਗਣਾ ਹੋਵੇਗਾ। ਕੇਂਦਰੀ ਮੰਤਰਾਲਿਆਂ ਅਤੇ ਸਰਕਾਰੀ ਵਿਭਾਗਾਂ ਲਈ ਕੰਮ ਕਰਨ ਵਾਲੇ ਠੇਕਾ ਕਾਮਿਆਂ ਨੂੰ ਵੇਲੇ ਸਿਰ ਉਜਰਤ ਨਾ ਮਿਲਣ 'ਤੇ ਸੰਬੰਧਤ ਠੇਕੇਦਾਰ ਨੂੰ ਬਲੈਕਲਿਸਟ ਕੀਤਾ ਜਾ ਸਕਦਾ ਹੈ, ਪਰ ਕੀ ਮਾਮਲਾ ਏਨਾ ਹੀ ਗੁਲਾਬੀ ਅਤੇ ਸਰਲ ਹੈ?

ਭਾਰਤ ਵਿੱਚ ਕਿਰਤ ਸਮਾਜਿਕ ਸਨਮਾਨ, ਪਰਵਾਰਕ ਸਥਿਰਤਾ ਅਤੇ ਵਿਅਕਤੀ ਦੀ ਆਤਮਿਕ ਸਥਿਤੀ ਨਾਲ ਜੁੜਿਆ ਹੋਇਆ ਸਵਾਲ ਹੈ। ਕਿਸਾਨ ਦਾ ਪੁੱਤਰ ਸ਼ਹਿਰ ਸਿਰਫ ਉਜਰਤ ਕਮਾਉਣ ਲਈ ਨਹੀਂ ਆਉਂਦਾ, ਸਗੋਂ ਇਸ ਲਈ ਆਉਂਦਾ ਹੈ ਕਿ ਉਸ ਦੀ ਜ਼ਿੰਦਗੀ ਉਸ ਦੇ ਪਿਤਾ ਨਾਲੋਂ ਥੋੜ੍ਹੀ ਵੱਧ ਸੁਰੱਖਿਅਤ ਅਤੇ ਸਨਮਾਨਜਨਕ ਹੋ ਸਕੇ। ਇਹੀ ਕਾਰਨ ਹੈ ਕਿ ਨੌਕਰੀ ਭਾਰਤੀ ਸਮਾਜ ਵਿੱਚ ਭਵਿੱਖ ਦੀ ਗਰੰਟੀ ਵਜੋਂ ਦੇਖੀ ਜਾਂਦੀ ਰਹੀ ਹੈ, ਪਰ ਪਿਛਲੇ ਕੁਝ ਸਾਲਾਂ ਵਿੱਚ ਪੂਰੀ ਦੁਨੀਆ ਵਿੱਚ ਕੰਮ ਦਾ ਅਰਥ ਤੇਜ਼ੀ ਨਾਲ ਬਦਲ ਰਿਹਾ ਹੈ। ਕੰਪਨੀਆਂ ਹੁਣ ਵਰਕਰਾਂ ਨੂੰ ਪਰਵਾਰ ਵਜੋਂ ਨਹੀਂ, ਸਗੋਂ ਮਨੁੱਖੀ ਸਰੋਤ ਵਜੋਂ ਦੇਖਣ ਲੱਗੀਆਂ ਹਨ। ਜਿਵੇਂ ਮਸ਼ੀਨਾਂ ਅੱਪਗ੍ਰੇਡ ਹੁੰਦੀਆਂ ਹਨ, ਉਸੇ ਤਰ੍ਹਾਂ ਮਨੁੱਖਾਂ ਤੋਂ ਵੀ ਆਪਣੇ ਆਪ ਨੂੰ ਲਗਾਤਾਰ ਅਪਡੇਟ ਰੱਖਣ ਦੀ ਉਮੀਦ ਕੀਤੀ ਜਾ ਰਹੀ ਹੈ। ਅਜਿਹੇ ਸਮੇਂ ਵਿੱਚ ਨਵੇਂ ਕਿਰਤ ਕੋਡ ਸੰਕੇਤ ਦਿੰਦੇ ਹਨ ਕਿ ਆਉਣ ਵਾਲੇ ਭਾਰਤ ਵਿੱਚ ਕੰਮ, ਨੌਕਰੀ, ਸੁਰੱਖਿਆ ਅਤੇ ਜੀਵਨ ਦੇ ਅਰਥ ਕਿਸ ਦਿਸ਼ਾ ਵਿੱਚ ਬਦਲਣ ਵਾਲੇ ਹਨ।

ਨਵੇਂ ਕਿਰਤ ਕੋਡਾਂ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਗਿਆ ਹੈ, ਉਸ ਨੂੰ ਦੇਖ ਕੇ ਪਹਿਲੀ ਨਜ਼ਰ ਵਿੱਚ ਇਹ ਜਾਪਦਾ ਹੈ ਕਿ ਸਰਕਾਰ ਨੇ ਕਾਮਿਆਂ ਨੂੰ ਵਧੇਰੇ ਸੁਰੱਖਿਆ, ਵਧੇਰੇ ਤਨਖਾਹ, ਪਾਰਦਰਸ਼ਤਾ ਅਤੇ ਆਧੁਨਿਕ ਕਾਰਜਸਥੱਲ ਦੇਣ ਦੀ ਦਿਸ਼ਾ 'ਚ ਇਤਿਹਾਸਕ ਕਦਮ ਚੁੱਕਿਆ ਹੋਵੇ। 48 ਘੰਟੇ ਦੀ ਹਫਤਾਵਾਰੀ ਕੰਮ ਸੀਮਾ, ਓਵਰਟਾਈਮ 'ਤੇ ਦੁੱਗਣਾ ਭੁਗਤਾਨ, ਔਰਤਾਂ ਨੂੰ ਰਾਤ ਦੀਆਂ ਸ਼ਿਫਟਾਂ ਵਿੱਚ ਕੰਮ ਕਰਨ ਦੀ ਆਗਿਆ, ਠੇਕਾ ਵਰਕਰਾਂ ਨੂੰ ਸਮੇਂ ਸਿਰ ਤਨਖਾਹ ਨਾ ਮਿਲਣ 'ਤੇ ਠੇਕੇਦਾਰ ਖਿਲਾਫ ਕਾਰਵਾਈ, ਗਿਗ ਵਰਕਰਾਂ ਨੂੰ ਕਾਨੂੰਨੀ ਪਛਾਣ, ਇਹ ਸਭ ਸੁਣਨ 'ਚ ਪ੍ਰਗਤੀਸ਼ੀਲ ਅਤੇ ਆਧੁਨਿਕ ਲੱਗਦੇ ਹਨ।

ਭਾਰਤ ਵਰਗੇ ਦੇਸ਼, ਜਿੱਥੇ ਲੱਖਾਂ ਲੋਕ ਬੇਰੁਜ਼ਗਾਰੀ, ਅਸਥਾਈ ਰੁਜ਼ਗਾਰ ਅਤੇ ਆਰਥਿਕ ਅਸੁਰੱਖਿਆ ਨਾਲ ਜੂਝ ਰਹੇ ਹਨ, ਵਿੱਚ ਸਹਿਮਤੀ, ਲਚਕਤਾ ਅਤੇ ਆਧੁਨਿਕ ਕਾਰਜ ਸੱਭਿਆਚਾਰ ਵਰਗੇ ਸ਼ਬਦਾਂ ਦਾ ਅਸਲ ਅਰਥ ਅਕਸਰ ਕਾਗਜ਼ਾਂ 'ਤੇ ਲਿਖੇ ਅਰਥਾਂ ਤੋਂ ਵੱਖਰਾ ਹੋ ਜਾਂਦਾ ਹੈ। ਨਵੇਂ ਕਿਰਤ ਕੋਡ ਵੀ ਇਸੇ ਵਿਰੋਧਾਭਾਸ ਦੇ ਅੰਦਰ ਖੜ੍ਹੇ ਦਿਖਾਈ ਦਿੰਦੇ ਹਨ। ਸਭ ਤੋਂ ਮਹੱਤਵਪੂਰਨ ਤਬਦੀਲੀਆਂ ਵਿੱਚੋਂ ਇੱਕ ਇਹ ਹੈ ਕਿ 300 ਵਰਕਰਾਂ ਵਾਲੀਆਂ ਇਕਾਈਆਂ ਨੂੰ ਹੁਣ ਵਰਕਰਾਂ ਦੀ ਛਾਂਟੀ ਜਾਂ ਬੰਦੀ ਲਈ ਸਰਕਾਰੀ ਇਜਾਜ਼ਤ ਦੀ ਲੋੜ ਨਹੀਂ ਹੋਵੇਗੀ। ਪਹਿਲਾਂ ਇਹ ਸੀਮਾ 100 ਸੀ। ਇਸ ਦਾ ਮਤਲਬ ਹੈ ਕਿ ਵੱਡੀ ਗਿਣਤੀ ਵਿੱਚ ਉਦਯੋਗ ਹੁਣ ਮੁਕਾਬਲਤਨ ਆਸਾਨੀ ਨਾਲ ਵਰਕਰਾਂ ਨੂੰ ਛਾਂਟਣ ਦੇ ਯੋਗ ਹੋਣਗੇ। ਇਸ ਨੂੰ ਉਦਯੋਗਾਂ ਲਈ ਲਚਕੀਲਾਪਣ ਕਿਹਾ ਜਾ ਰਿਹਾ ਹੈ, ਪਰ ਕਿਰਤੀਆਂ ਦੇ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਇਸ ਦਾ ਮਤਲਬ ਹੈ ਕਿ ਨੌਕਰੀਆਂ ਹੁਣ ਜੀਵਨ ਦੀ ਸਥਿਰਤਾ ਨਹੀਂ ਰਹਿਣਗੀਆਂ, ਸਗੋਂ ਅਸਥਾਈ ਵਿਵਸਥਾ ਬਣਦੀਆਂ ਜਾਣਗੀਆਂ। ਜਦੋਂ ਕਿਸੇ ਵਿਅਕਤੀ ਨੂੰ ਇਹ ਯਕੀਨ ਨਹੀਂ ਹੁੰਦਾ ਕਿ ਉਸ ਦੀ ਨੌਕਰੀ ਅਗਲੇ ਦੋ ਸਾਲਾਂ ਲਈ ਸੁਰੱਖਿਅਤ ਰਹੇਗੀ, ਤਾਂ ਉਸ ਦਾ ਪੂਰਾ ਸਮਾਜਿਕ ਅਤੇ ਮਾਨਸਿਕ ਜੀਵਨ ਬਦਲਣਾ ਸ਼ੁਰੂ ਹੋ ਜਾਂਦਾ ਹੈ। ਉਹ ਘਰ ਖਰੀਦਣ ਤੋਂ ਡਰਦਾ ਹੈ, ਪਰਵਾਰ ਵਧਾਉਣ ਤੋਂ ਡਰਦਾ ਹੈ, ਬਿਮਾਰੀ ਤੋਂ ਡਰਦਾ ਹੈ ਅਤੇ ਲਗਾਤਾਰ ਮੁਕਾਬਲੇ 'ਚ ਬਣੇ ਰਹਿਣ ਦੀ ਚਿੰਤਾ ਨਾਲ ਘਿਰਿਆ ਰਹਿੰਦਾ ਹੈ। ਹੌਲੀ-ਹੌਲੀ, ਸਮਾਜ 'ਚ ਸਥਾਈ ਨਾਗਰਿਕ ਦੀ ਥਾਂ ਅਸਥਾਈ ਕਰਮਚਾਰੀ ਪੈਦਾ ਹੋਣ ਲੱਗਦਾ ਹੈ, ਜੋ ਹਰ ਸਮੇਂ ਆਪਣੀ ਹੋਂਦ ਨੂੰ ਬਾਜ਼ਾਰ ਦੀਆਂ ਲੋੜਾਂ ਮੁਤਾਬਕ ਸਾਬਤ ਕਰਨ 'ਚ ਲੱਗਾ ਰਹਿੰਦਾ ਹੈ। ਜੇ ਉਹ ਉਪਯੋਗੀ ਹੈ ਤਾਂ ਉਸ ਨੂੰ ਕੰਮ ਮਿਲੇਗਾ, ਵਰਨਾ ਉਸ ਨੂੰ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ। ਨਵੇਂ ਕਿਰਤ ਕਾਨੂੰਨ ਇਸ ਮਾਨਸਿਕਤਾ ਨੂੰ ਹੋਰ ਸੰਸਥਾਗਤ ਰੂਪ ਦਿੰਦੇ ਦਿਖਾਈ ਦਿੰਦੇ ਹਨ। ਓਵਰਟਾਈਮ ਅਤੇ ਕੰਮ ਦੇ ਘੰਟਿਆਂ ਸੰਬੰਧੀ ਨਿਯਮ ਵੀ ਇਸ ਵਿਰੋਧਾਭਾਸ ਨੂੰ ਉਜਾਗਰ ਕਰਦੇ ਹਨ। ਭਾਰਤ ਵਰਗੇ ਸਮਾਜ ਵਿੱਚ, ਆਰਥਿਕ ਤੌਰ 'ਤੇ ਨਿਰਭਰ ਵਿਅਕਤੀ ਕਿੰਨੀ ਆਜ਼ਾਦੀ ਨਾਲ 'ਨਾਂਹ' ਕਹਿ ਸਕਦਾ ਹੈ? ਜੇ ਬੌਸ, ਸ਼ਾਮ ਨੂੰ ਕੰਮ ਖਤਮ ਹੋਣ ਤੋਂ ਬਾਅਦ ਕਹੇ ਕਿ 'ਬਸ ਅੱਜ ਰੁਕ ਜਾਓ' ਤਾਂ ਕਿੰਨੇ ਕਰਮਚਾਰੀ ਇਨਕਾਰ ਕਰ ਸਕਣਗੇ?

ਸੰਭਵ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਭਾਰਤ ਦੀ ਆਰਥਿਕਤਾ ਤੇਜ਼ੀ ਨਾਲ ਵਧੇ, ਵੱਡੀਆਂ ਕੰਪਨੀਆਂ ਆਉਣ, ਨਿਵੇਸ਼ ਵਧੇ ਅਤੇ ਸ਼ਹਿਰਾਂ 'ਚ ਚਮਕ ਦਿਖਾਈ ਦੇਵੇ, ਪਰ ਕਿਸੇ ਵੀ ਸਮਾਜ ਦੀ ਅਸਲ ਗੁਣਵੱਤਾ ਇਸ ਗੱਲ ਤੋਂ ਨਿਰਧਾਰਤ ਹੁੰਦੀ ਹੈ ਕਿ ਸਭ ਤੋਂ ਸਧਾਰਨ ਕੰਮ ਕਰਨ ਵਾਲਾ ਵਿਅਕਤੀ ਕਿੰਨਾ ਸੁਰੱਖਿਅਤ, ਸਨਮਾਨਤ ਅਤੇ ਮਾਨਸਿਕ ਤੌਰ 'ਤੇ ਸਥਿਰ ਜੀਵਨ ਜੀ ਪਾ ਰਿਹਾ ਹੈ। ਜੇ ਵਿਕਾਸ ਦਾ ਅਰਥ ਸਿਰਫ ਉਤਪਾਦਨ ਵਧਾਉਣਾ ਰਹਿ ਜਾਵੇ ਅਤੇ ਮਨੁੱਖ ਅੰਦਰੋਂ ਥੱਕਿਆ ਹੋਇਆ, ਡਰਿਆ ਹੋਇਆ ਤੇ ਅਸੁਰੱਖਿਅਤ ਹੁੰਦਾ ਜਾਵੇ, ਤਾਂ ਆਰਥਿਕ ਤਰੱਕੀ ਵੀ ਹੌਲੀ-ਹੌਲੀ ਖੋਖਲੀ ਲੱਗਣ ਲਗਦੀ ਹੈ। ਸੱਭਿਅਤਾ ਦੀ ਪਛਾਣ ਸਿਰਫ ਉੱਚੀਆਂ ਇਮਾਰਤਾਂ ਜਾਂ ਵਧਦੇ ਸ਼ੇਅਰ ਬਾਜ਼ਾਰ ਨਾਲ ਪ੍ਰੀਭਾਸ਼ਤ ਨਹੀਂ ਹੁੰਦੀ, ਸਗੋਂ ਇਸ ਤੋਂ ਹੁੰਦੀ ਹੈ ਕਿ ਉਹ ਆਪਣੇ ਕਿਰਤੀਆਂ ਨੂੰ ਮਸ਼ੀਨ ਦਾ ਪੁਰਜ਼ਾ ਮੰਨਦੀ ਹੈ ਜਾਂ ਸੰਵੇਦਨਾਵਾਂ ਵਾਲਾ ਮਨੁੱਖ। ਨਵੇਂ ਕਿਰਤ ਕੋਡਾਂ 'ਤੇ ਅਸਲ ਬਹਿਸ ਵੀ ਓੜਕ ਇਸੇ ਸਵਾਲ 'ਤੇ ਹੀ ਆ ਕੇ ਟਿਕਦੀ ਹੈ।

# ਮਹਿਲਾਵਾਂ ਦੇ ਸਸ਼ਕਤੀਕਰਨ ਲਈ ਸਿੱਖਿਆ ਤੇ ਰੁਜ਼ਗਾਰ ਦੇ ਹੱਕ ਬਣਾਏ ਜਾਣ

**ਚਰਨ ਸਿੰਘ ਸਰਾਭਾ**

ਅਸੀਂ ਪਹਿਲਾਂ ਵੀ ਲਿਖਿਆ ਸੀ ਕਿ ਪਿਛਲੇ ਅਪ੍ਰੈਲ ਮਹੀਨੇ ਵਿੱਚ ਕੇਂਦਰ ਸਰਕਾਰ ਵੱਲੋਂ ਭਾਰਤੀ ਲੋਕ ਸਭਾ ਵਿੱਚ ਲੋਕ ਸਭਾ ਮੈਂਬਰਾਂ ਦੀ ਗਿਣਤੀ ਵਧਾ ਕੇ 816 ਕਰਨ ਅਤੇ ਇਸ ਕੁਲ ਗਿਣਤੀ ਵਿੱਚੋਂ 33 ਫ਼ੀਸਦੀ ਸੀਟਾਂ ਦਾ ਮਹਿਲਾਵਾਂ ਵਾਸਤੇ ਰਾਖਵਾਂਕਰਨ ਸੰਬੰਧੀ ਲੋਕ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ ਸੀ। ਇਸ ਤਜਵੀਜ਼ ਵਿੱਚ ਕਿਹਾ ਗਿਆ ਸੀ ਕਿ ਅਜਿਹਾ ਮਹਿਲਾਵਾਂ ਦੇ ਸ਼ਸ਼ਕਤੀਕਰਨ ਲਈ ਕੀਤਾ ਜਾਵੇਗਾ। 17 ਅਪ੍ਰੈਲ ਵਾਲੇ ਦਿਨ ਇਹ ਤਜਵੀਜ਼ਤ ਬਿੱਲ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ, ਪਰ ਪਾਸ ਨਾ ਹੋ ਸਕਿਆ, ਕਿਉਂਕਿ ਇਸ ਲਈ ਸੰਵਿਧਾਨਕ ਸੋਧ ਹੋਣੀ ਜ਼ਰੂਰੀ ਸੀ। ਜੋ ਨਾ ਹੋ ਸਕੀ, ਕਿਉਂਕਿ ਹਾਜ਼ਰ ਮੈਂਬਰਾਂ ਵਿੱਚ ਲੋੜੀਂਦਾ ਦੋ-ਤਿਹਾਈ ਮੈਂਬਰਾਂ ਦਾ ਸਮਰਥਨ ਪ੍ਰਾਪਤ ਨਾ ਹੋ ਸਕਿਆ। ਇਸ ਸੰਬੰਧੀ ਸਰਕਾਰੀ ਅਤੇ ਵਿਰੋਧੀ ਧਿਰਾਂ ਵਿਚਕਾਰ ਇੱਕ-ਦੂਜੇ ਦੀ ਅਲੋਚਨਾਤਮਕ ਚਰਚਾ ਅਤੇ ਵਿਵਾਦ ਵੀ ਆਰੰਭ ਹੋਇਆ, ਜੋ ਅੱਜ ਵੀ ਜਾਰੀ ਹੈ। ਸਰਕਾਰੀ ਪੱਖ ਵੱਲੋਂ ਵਿਰੋਧੀ ਧਿਰ ਦੀ ਪਹੁੰਚ ਨੂੰ ਪਹਿਲਾ ਵਿਰੋਧੀ ਕਿਹਾ ਗਿਆ ਸੀ। ਵਿਰੋਧੀ ਧਿਰ ਦਾ ਕਹਿਣਾ ਸੀ ਕਿ ਮਹਿਲਾਵਾਂ ਅਤੇ ਅਜਿਹਾ ਬਿੱਲ ਪਹਿਲਾਂ ਪਾਸ ਹੋ ਚੁੱਕਿਆ ਹੈ, ਇਸ ਨੂੰ ਲਾਗੂ ਕੀਤਾ ਜਾਵੇ ਅਤੇ ਲੋਕ ਸਭਾ ਮੈਂਬਰਾਂ ਦੀ ਗਿਣਤੀ ਵਿੱਚ ਵਾਧਾ 2027 ਵਿੱਚ ਕੀਤੀ ਜਾਣ ਵਾਲੀ ਜਨ ਗਣਨਾ ਦੇ ਅਧਾਰ 'ਤੇ ਕੀਤਾ ਜਾਵੇ।

ਇੱਥੇ ਇਹ ਵੀ ਯਾਦ ਕਰਵਾਇਆ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਵੀ ਪਿਛਲੇ ਸਾਲਾਂ ਵਿੱਚ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਸਮੇਂ ਵੀ ਮਹਿਲਾਵਾਂ ਦੇ ਸ਼ਸਕਤੀਕਰਨ ਦੇ ਨਾਂਅ 'ਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਵੱਖ-ਵੱਖ ਨਾਵਾਂ ਅਤੇ ਸਕੀਮਾਂ ਅਧੀਨ ਸੰਬੰਧਤ ਸੂਬਿਆਂ ਵਿੱਚ ਮਹਿਲਾਵਾਂ ਦੇ ਕੁਝ ਚੋਣਵੇਂ ਵਰਗਾਂ ਨੂੰ ਵਿਸ਼ੇਸ਼ ਵਿੱਤੀ ਰਾਸ਼ੀਆਂ ਸਿੱਧੇ ਤੌਰ 'ਤੇ ਦੇਣ ਸੰਬੰਧੀ ਗੱਲਾਂ ਕੀਤੀਆਂ ਗਈਆਂ ਸਨ। ਦਿੱਲੀ, ਬਿਹਾਰ, ਮਹਾਰਾਸ਼ਟਰ ਅਤੇ ਹੁਣ ਬੰਗਾਲ, ਤਾਮਿਲਨਾਡੂ ਦੀਆਂ ਚੋਣਾਂ ਸਮੇਂ ਤਾਂ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਆਗੂਆਂ ਵੱਲੋਂ ਕਈ ਵਾਰੀ ਅਜਿਹੀ ਵਿੱਤੀ ਰਾਸ਼ੀ ਇਕ-ਦੂਜੇ ਨਾਲੋਂ ਵੱਧ ਦੇਣ ਦੀ ਮੁਕਾਬਲੇਬਾਜ਼ੀ ਵੀ ਚੱਲਦੀ ਰਹੀ। ਕਈ ਵਾਰੀ ਅਜਿਹੀ ਪਹੁੰਚ ਅਧੀਨ ਮਹਿਲਾਵਾਂ ਨੂੰ ਗੈਸ ਸਿਲੰਡਰ ਦੇਣ ਦੀ ਗੱਲ ਵੀ ਹੁੰਦੀ ਰਹੀ।

ਉੱਪਰ ਦੱਸੀ ਅਜਿਹੀ ਪਹੁੰਚ ਤੋਂ ਅਸੀਂ ਸਮਝ ਸਕਦੇ ਹਾਂ ਕਿ ਦੇਸ਼ ਦਾ ਹਰ ਸੰਜੀਦਾ ਨਾਗਰਿਕ ਦੇਸ਼ ਦੇ ਸਮਾਜਿਕ ਅਤੇ ਗੁਣਾਤਮਕ ਕੌਮੀ ਵਿਕਾਸ ਲਈ ਮਹਿਲਾਵਾਂ ਦੀ ਭੂਮਿਕਾ ਨੂੰ ਸਮਝਦਾ ਹੋਇਆ ਮਹਿਲਾਵਾਂ ਦੇ ਸ਼ਸ਼ਕਤੀਕਰਨ ਦਾ ਸਮਰਥਨ ਕਰੇਗਾ, ਪਰ ਇਸ ਸਮੇਂ ਚੱਲਦੇ ਉਪਰੋਕਤ ਸਥਿਤੀ ਤੋਂ ਪੈਦਾ ਹੋਏ ਵਿਵਾਦ ਸਮੇਂ ਵਿਚਾਰਨ ਅਤੇ ਸਮਝਣ ਦੀ ਲੋੜ ਹੈ ਕਿ ਕੀ ਲੋਕ ਸਭਾ ਦੀਆਂ ਸੀਟਾਂ ਵਿੱਚੋਂ 33 ਫ਼ੀਸਦੀ ਮਹਿਲਾਵਾਂ ਲਈ ਰਾਖਵੀਆਂ ਕਰਕੇ ਚੋਣਾਂ ਸਮੇਂ ਉੱਪਰ ਦੱਸੀਆਂ ਕੁਝ ਵਿੱਤੀ ਰਿਆਇਤਾਂ ਸਾਰੇ ਭਾਰਤ ਜਾਂ ਸੂਬੇ ਦੀਆਂ ਸਾਰੀਆਂ ਮਹਿਲਾਵਾਂ ਦਾ ਸ਼ਸ਼ਕਤੀਕਰਨ ਕਰ ਸਕਣਗੀਆਂ। ਇੱਥੇ ਹੀ ਸਾਨੂੰ ਇਹ ਵੀ ਵਿਚਾਰਨਾ ਹੋਵੇਗਾ ਕਿ ਕਿਹੜੀਆਂ ਮੁਢਲੀਆਂ ਵਿਵਸਥਾਵਾਂ ਸਹੀ ਅਰਥ ਵਿੱਚ ਸਾਰੀਆਂ ਭਾਰਤੀ ਮਹਿਲਾਵਾਂ ਦੇ ਸ਼ਸ਼ਕਤੀਕਰਨ ਵਿੱਚ ਭੂਮਿਕਾ ਨਿਭਾਅ ਸਕਦੀਆਂ ਹਨ। ਸਾਡੀ ਸਮਝ ਅਨੁਸਾਰ ਜਿਸ ਤਰ੍ਹਾਂ ਹਰ ਦੇਸ਼ ਦੇ ਸਮਾਜਿਕ, ਆਰਥਿਕ ਵਿਕਾਸ ਲਈ ਦੇਸ਼ ਦਾ ਸਰਬਪੱਖੀ ਮਨੁੱਖੀ ਵਿਕਾਸ ਜ਼ਰੂਰੀ ਹੁੰਦਾ ਹੈ ਅਤੇ ਮਨੁੱਖੀ ਵਿਕਾਸ ਦਾ ਆਰੰਭ ਮੁਢਲੀ ਗੁਣਾਤਮਕ ਸਿੱਖਿਆ ਪ੍ਰਾਪਤੀ ਦੀ ਵਿਵਸਥਾ ਤੋਂ ਹੁੰਦਾ ਹੈ, ਕਿਉਂਕਿ ਦੇਸ਼ ਦਾ ਹਰ ਨਾਗਰਿਕ ਸਿੱਖਿਆ ਪ੍ਰਾਪਤੀ ਰਾਹੀਂ ਆਪਣੇ ਮਨੁੱਖੀ ਅਤੇ ਸੰਵਿਧਾਨਕ ਹੱਕਾਂ ਅਤੇ ਦੇਸ਼ ਅਤੇ ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਸੰਬੰਧੀ ਵੀ ਚੇਤੰਨ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਬਣਦੀ ਭੂਮਿਕਾ ਵੀ ਨਿਭਾਅ ਸਕਦਾ ਹੈ। ਇਸ ਲਈ ਮਹਿਲਾਵਾਂ ਦੇ ਸ਼ਸ਼ਕਤੀਕਰਨ ਲਈ ਲੋਕ ਸਭਾ ਦੀਆਂ 33 ਫ਼ੀਸਦੀ ਸੀਟਾਂ ਦੇ ਰਾਖਵੇਂਕਰਨ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਦੇਸ਼ ਦੀਆਂ ਸਾਰੀਆਂ ਮਹਿਲਾਵਾਂ, ਧੀਆਂ, ਭੈਣਾਂ ਚਾਹੇ ਉਹ ਕਿਸੇ ਵੀ ਖੇਤਰ ਵਿੱਚ ਹੋਣ, ਦਾ ਸ਼ਸ਼ਕਤੀਕਰਨ ਹੋਣਾ ਚਾਹੀਦਾ ਹੈ। ਸਾਡਾ ਅਨੁਭਵ ਹੈ ਕਿ ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਭਾਰਤ ਦੀਆਂ ਬੱਚੀਆਂ, ਧੀਆਂ, ਭੈਣਾਂ ਲਈ ਯੂਨੀਵਰਸਿਟੀ ਪੱਧਰ ਤੱਕ ਦੀ ਗੁਣਾਤਮਕ ਸਿੱਖਿਆ ਪ੍ਰਾਪਤੀ ਦੇ ਬਰਾਬਰ ਅਵਸਰ ਪ੍ਰਦਾਨ ਕਰਦਾ ਅਤੇ ਯੋਗਤਾ ਅਨੁਸਾਰ ਰੁਜ਼ਗਾਰ ਪ੍ਰਾਪਤੀ ਦੇ ਹੱਕ ਦਾ ਸੰਵਿਧਾਨਕ ਕਾਨੂੰਨ ਬਣਾਇਆ ਜਾਵੇ। ਵੈਸੇ ਤਾਂ ਇਸ ਗੱਲ ਦੀ ਮੁੱਢਲੀ ਜ਼ਰੂਰੀ ਲੋੜ ਹੈ ਕਿ ਅਜਿਹਾ ਸਿੱਖਿਆ ਪ੍ਰਾਪਤੀ ਅਤੇ ਰੁਜ਼ਗਾਰ ਪ੍ਰਾਪਤੀ ਦੇ ਹੱਕ ਸਾਰੇ ਭਾਰਤੀ ਬੱਚਿਆਂ ਲਈ ਸੰਵਿਧਾਨਕ ਵਿਵਸਥਾ ਰਾਹੀਂ ਪ੍ਰਾਪਤ ਹੋਣਾ ਜ਼ਰੂਰੀ ਹੈ। ਫਿਰ ਵੀ ਅਜਿਹੀ ਵਿਵਸਥਾ ਲਾਗੂ ਹੋਣ ਨਾਲ ਮਹਿਲਾਵਾਂ ਨੂੰ ਵੀ ਬਰਾਬਰ ਪ੍ਰਾਪਤੀ ਹੋ ਜਾਵੇਗੀ। ਜਦੋਂ ਮਹਿਲਾਵਾਂ ਨੂੰ ਆਪਣੇ ਅਜਿਹੇ ਹੱਕਾਂ ਦੀ ਪਹਿਚਾਣ ਅਤੇ ਸੰਵਿਧਾਨਕ ਵਿਵਸਥਾ ਹੋਵੇਗੀ ਤਾਂ ਇਨ੍ਹਾਂ ਦੀ ਪ੍ਰਾਪਤੀ ਮਹਿਲਾਵਾਂ ਨੂੰ ਆਤਮ ਨਿਰਭਰ ਹੋਣ ਵਿੱਚ ਸਹਾਈ ਹੋਵੇਗੀ। ਤਾਂ ਉਹ ਜੀਵਨ ਨਾਲ ਸੰਬੰਧਤ ਹਰ ਖੇਤਰ ਵਿੱਚ ਆਪਣੇ ਸਵੈ ਵਿਸ਼ਵਾਸ ਅਤੇ ਸਵੈਮਾਨ ਨਾਲ ਵਿਚਰ ਸਕਣਗੀਆਂ ਤਾਂ ਸਹੀ ਅਰਥਾਂ ਵਿੱਚ ਮਹਿਲਾਵਾਂ ਦਾ ਸ਼ਸ਼ਕਤੀਕਰਨ ਹੋ ਸਕੇਗਾ। ਇੱਥੇ ਸਾਡੀ ਕੇਂਦਰੀ ਅਤੇ ਸੂਬਾਈ ਸਰਕਾਰਾਂ ਅਤੇ ਸਾਰੇ ਸਿਆਸੀ ਆਗੂ ਸਾਹਿਬਾਨ ਦੇ ਧਿਆਨ ਵਿੱਚ ਮਹਿਲਾ ਕਰਮਚਾਰੀਆਂ ਦੇ ਇਕ ਵਰਗ ਦੀ ਸਥਿਤੀ ਦੀ ਉਦਾਹਰਣ ਰਾਹੀਂ ਲਿਆਂਦਾ ਜਾਂਦਾ ਹੈ ਕਿ ਸਾਡੇ ਦੇਸ਼ ਵਿੱਚ ਸਿਹਤ, ਸਿੱਖਿਆ ਅਤੇ ਸਮਾਜ ਸੇਵੀ ਖੇਤਰਾਂ ਵਿੱਚ ਆਸ਼ਾ ਵਰਕਰਜ਼ ਅਤੇ ਸਹਾਇਕ, ਮਿਡ ਡੇ ਮੀਲ ਵਰਕਰ ਅਤੇ ਆਂਗਣਵਾੜੀ ਵਰਕਰਜ਼ ਲੱਖਾਂ ਦੀ ਗਿਣਤੀ ਵਿੱਚ ਸੇਵਾ ਨਿਭਾਅ ਰਹੀਆਂ ਹਨ। ਇਨ੍ਹਾਂ ਸਾਰਿਆਂ ਨੂੰ ਸਕੀਮ ਅਧੀਨ ਕਾਮੇ ਹੀ ਕਿਹਾ ਜਾਂਦਾ ਹੈ। ਰੈਗੂਲਰ ਸਰਕਾਰੀ ਮੁਲਾਜ਼ਮ ਨਹੀਂ। ਇਸ ਕਾਰਨ ਇਨ੍ਹਾਂ ਨੂੰ ਸਰਕਾਰੀ ਮੁਲਾਜ਼ਮਾਂ ਵਾਲੀ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾਂਦੀ, ਜਦੋਂ ਕਿ ਕੰਮ ਦਾ ਬੋਝ ਉਹੀ ਹੈ। ਇਸ ਤੋਂ ਬਿਨਾਂ ਇਨ੍ਹਾਂ ਦੀਆਂ ਸੇਵਾਵਾਂ ਦੀ ਕੋਈ ਸਮਾਜਿਕ ਜਾਂ ਰੁਜ਼ਗਾਰ ਗਰੰਟੀ ਦੀ ਸੁਰੱਖਿਅਤਾ ਵਾਲੀ ਕੋਈ ਵਿਵਸਥਾ ਵੀ ਨਹੀਂ ਹੈ। ਵੱਖ-ਵੱਖ ਖੇਤਰਾਂ ਵਿੱਚ ਅਜਿਹੀਆਂ ਹੋਰ ਅਨੇਕਾਂ ਉਦਾਹਰਣਾਂ ਮਿਲ ਸਕਦੀਆਂ ਹਨ। ਕੀ ਇਨ੍ਹਾਂ ਦੀਆਂ ਅਜਿਹੀਆਂ ਸੇਵਾ ਹਾਲਤਾਂ, ਇਨ੍ਹਾਂ ਮਹਿਲਾਵਾਂ, ਧੀਆਂ, ਭੈਣਾਂ ਦਾ ਸ਼ਸ਼ਕਤੀਕਰਨ ਕਰ ਸਕਣਗੀਆਂ। ਧਿਆਨ ਅਤੇ ਵਿਚਾਰ ਮੰਗਦੀ ਗੱਲ ਹੈ।

ਅੰਤ ਵਿੱਚ ਇਸ ਪਿਛੋਕੜ ਅਤੇ ਸੰਖੇਪ ਵਿਚਾਰ ਉਪਰੰਤ ਕੇਂਦਰੀ ਸਰਕਾਰ ਅਤੇ ਹੋਰ ਸਿਆਸੀ ਪਾਰਟੀਆਂ ਵੱਲੋਂ ਮਹਿਲਾਵਾਂ ਦੇ ਸ਼ਸ਼ਕਤੀਕਰਨ ਦੀ ਪਹੁੰਚ ਦਾ ਸਮਰਥਨ ਕਰਦੇ ਹੋਏ ਇੱਕ ਵਾਰੀ ਫਿਰ ਅਪੀਲ ਕਰਦੇ ਹਾਂ ਕਿ ਭਾਰਤ ਦੀਆਂ ਸਾਰੀਆਂ ਬੱਚੀਆਂ, ਧੀਆਂ, ਭੈਣਾਂ ਵਾਸਤੇ ਯੂਨੀਵਰਸਿਟੀ ਪੱਧਰ ਤੱਕ ਸਿੱਖਿਆ ਪ੍ਰਾਪਤੀ ਅਤੇ ਯੋਗਤਾ ਅਨੁਸਾਰ ਰੁਜ਼ਗਾਰ ਦੇ ਸੰਵਿਧਾਨਕ ਹੱਕਾਂ ਦੀ ਵਿਵਸਥਾ ਬਣਾਈ ਜਾਵੇ, ਜਿਸ ਨਾਲ ਇਨ੍ਹਾਂ ਦੇ ਸ਼ਸ਼ਕਤੀਕਰਨ ਦਾ ਅਧਾਰ ਸਥਾਪਤ ਹੋ ਸਕੇਗਾ।

# ਸੰਪਰਕ : 94177-51888

# ਨਰਸਾਂ ਦੇ ਸਿਦਕ, ਮਿਹਨਤ ਤੇ ਜਜ਼ਬੇ ਨੂੰ ਸਲਾਮ

**ਰਾਜੇਸ਼ ਰਿਖੀ**

12 ਮਈ ਨੂੰ ਅੰਤਰਰਾਸ਼ਟਰੀ ਨਰਸ ਡੇਅ ਵਜੋਂ ਦੁਨੀਆ ਭਰ ਦੇ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਮੈਡੀਕਲ ਸਾਇੰਸ ਅਤੇ ਇੱਕ ਮਰੀਜ਼ ਦੇ ਇਲਾਜ ਵਿੱਚ ਨਰਸਾਂ ਦੇ ਯੋਗਦਾਨ ਨੂੰ ਸਤਿਕਾਰ ਦੇ ਨਾਲ ਯਾਦ ਕਰਦੇ ਹੋਏ ਨਰਸਾਂ ਦੇ ਸਨਮਾਨ ਵਿੱਚ ਮਨਾਇਆ ਜਾਂਦਾ ਹੈ।

**ਇਸ ਦਿਨ ਦਾ ਇਤਿਹਾਸ** :- ਸਾਲ 1953 ਵਿੱਚ ਪਹਿਲੀ ਵਾਰ ਅਮਰੀਕਾ ਦੇ ਸਿਹਤ, ਸਿੱਖਿਆ ਅਤੇ ਭਲਾਈ ਵਿਭਾਗ ਦੇ ਇੱਕ ਅਧਿਕਾਰੀ ਨੇ ਨਰਸ ਦਿਵਸ ਮਨਾਉਣ ਦਾ ਪ੍ਰਸਤਾਵ ਰੱਖਿਆ ਸੀ। ਇਸ ਅਫਸਰ ਦਾ ਨਾਂਅ ਡੋਰਥੀ ਸਦਰਲੈਂਡ ਸੀ। ਉਸ ਸਮੇਂ ਇਸ ਪ੍ਰਸਤਾਵ ਨੂੰ ਅਮਰੀਕੀ ਰਾਸ਼ਟਰਪਤੀ ਡੇਵਿਡ ਡੀ ਆਈਜ਼ਨਹਾਵਰ ਨੇ ਮਨਜ਼ੂਰੀ ਨਹੀਂ ਦਿੱਤੀ ਸੀ। ਇਸ ਤੋਂ ਬਾਅਦ 1965 ਵਿੱਚ ਬਾਰ ਆਈ ਸੀ ਐੱਨ ਨੇ ਨਰਸ ਦਿਵਸ ਮਨਾਉਣ ਦਾ ਫੈਸਲਾ ਕੀਤਾ ਅਤੇ ਉਦੋਂ ਤੋਂ ਹਰ ਸਾਲ 12 ਮਈ ਨੂੰ ਨਰਸ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਤੋਂ ਬਾਅਦ ਜਨਵਰੀ 1974 ਦੇ ਮਹੀਨੇ ਵਿੱਚ ਅਮਰੀਕੀ ਰਾਸ਼ਟਰਪਤੀ ਡੇਵਿਟ ਡੀ ਆਈਜ਼ਨਹਾਵਰ ਨੇ ਅਧਿਕਾਰਤ ਤੌਰ 'ਤੇ ਇਸ ਦਿਨ ਨੂੰ ਮਨਾਉਣ ਦਾ ਐਲਾਨ ਕੀਤਾ। ਉਦੋਂ ਤੋਂ ਹਰ ਸਾਲ 12 ਮਈ ਨੂੰ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ ਜਾਂਦਾ ਹੈ।

**ਕਿਸ ਨੂੰ ਸਮਰਪਤ ਹੈ ਅੰਤਰਰਾਸ਼ਟਰੀ ਨਰਸ ਦਿਵਸ** :- ਨਰਸ ਫਲੋਰੈਂਸ ਨਾਈਟਿੰਗੇਲ ਵੱਲੋਂ ਮਰੀਜ਼ਾਂ ਦੀ ਸੇਵਾ ਵਿੱਚ ਦਿੱਤੇ ਯੋਗਦਾਨ ਨੂੰ ਸਮਰਪਤ ਇਹ ਦਿਵਸ ਨੂੰ ਮਨਾਇਆ ਜਾਂਦਾ ਹੈ। ਉਨ੍ਹਾ ਨੂੰ ਨਰਸਿੰਗ ਦਾ ਸੰਸਥਾਪਕ ਵੀ ਮੰਨਿਆ ਜਾਂਦਾ ਹੈ। ਉਨ੍ਹਾ ਨੇ ਸਿਹਤ ਸੰਭਾਲ ਲਈ ਬਹੁਤ ਯੋਗਦਾਨ ਦਿੱਤੇ, ਜਿਸ ਲਈ ਉਨ੍ਹਾ ਦੇ ਦਿੱਤੇ ਗਏ ਯੋਗਦਾਨ ਨੂੰ ਯਾਦ ਕਰਨ ਲਈ ਹਰ ਸਾਲ 12 ਮਈ ਨੂੰ ਉਹਨਾਂ ਦੇ ਜਨਮ ਦਿਵਸ ਵਾਲੇ ਦਿਨ ਨਰਸ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ ਸੀ।ਉਹਨਾ ਨੂੰ 'ਲੇਡੀ ਵਿਦ ਦਾ ਲੈਂਪ' ਵਜੋਂ ਵੀ ਜਾਣਿਆ ਜਾਂਦਾ ਸੀ, ਕਿਉਂਕਿ ਉਹ ਯੁੱਧ ਦੌਰਾਨ ਰਾਤ ਨੂੰ ਵੀ ਜ਼ਖ਼ਮੀਆਂ ਦੀ ਸੰਭਾਲ ਲਈ ਘੁੰਮਦੇ ਰਹਿੰਦੇ ਸਨ। ਇਹਨਾਂ ਯੁੱਧ ਦੌਰਾਨ ਜ਼ਖਮੀ ਬ੍ਰਿਟਿਸ਼ ਸੈਨਿਕਾਂ ਦੀ ਸਹਾਇਤਾ ਲਈ ਨਰਸ ਵਜੋਂ ਲਾਮਿਸਾਲ ਕੰਮ ਕੀਤਾ। ਉਹ ਇੱਕ ਸਮਾਜ ਸੁਧਾਰਕ ਵੀ ਸਨ।

**ਨਰਸਾਂ ਦੀ ਭੂਮਿਕਾ** :- ਮੈਡੀਕਲ ਖੇਤਰ ਵਿੱਚ ਨਰਸਾਂ ਦੀ ਭੂਮਿਕਾ ਬਹੁਤ ਅਹਿਮ ਤੇ ਜ਼ਰੂਰੀ ਹੁੰਦੀ ਹੈ। ਨਰਸਾਂ ਵੱਲੋਂ ਲਗਾਤਾਰ ਮਰੀਜ਼ਾਂ ਦੀ ਦੇਖਭਾਲ ਕੀਤੀ ਜਾਂਦੀ ਹੈ।ਇਸ ਖੇਤਰ ਨਾਲ ਜੁੜਿਆ ਹਰ ਸ਼ਖਸ ਭਾਵੇਂ ਖੁਦ ਇਨਫੈਕਟਿਡ ਹੋਣ ਦੇ ਖ਼ਤਰੇ ਵਿੱਚ ਰਹਿੰਦਾ ਹੈ,ਪਰ ਉਹ ਬਿਨਾਂ ਡਰ ਆਪਣੇ ਫਰਜ਼ਾਂ ਨੂੰ ਪੂਰਾ ਕਰਦਾ ਹੈ, ਇਸ ਦੀ ਮਿਸਾਲ ਕੋਵਿਡ ਮੌਕੇ ਅਸੀਂ ਸਾਰਿਆਂ ਨੇ ਵੇਖੀ ਹੈ ਕਿ ਕਿਵੇਂ ਖ਼ੂਨ ਦੇ ਰਿਸ਼ਤੇ ਖੁਦ ਦੀ ਜਾਨ ਦੀ ਪਰਵਾਹ ਕਰਦੇ ਹੋਏ ਤੜਫਦੇ ਆਪਣਿਆਂ ਨੂੰ ਛੱਡ ਪਿੱਛੇ ਹਟ ਗਏ ਸਨ ਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਅੱਗੇ ਹੋ ਕੇ ਲੋਕਾਂ ਦੀ ਜਾਨ ਬਚਾਈ, ਇੱਥੋਂ ਤੱਕ ਕੇ ਮ੍ਰਿਤਕਾਂ ਦੇ ਅੰਤਮ ਸੰਸਕਾਰ ਤੱਕ ਕਰਵਾਏ।

ਇੱਕ ਨਰਸ ਦਾ ਵਤੀਰਾ ਮਰੀਜ਼ ਨੂੰ ਜਲਦੀ ਠੀਕ ਹੋਣ ਵਿੱਚ ਬਹੁਤ ਜ਼ਿਆਦਾ ਅਹਿਮੀਅਤ ਰੱਖਦਾ ਹੈ, ਇੱਕ ਨਰਸ ਮਰੀਜ਼ ਨੂੰ ਉਸੇ ਤਰ੍ਹਾਂ ਸੰਭਾਲ ਕਰਦੀ ਹੈ, ਜਿਵੇਂ ਹਸਪਤਾਲ ਦੇ ਬੈੱਡ 'ਤੇ ਕੋਈ ਉਸ ਦਾ ਭਰਾ, ਭੈਣ, ਪਿਤਾ ਜਾਂ ਮਾਂ ਹੋਵੇ। ਉਸ ਲਈ ਇਹ ਇੱਕ ਕਿੱਤਾ ਹੀ ਨਹੀਂ, ਬਲਕਿ ਇੱਕ ਜ਼ਿੰਮੇਵਾਰੀ, ਇੱਕ ਸੇਵਾ ਵੀ ਹੈ, ਇੱਕ ਨਰਸ ਲਈ ਉਸ ਦੀ ਨੌਕਰੀ ਇੱਕ ਰੁਜ਼ਗਾਰ ਦਾ ਸਾਧਨ ਹੀ ਨਹੀਂ, ਬਲਕਿ ਦੁਆਵਾਂ ਭਰਿਆ ਪੁੰਨ ਦਾ ਕਾਰਜ ਵੀ ਹੈ।ਇੱਕ ਨਰਸ ਕਦੇ ਵੀ ਮਰੀਜ ਦੇ ਵਤੀਰੇ ਤੋਂ ਮੱਥੇ ਵੱਟ ਨਹੀਂ ਪਾਉਂਦੀ ਕਿਉਂਕਿ ਉਸਨੂੰ ਪਤਾ ਹੁੰਦਾ ਕਿ ਮਰੀਜ਼ ਤਕਲੀਫ ਵਿੱਚ ਹੈ ਤੇ ਮਰੀਜ਼ ਦਾ ਵਤੀਰਾ ਥੋੜ੍ਹਾ ਖਰਾਬ ਵੀ ਹੋ ਸਕਦਾ ਹੈ ਤੇ ਉਸ ਨੂੰ ਤੰਦਰੁਸਤ ਕਰਨਾ ਹੀ ਨਰਸ ਦਾ ਧਰਮ ਹੈ।ਚਿਹਰੇ 'ਤੇ ਰੌਣਕ,ਹੌਸਲਾ,ਦੂਸਰਿਆਂ ਦੇ ਦਰਦ ਨੂੰ ਮਹਿਸੂਸ ਕਰਨ ਦੀ ਸ਼ਕਤੀ, ਬਿਨਾਂ ਅੱਕੇ, ਬਿਨਾਂ ਥੱਕੇ ਮੁਸਕਰਾਹਟ ਨਾਲ ਲਗਾਤਾਰ ਕੰਮ ਵਿੱਚ ਲੱਗੇ ਰਹਿਣ ਦਾ ਜਜ਼ਬਾ ਤੇ ਮੁਸ਼ਕਲ ਸਥਿਤੀਆਂ ਨੂੰ ਨਜਿੱਠਣ ਦੀ ਕਾਬਲੀਅਤ ਨਰਸ ਦੇ ਮੁਢਲੇ ਗੁਣ ਹਨ।ਇਸੇ ਲਈ ਕੁਦਰਤ ਇਸ ਸੇਵਾ ਲਈ ਕੁੱਝ ਖਾਸ ਚਿਹਰਿਆ ਨੂੰ ਹੀ ਚੁਣਦੀ।ਨਰਸਾਂ ਦੀ ਇਸ ਮਹਾਨ ਸੇਵਾ ਨੂੰ ਸਲਾਮ ਹੈ।ਆਓ, ਅੱਜ ਦੇ ਦਿਨ ਇੱਕ ਅਹਿਦ ਲਈਏ ਕਿ ਅਸੀਂ ਆਪਣੀ ਇਸ ਸੇਵਾ ਨੂੰ ਸ਼ਿੱਦਤ ਦੇ ਨਾਲ ਨਿਭਾਉਂਦੇ ਰਹਾਂਗੇ ਅਤੇ ਆਪਣੀ ਜ਼ਿੰਮੇਵਾਰੀ ਤੇ ਫਰਜ਼ਾਂ 'ਤੇ ਖ਼ਰੇ ਉਤਰਨ ਦੇ ਲਈ ਹਮੇਸ਼ਾ ਯਤਨਸੀਲ ਰਹਾਂਗੇ।ਆਪਣੀ ਸ਼ਾਨ ਇਸ ਖਾਸ ਵਰਦੀ ਨੂੰ ਪਹਿਨਣ ਮੌਕੇ ਇਸ ਦੇ ਫਰਜ਼ਾਂ ਨੂੰ ਯਾਦ ਰੱਖਾਂਗੇ ਅਤੇ ਜਿਸ ਤਰ੍ਹਾਂ ਦੇਸ਼ ਦੀ ਸਰਹੱਦ 'ਤੇ ਡਟੇ ਹੋਏ ਇੱਕ ਫੌਜੀ ਤੇ ਇੱਕ ਪੁਲਸ ਅਧਿਕਾਰੀ ਆਪਣੀ ਵਰਦੀ ਦੀ ਸ਼ਾਨ ਤੇ ਮਰਿਆਦਾ ਲਈ ਜਾਨ ਤੱਕ ਵਾਰ ਦਿੰਦੇ ਹਨ, ਉਸੇ ਜਜ਼ਬੇ ਨਾਲ ਅਸੀਂ ਵੀ ਆਪਣੀ ਵਰਦੀ ਦੀ ਮਰਿਆਦਾ ਨੂੰ ਹਮੇਸ਼ਾ ਬਰਕਰਾਰ ਰੱਖਾਂਗੇ ਅਤੇ ਹਰ ਸਥਿਤੀ ਵਿੱਚ ਇੱਕ ਮਰੀਜ਼ ਨੂੰ ਬਚਾਉਣ ਲਈ ਜੀ ਜਾਨ ਨਾਲ ਕੰਮ ਕਰਦੇ ਰਹਾਂਗੇ।

# ਸੰਪਰਕ : 94644-42300

# ਅਧਿਆਪਕ ਵਿਚਾਰਾ ਕੀ ਕਰੇ?



ਹਰਜਿੰਦਰ ਸਿੰਘ ਗੁਲਪੁਰ

ਜਿਹੜਾ ਵਿਅਕਤੀ ਕਿਸੇ ਵੇਲੇ ਸਭ ਤੋਂ ਵੱਧ ਮਾਣ-ਸਨਮਾਨ ਦਾ ਹੱਕਦਾਰ ਹੁੰਦਾ ਸੀ, ਉਹ ਅੱਜ ਦੇ ਦੌਰ ਵਿੱਚ ਕੱਖੋਂ ਹੌਲਾ ਹੋ ਕੇ ਰਹਿ ਗਿਆ ਹੈ। ਇਤਿਹਾਸ ਅਤੇ ਮਿਥਿਹਾਸ ਉਸ ਦੇ ਮਾਣ-ਸਨਮਾਨ ਦੀ ਗਵਾਹੀ ਭਰਦੇ ਹਨ। ਅੱਜ ਦੇ ਹਾਈ-ਫਾਈ ਦੌਰ ਵਿੱਚ ਇਸ 'ਵਿਅਕਤੀ' ਬਾਰੇ ਤਰਾਂ-ਤਰਾਂ ਦੇ ਚੁਟਕਲੇ ਘੜੇ ਹੋਏ ਹਨ, ਜਿਹਨਾਂ ਨੂੰ ਸਭ ਜਾਣਦੇ ਹਨ। ਇਸ ਲਈ ਦੱਸਣ ਦੀ ਲੋੜ ਨਹੀਂ। ਅਜੇ ਵੀ ਇਸ ਨੂੰ ਕੌਮ ਦੇ ਨਿਰਮਾਤਾ (Nation builder) ਵਜੋਂ ਯਾਦ ਕੀਤਾ ਜਾਂਦਾ ਹੈ। ਪੰਜ ਸਤੰਬਰ (ਅਧਿਆਪਕ ਦਿਵਸ) ਨੂੰ ਵੱਡੇ-ਵੱਡੇ ਅਡੰਬਰ ਕੀਤੇ ਜਾਂਦੇ ਹਨ।ਸਾਡੇ ਸਮਾਜ ਦੀ ਇਹ ਤ੍ਰਾਸਦੀ ਬਣ ਗਈ ਹੈ ਕਿ ਦਾਦਾਗਿਰੀ ਕਮਜ਼ੋਰ ਵਿਅਕਤੀ 'ਤੇ ਹੀ ਚਲਦੀ ਹੈ, ਤਕੜੇ ਵੱਲ ਕੋਈ ਮੂੰਹ ਵੀ ਨਹੀਂ ਕਰਦਾ। ਸਕੂਲ ਜਾਂ ਕਾਲਜ ਵਿਚ ਜਦੋਂ ਵੀ ਕੋਈ ਵਿਵਾਦਿਤ ਮਸਲਾ ਸਾਹਮਣੇ ਆਉਂਦਾ ਹੈ ਤਾਂ ਕੌਮ ਦਾ ਇਹ ਨਿਰਮਾਤਾ ਕੱਲਮ-ਕੱਲਾ ਰਹਿ ਜਾਂਦਾ ਹੈ। ਉਸ ਦਾ ਪੱਖ ਵੀ ਸੁਣਨ ਯੋਗ ਨਹੀ ਮੰਨਿਆ ਜਾਂਦਾ। ਇਸ ਹਾਲਤ ਵਿੱਚ ਉਸ ਦੀ ਜਿਸਮਾਨੀ ਭਾਸ਼ਾ ਤਰਸ ਦੀ ਮੂਰਤ ਬਣੀ ਹੁੰਦੀ ਹੈ। ਜਿਹਨਾਂ ਨੇ ਕਦੇ ਸਕੂਲ ਦਾ ਮੂੰਹ ਨਹੀ ਦੇਖਿਆ ਹੁੰਦਾ, ਉਹ ਅਧਿਆਪਕਾਂ ਨਾਲ ਮੁਜਰਮਾਂ ਵਾਲਾ ਵਿਹਾਰ ਕਰਨ ਲਈ ਟੋਲੀਆਂ ਬੰਨ੍ਹ ਕੇ ਆ ਜਾਂਦੇ ਹਨ। ਮਾਸੂਮ ਬੱਚਿਆਂ ਦੇ ਮੋਢੇ ਉੱਤੇ ਬੰਦੂਕ ਰੱਖ ਕੇ ਸਮਾਜ ਦੇ ਠੇਕੇਦਾਰ ਬਣ ਜਾਂਦੇ ਹਨ। ਅਕਸਰ ਬਹੁਤੇ ਕੇਸਾਂ ਵਿੱਚ ਉਸ ਨੂੰ ਮੁਆਫ਼ੀ ਮੰਗ ਕੇ ਖਹਿੜਾ ਛੁਡਾਉਣਾ ਪੈਂਦਾ ਹੈ। ਭੀੜ ਅੱਗੇ ਉਸ ਦਾ ਕੋਈ ਜ਼ੋਰ ਨਹੀ ਚਲਦਾ। ਬੇਬਸੀ ਦੀ ਚੋਟ ਉਸ ਦੇ ਦਿਲ 'ਤੇ ਲੱਗ ਜਾਂਦੀ ਹੈ ਅਤੇ ਉਹ ਉਤਸ਼ਾਹਹੀਣ (Demoralised) ਹੋ ਜਾਂਦਾ ਹੈ। ਇਸ ਸਮੇ ਉਸ ਦੇ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਮਨ 'ਤੇ ਕੀ ਬੀਤਦੀ ਹੈ, ਉਸ ਨੂੰ ਉਹੀ ਜਾਣਦੇ ਹਨ। ਸਮਾਜ ਦੇ ਹਰ ਵਰਗ ਵਿੱਚ ਜਿਵੇਂ ਕਾਲੀਆਂ ਭੇਡਾਂ ਹੁੰਦੀਆਂ ਹਨ, ਉਹ ਅਧਿਆਪਕ ਵਰਗ ਵਿੱਚ ਵੀ ਹੋ ਸਕਦੀਆਂ ਹਨ, ਪਰ ਉਹਨਾਂ ਦੀ ਆੜ ਵਿੱਚ ਅਧਿਆਪਕਾਂ ਨੂੰ ਜ਼ਲੀਲ ਕਰਨਾ ਆਪਣੇ ਭਵਿੱਖ ਦੇ ਪੈਰ ਉੱਤੇ ਖੁਦ ਕੁਹਾੜੀ ਮਾਰਨ ਦੇ ਬਰਾਬਰ ਹੈ। ਇਸ ਦਾ ਖਮਿਆਜਾ ਦੇਰ ਸਵੇਰ ਸਾਡੇ ਸਮਾਜ ਨੂੰ ਹੀ ਭੁਗਤਣਾ ਪਵੇਗਾ। ਕੋਈ ਵਕਤ ਸੀ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਦੇ ਪਰਵਾਰ ਦਾ ਅਦਿੱਖ ਮੈਂਬਰ ਅਤੇ ਗਾਈਡ ਹੁੰਦਾ ਸੀ, ਪ੍ਰੰਤੂ ਆਧੁਨਿਕਤਾ ਅਤੇ ਕੱਟੜਵਾਦ ਦੀ ਆੜ ਹੇਠ ਇਸ ਪਵਿੱਤਰ ਸੱਭਿਆਚਾਰਕ ਸਬੰਧ ਨੂੰ ਤੋੜ ਦਿੱਤਾ ਗਿਆ ਹੈ। ਇਸ ਵਿੱਚ ਸਭ ਤੋਂ ਵੱਡਾ ਰੋਲ 'ਸੋ ਕਾਲਡ' ਵਿਕਾਊ ਮੀਡੀਆ ਦਾ ਹੈ। ਗੁਰੂ-ਚੇਲੇ ਵਾਲੀ ਪਰੰਪਰਾ ਵਿੱਚ ਬੇਭਰੋਸਗੀ ਦੀ ਕਾਂਜੀ ਘੋਲ ਦਿੱਤੀ ਗਈ ਹੈ। ਅਧਿਆਪਕ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੈ। ਅਜੇ ਵੀ ਆਸ ਦੀ ਕਿਰਨ ਇਸ ਲਈ ਬਾਕੀ ਹੈ ਕਿ ਅਨੇਕਾਂ ਮਾਪੇ ਅਤੇ ਵਿਦਿਆਰਥੀ ਅਧਿਆਪਕ ਦਾ ਉਸੇ ਤਰਾਂ ਸਨਮਾਨ ਕਰਦੇ ਹਨ, ਜਿਸ ਤਰਾਂ ਉਹ ਪਹਿਲਾਂ ਕਰਦੇ ਸਨ।

ਮਾਲ, ਪੁਲਸ, ਇਨਕਮ ਟੈਕਸ ਵਰਗੇ ਹੋਰ ਵੀ ਦਬੰਗ ਵਿਭਾਗ ਹਨ, ਜਿਹਨਾਂ ਦੇ ਛੋਟੇ, ਵੱਡੇ ਮੁਲਾਜ਼ਮਾਂ ਨੂੰ ਸਾਡਾ ਸਮਾਜ ਦਿਨ-ਰਾਤ ਹੱਥੀਂ ਛਾਵਾਂ ਕਰਦਾ ਹੈ। ਉਹਨਾਂ ਅੱਗੇ ਕੁਸਕਣਾ ਤਾਂ ਇੱਕ ਪਾਸੇ, ਸਗੋਂ ਉਹਨਾਂ ਨੂੰ 'ਦਾਨ ਦਖ਼ਸ਼ਣਾ' ਵੀ ਦਿੱਤੀ ਜਾਂਦੀ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਜਿਹਨਾਂ ਨੇ ਸਾਡੇ ਬੱਚਿਆਂ ਦੀ ਮਾਨਸਿਕਤਾ ਨੂੰ ਉਸਾਰੂ ਬਣਾਉਣਾ ਹੈ, ਉਸ ਮਗਰ ਅਸੀਂ ਇਸ ਤਰਾਂ ਪੈ ਜਾਂਦੇ ਹਾਂ, ਜਿਵੇਂ ਉਹ ਸਭ ਤੋਂ ਵੱਡਾ ਗੁਨਾਹਗਾਰ ਅਤੇ ਸਮਾਜ ਦਾ ਦੁਸ਼ਮਣ ਹੁੰਦਾ ਹੋਵੇ। ਇਸ ਮਾਹੌਲ ਦੀ ਸਿਰਜਣਾ ਵਿੱਚ ਮੁੱਖ ਯੋਗਦਾਨ ਕੱਚ-ਘਰੜ ਪੱਤਰਕਾਰਾਂ ਦਾ ਹੈ। ਉਸ ਤੋਂ ਬਾਅਦ ਉਹਨਾਂ ਮਾਪਿਆਂ ਦਾ ਹੈ, ਜੋ ਬੱਚਿਆਂ ਦੇ ਆਖੇ ਲੱਗ ਕੇ ਅਧਿਆਪਕਾਂ ਦੀ ਥਾਂ ਇੱਕ ਖਾਸ ਕਿਸਮ ਦੇ ਲੋਕਾਂ ਦੇ ਝਾਂਸੇ ਵਿੱਚ ਆ ਜਾਂਦੇ ਹਨ।

ਇੱਥੇ ਮੈਂ ਤਕਰੀਬਨ 20 ਕੁ ਸਾਲ ਪਹਿਲਾਂ ਵਾਪਰੀ ਇੱਕ ਉਦਾਹਰਣ ਦੇਣੀ ਚਾਹੁੰਦਾ ਹਾਂ। ਸਕੂਲ ਦਾ ਮੈਂ ਇਸ ਲਈ ਨਾਂਅ ਨਹੀਂ ਲਿਖ ਰਿਹਾ ਕਿ ਘਟਨਾ ਐਨੇ ਸਾਲ ਬਾਅਦ ਲੋਕਾਂ ਦੇ ਦਿਲੋ-ਦਿਮਾਗ ਵਿਚੋਂ ਵਿਸਰ ਗਈ ਹੈ। ਇਸ ਦਾ ਕੋਈ ਸਬੂਤ ਵੀ ਮੇਰੇ ਕੋਲ ਨਹੀ ਹੈ। ਹਾਂ, ਇਹ ਗੱਲ ਮੇਰੇ ਉਸ ਪਿੰਡ ਦੇ ਸੈਕੰਡਰੀ ਸਕੂਲ ਵਿੱਚ ਪੜ੍ਹਾਉਂਦਿਆਂ ਵਾਪਰੀ ਸੀ, ਹਾਲਾਂ ਕਿ ਇਹ ਘਟਨਾ ਉਸ ਸਕੂਲ ਵਿੱਚ ਸਥਿਤ ਸਰਕਾਰੀ ਹਾਈ ਸਕੂਲ ਨਾਲ ਸੰਬੰਧਤ ਸੀ, ਜੋ ਸਾਡੇ ਸਕੂਲ ਦੇ ਨੇੜੇ ਹੀ ਸੀ। ਇੱਕ ਦਿਨ ਦੋ ਪੱਤਰਕਾਰ ਉਸ ਸਕੂਲ ਵਿੱਚ ਆ ਗਏ। ਮੋਬਾਈਲ ਉਦੋਂ ਨਵਾਂ-ਨਵਾਂ ਚੱਲਿਆ ਹੀ ਸੀ। ਅਧਿਆਪਕਾਂ ਨੇ ਉਹਨਾਂ ਦਾ ਬੜਾ ਆਦਰ-ਸਨਮਾਨ ਕੀਤਾ। ਬਾਹਰ ਖੋਖੇ ਤੋਂ ਦੋ ਬੱਚਿਆਂ ਨੂੰ ਚਾਹ ਲਿਆਉਣ ਅਤੇ ਦੋ ਬੱਚਿਆਂ ਨੂੰ ਪਾਣੀ ਲਿਆਉਣ ਲਈ ਆਖ ਦਿੱਤਾ। ਪੱਤਰਕਾਰ ਇਧਰਲੀਆਂ-ਉਧਰਲੀਆਂ ਮਾਰ ਕੇ ਚਲੇ ਗਏ। ਦੂਜੇ ਦਿਨ ਤਸਵੀਰਾਂ ਸਮੇਤ ਇਕ ਅਖ਼ਬਾਰ ਵਿਚ ਖਬਰ ਲੱਗੀ ਦੇਖ ਕੇ ਅਧਿਆਪਕ ਹੈਰਾਨ ਰਹਿ ਗਏ। ਤਸਵੀਰ ਬੱਚਿਆਂ ਦੀ ਸੀ, ਜਿਹਨਾਂ ਦੇ ਹੱਥਾਂ ਵਿੱਚ ਪਾਣੀ ਅਤੇ ਚਾਹ ਦੀ ਟਰੇਅ ਫੜੀ ਹੋਈ ਸੀ। ਖਬਰ ਦੀ ਸੁਰਖੀ ਸੀ: 'ਸਕੂਲੀ ਬੱਚਿਆਂ ਤੋਂ ਕਰਵਾਈ ਜਾ ਰਹੀ ਹੈ ਵਗਾਰ।' ਵਿਭਾਗ ਵੱਲੋਂ ਇਸ ਖਬਰ ਦੀ ਜਵਾਬ-ਤਲਬੀ ਮੰਗ ਲਈ। ਅਧਿਆਪਕ ਵਿਚਾਰੇ ਕਈ ਦਿਨ ਜ਼ਿਲ੍ਹਾ ਸਿੱਖਿਆ ਅਫ਼ਸਰ ਦਫਤਰ ਦੇ ਗੇੜੇ ਮਾਰਦੇ ਰਹੇ ਅਤੇ ਸਫਾਈਆਂ ਦਿੰਦੇ ਰਹੇ। ਇਹ ਹੈ ਸਾਡੇ ਅਨਾੜੀ ਪੱਤਰਕਾਰਾਂ ਦਾ ਹਾਲ। ਇਸ ਖਬਰ ਤੋਂ ਬਾਅਦ ਅਧਿਆਪਕਾਂ ਦੇ ਮਨਾਂ ਵਿਚ ਪੱਤਰਕਾਰਾਂ ਪ੍ਰਤੀ ਇਕ ਤਰਾਂ ਦੀ ਬੇਭਰੋਸਗੀ ਪੈਦਾ ਹੋ ਗਈ ਸੀ। ਉਹ ਸਾਰੇ ਪੱਤਰਕਾਰਾਂ ਬਾਰੇ ਇੱਕੋ ਜਿਹੀ ਰਾਇ ਰੱਖਣ ਲੱਗ ਪਏ ਸਨ। ਮੈਨੂੰ ਯਾਦ ਹੈ ਕਿ ਜਦੋਂ ਬੱਚਾ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਲੈਂਦਾ ਸੀ ਤਾਂ ਅਸੀਂ ਉਸ ਦੇ ਮਾਪਿਆਂ ਜਾਂ ਗਾਰਡੀਅਨ ਨੂੰ ਬੁਲਾਉਂਦੇ ਸੀ। ਉਹ ਬੱਚੇ ਦੇ ਸਾਹਮਣੇ ਹੀ ਕਹਿਣ ਲੱਗ ਪੈਂਦੇ ਸਨ ਕਿ ਮਾਸਟਰ ਜੀ, ਅਸੀਂ ਤਾਂ ਇਹਨੂੰ ਬਾਹਰ ਭੇਜਣਾ ਹੈ, ਇਸ ਦੇ ਕਾਗਜ਼ ਭਰੇ ਹੋਏ ਹਨ। ਨਾਲੇ ਜੀ ਸਾਡੇ ਕੋਲ ਤਾਂ ਦੇਖਣ ਲਈ ਇਹ ਕੱਲਾ-ਕੱਲਾ ਜੁਆਕ ਹੈ, ਇਸ ਨੂੰ ਘੂਰਿਆ ਨਾ ਕਰੋ। ਫੇਰ ਅਸੀਂ ਉਹਨਾਂ ਨਾਲ ਬੱਚੇ ਦੇ ਸਾਹਮਣੇ ਗੱਲ ਕਰਨੀ ਛੱਡ ਦਿੱਤੀ ਸੀ, ਕਿਉਂਕਿ ਇਸ ਨਾਲ ਬੱਚਿਆਂ ਨੂੰ ਨਾ ਪੜ੍ਹਨ ਲਈ ਉਤਸ਼ਾਹ ਮਿਲਦਾ ਸੀ। ਬੱਚਿਆਂ ਦੇ ਮਨਾਂ ਵਿਚੋਂ ਕੰਮ ਕਲਚਰ ਦਾ ਖਤਮ ਹੋਣ ਲਈ ਹੋਰ ਕਾਰਨਾਂ ਦੇ ਨਾਲ-ਨਾਲ ਮਾਪਿਆਂ ਵੱਲੋਂ ਉਹਨਾਂ ਦੀ ਪਿੱਠ 'ਤੇ ਹੱਥ ਰੱਖਣਾ ਵੀ ਵੱਡਾ ਕਾਰਨ ਹੈ। ਕੋਈ ਸਮਾਂ ਸੀ ਜਦੋਂ ਸਕੂਲਾਂ ਵਿੱਚ ਕਿਆਰੀਆਂ ਬਣਾ ਕੇ ਫੁੱਲ ਬੂਟੇ ਲਾਉਣ, ਉਹਨਾਂ ਦੀ ਗੋਡੀ ਕਰਨ,ਪਾਣੀ ਆਦਿ ਦੇਣ ਅਤੇ ਸਫਾਈ ਦਾ ਕੰਮ ਬੱਚੇ ਕਰਦੇ ਹੁੰਦੇ ਸਨ। ਉਹਨਾਂ ਦੇ ਬਕਾਇਦਾ ਮੁਕਾਬਲੇ ਹੁੰਦੇ ਸਨ। ਨਤੀਜੇ ਵੱਲੋਂ ਉਹ ਘਰ ਜਾ ਕੇ ਮਾਪਿਆਂ ਨਾਲ ਵੀ ਕੰਮਾਂ ਵਿੱਚ ਹੱਥ ਵੰਡਾਉਂਦੇ ਸਨ। ਬਦਲ ਚੁੱਕੇ ਹਾਲਾਤ ਅਨੁਸਾਰ ਕੋਈ ਵੀ ਬੱਚਾ ਘਰ ਦਾ ਕੰਮ ਕਰਨ ਤੋਂ ਗੁਰੇਜ਼ ਕਰਨ ਲੱਗ ਪਿਆ ਹੈ। ਸਕੂਲਾਂ ਵਿੱਚ ਤਾਂ ਉਹਨਾਂ ਨੂੰ ਕੰਮ ਕਰਨ ਲਈ ਕਹਿਣਾ ਹੀ ਕਿਸ ਨੇ ਹੈ? ਇਹ ਸਤਰਾਂ ਲਿਖਦਿਆਂ ਰੂਸੀ ਲੇਖਕ ਐਤਮਾਤੋਵ ਦੀ ਨਿੱਕੀ ਜਿਹੀ ਕਾਇਦਾਨੁਮਾ ਕਿਤਾਬ 'ਪਹਿਲਾ ਅਧਿਆਪਕ' (First Teacher) ਯਾਦ ਆ ਗਈ। ਸਮਾਂ ਮਿਲਿਆ ਤਾਂ ਜ਼ਰੂਰ ਪੜ੍ਹਿਓ।

# ਸੰਪਰਕ : 79735-01892

# ਸਿਆਸਤ ਦੇ ਬਦਲਦੇ ਰੰਗ

**ਪ੍ਰਤਾਪ ਪਾਰਸ ਗੁਰਦਾਸਪੁਰੀ**

ਵੈਸੇ ਸਿਆਸਤ ਦਾ ਅਰਥ ਹੀ ਸਕੀਮ, ਜੁਗਤ, ਵਿਧੀ, ਤਰੀਕਾ ਤੋਂ ਹੈ, ਪਰ ਸਿਆਸਤ ਦਾ ਖੇਤਰ, ਲੈਵਲ, ਕਿਸਮ ਤਾਂ ਸਿਆਸਤ ਕਰਨ ਵਾਲਾ ਹੀ ਤਹਿ ਕਰਦਾ ਹੈ। ਆਮ ਤੌਰ 'ਤੇ ਸਿਆਸਤ ਸ਼ਬਦ ਨੇਤਾਵਾਂ ਨਾਲ ਹੀ ਜੁੜਿਆ ਆ ਰਿਹਾ ਹੈ। ਵੈਸੇ ਇਹ ਸਿਆਸਤ ਨੇਤਾਵਾਂ ਤੋਂ ਹੇਠਾਂ ਆਉਂਦੀ-ਆਉਂਦੀ ਹੋਈ ਆਪਣਾ ਹੋਰ ਰੂਪ ਅਖਤਿਆਰ ਕਰਦੀ ਸਾਡੇ ਘਰਾਂ ਤੱਕ ਪਹੁੰਚ ਚੁੱਕੀ ਹੈ। ਸਿਆਸਤ ਕਰਦੇ ਹੋਏ ਨੇਤਾਵਾਂ ਵੱਲੋਂ ਸਮਾਜ ਨੂੰ ਉਨਾਂ ਭੇਦਾਂ ਤੋਂ ਜਾਣੂ ਨਹੀਂ ਹੋਣ ਦਿੱਤਾ ਜਾਂਦਾ, ਜੋ ਉਨ੍ਹਾਂ ਦੇ ਹੱਕ ਵਿੱਚ ਜਾਂਦੇ ਹੋਣ। ਘਰਾਂ, ਪਿੰਡਾਂ, ਸ਼ਹਿਰਾਂ, ਰਿਸ਼ਤੇਦਾਰੀਆਂ ਵਿੱਚ ਹੁੰਦੀ ਸਿਆਸਤ ਦਾ ਰੂਪ ਕੁਝ ਹੋਰ ਹੁੰਦਾ ਹੈ, ਪਰ ਦੇਸ਼ ਚਲਾਉਣ ਵਾਲੇ ਹਾਕਮਾਂ, ਨੇਤਾਵਾਂ ਦੀ ਸਿਆਸਤ ਦਾ ਰੂਪ ਕੁਝ ਹੋਰ ਤਰ੍ਹਾਂ ਨਾਲ ਸਾਹਮਣੇ ਆਉਂਦਾ ਹੈ।

ਅਸੀਂ ਬਜ਼ੁਰਗਾਂ ਤੋਂ ਸੁਣਦੇ ਹਾਂ ਕਿ ਕਦੇ ਇਹ ਵੀ ਸਮਾਂ ਹੋਇਆ ਕਰਦਾ ਸੀ, ਜਦੋਂ ਨੇਤਾ ਲੋਕ ਜਨਤਾ ਨਾਲ ਆਪਣੀ ਕਹੀ ਹੋਈ ਗੱਲ ਪੁਗਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਉਂਦੇ ਸਨ। ਜਨਤਾ ਨਾਲ ਕੀਤੇ ਹੋਏ ਵਾਅਦੇ ਅਕਸਰ ਪੂਰੇ ਕਰ ਦਿਆ ਕਰਦੇ ਸਨ ਜੇਕਰ ਕਦੇ ਕੋਈ ਕੀਤੇ ਵਾਅਦੇ ਵਿੱਚੋਂ ਰਹਿ ਜਾਂਦਾ ਤਾਂ ਉਹ ਉਸ ਬਾਰੇ ਜਨਤਾ ਕੋਲੋਂ ਹੱਥ ਜੋੜ ਕੇ ਮਾਫੀ ਮੰਗ ਲਿਆ ਕਰਦੇ ਸਨ ਕਿ ਮੈਂ ਤੁਹਾਡੇ ਨਾਲ ਵਾਅਦਾ ਕਰਕੇ ਪੂਰਾ ਨਹੀਂ ਕਰ ਸਕਿਆ। ਉਹ ਆਪਣੀਆਂ ਮਜਬੂਰੀਆਂ ਦਾ ਹਵਾਲਾ ਦੇ ਉਸ ਕੰਮ ਨੂੰ ਅਗਲੀ ਵਾਰ ਵਿੱਚ ਪੂਰਾ ਕਰਨ ਦਾ ਵਚਨ ਦਿਆ ਕਰਦੇ ਸਨ, ਜੋ ਪੂਰਾ ਕਰਕੇ ਦਿਖਾਉਂਦੇ ਵੀ ਸਨ।

ਕੁਝ ਸਮਾਂ ਪਹਿਲਾਂ ਸਿਆਸਤ ਨੇ ਐਸੀ ਕਰਵਟ ਬਦਲੀ ਕਿ ਇੱਕ ਵੱਡੀ ਪਾਰਟੀ ਦੇ ਨੇਤਾਵਾਂ ਨੇ ਬੈਠ ਕੇ ਅਜਿਹੀ ਵਿਉਂਤ ਘੜੀ, ਜਿਸ ਵਿੱਚ ਲੋਕਾਂ ਨੂੰ ਉਲਝਾਇਆ ਹੀ ਨਹੀਂ ਗਿਆ, ਸਗੋਂ ਮੂਰਖ ਵੀ ਬਣਾਇਆ ਗਿਆ, ਜਿਸ ਵਿੱਚ ਉਹਨਾਂ ਵੱਲੋਂ ਲੋਕਾਂ ਨੂੰ ਦੇਸ਼ ਦਾ ਸਵਿਸ ਬੈਂਕਾਂ ਵਿੱਚ ਪਿਆ ਕਾਲਾ ਧਨ ਵਾਪਸ ਲਿਆਉਣ ਲਈ ਵਾਅਦਾ ਕੀਤਾ ਅਤੇ ਭਾਰਤ ਦੇ ਹਰ ਨਾਗਰਿਕ ਦੇ ਖਾਤੇ ਵਿੱਚ 15-15 ਲੱਖ ਰੁਪਏ ਆ ਜਾਣ ਦੇ ਦਾਅਵੇ ਨਾਲ ਵਾਅਦਾ ਵੀ ਕੀਤਾ। ਦੇਸ਼ ਵਿੱਚ ਹਰ ਸਾਲ ਕਰੋੜਾਂ ਨੌਕਰੀਆਂ ਦੇਣ, ਹਰ ਖੇਤਰ ਵਿੱਚ ਸਮਾਨਤਾ ਲਿਆਉਣ, ਔਰਤਾਂ ਨੂੰ ਬਣਦਾ ਸਨਮਾਨ ਦੇਣ, ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਉੱਪਰ ਚੁੱਕਣ ਅਤੇ ਹੋਰ ਕਈ ਤਰ੍ਹਾਂ ਦੇ ਵਾਅਦੇ ਕੀਤੇ। ਦੇਸ਼ ਦੀ ਭੋਲੀ ਜਨਤਾ ਨੇ ਇਹਨਾਂ ਵਾਅਦਿਆਂ ਵਿੱਚ ਫਸ ਕੇ ਉਹਨਾਂ ਨੇਤਾਵਾਂ ਦੇ ਹੱਥ ਦੇਸ਼ ਦੀ ਵਾਗ ਡੋਰ ਦੇ ਦਿੱਤੀ। ਤਖਤ 'ਤੇ ਬੈਠਣ ਮਗਰੋਂ ਕੀਤੇ ਵਾਅਦਿਆਂ ਤੋਂ ਮੁਨਕਰ ਹੁੰਦਿਆਂ ਉਸੇ ਪਾਰਟੀ ਦੇ ਇੱਕ ਵੱਡੇ ਨੇਤਾ ਨੇ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਇਹ ਤਾਂ ਸਿਰਫ ਚੁਣਾਵੀ ਜੁਮਲੇ ਸਨ, ਜੋ ਸੱਤਾ ਹਾਸਿਲ ਕਰਨ ਲਈ ਹਰ ਸਿਆਸੀ ਪਾਰਟੀ ਵੱਲੋਂ ਵਰਤੇ ਜਾਂਦੇ ਹਨ। ਜਨਤਾ ਵਿਚਾਰੀ ਹੱਥ ਮਲਦੀ ਰਹਿ ਗਈ। ਫਿਰ ਜੋ ਪੂਰੇ ਭਾਰਤ ਵਿਚ ਲੋਕਤੰਤਰ ਦੇ ਨਾਂਅ ਹੇਠ ਤਾਨਸ਼ਾਹੀ ਨੂੰ ਬੜਾਵਾ ਦਿੱਤਾ ਗਿਆ ਤੇ ਦਿੱਤਾ ਜਾ ਵੀ ਰਿਹਾ ਹੈ, ਉਹ ਸਾਰੀ ਦੁਨੀਆ ਨੇ ਦੇਖਿਆ ਅਤੇ ਦੇਖ ਵੀ ਰਹੀ ਹੈ।

ਜੇਕਰ ਪੰਜਾਬ ਸੂਬੇ ਦੀ ਸਿਆਸਤ ਦੀ ਗੱਲ ਕਰੀਏ ਤਾਂ ਸੂਬੇ ਦੇ ਨੇਤਾਵਾਂ ਨੇ ਵੀ ਝੂਠ ਬੋਲਣ ਵਿੱਚ ਕਿਤੇ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਲੋਕਾਂ ਨਾਲ ਵਾਅਦੇ ਕਰਦਿਆਂ ਆਪੇ ਤੋਂ ਬਾਹਰ ਹੋਇਆ ਇੱਕ ਸਿਆਸੀ ਪਾਰਟੀ ਦਾ ਰਾਜ ਨੇਤਾ ਚੋਣ ਜਲਸੇ ਵਿੱਚ ਇਹ ਐਲਾਨ ਕਰਦਾ ਸੁਣਿਆ ਗਿਆ ਕਿ ਸਾਡੀ ਸਰਕਾਰ ਬਣਨ 'ਤੇ ਪਲੱਸ ਵਨ ਵਿਚ ਦਾਖਲਾ ਲੈਣ ਵਾਲੀਆਂ ਕੁੜੀਆਂ ਨੂੰ ਸਕੂਟਰੀਆਂ ਦਿੱਤੀਆਂ ਜਾਣਗੀਆਂ, ਸਾਡੀ ਪਾਰਟੀ ਦੇ ਨੇਤਾ ਕਿਸੇ ਵੀ ਘਰ ਮੁੰਡਾ ਜੰਮਣ 'ਤੇ ਮੁੰਡੇ ਦੇ ਮਾਮੇ ਬਣ ਕੇ ਤੜਾਗੀ ਬੰਨ੍ਹਣ ਜਾਇਆ ਕਰਨਗੇ, ਮੁੰਡੇ ਦੀ ਬਰਾਤ ਜਾਣ ਵੇਲੇ ਬਰਾਤ ਲਈ ਟਾਟਾ ਸੂਮੋਆਂ ਦਾ ਪ੍ਰਬੰਧ ਕਰਨਾ ਵੀ ਸਾਡੀ ਪਾਰਟੀ ਦੀ ਜ਼ਿੰਮੇਵਾਰੀ ਹੋਵੇਗੀ। ਇਸ ਤਰ੍ਹਾਂ ਦੀਆਂ ਕਈ ਹੋਰ ਬੇਤੁਕੀਆਂ ਗੱਲਾਂ ਵੀ ਕਹਿੰਦਿਆਂ ਜਨਤਾ ਨੇ ਅਕਸਰ ਨੇਤਾ ਸੁਣੇ ਹਨ, ਜੋ ਕਦਾਚਿੱਤ ਸਹੀ ਨਹੀਂ ਮੰਨੀਆਂ ਜਾ ਸਕਦੀਆਂ।

ਇੱਕ ਪਾਰਟੀ ਦਾ ਸਿਰਮੌਰ ਲੀਡਰ, ਜੋ ਸੂਬੇ ਦਾ ਮੁੱਖ ਸੇਵਾਦਾਰ ਬਣਨ ਦਾ ਸੁਪਨਾ ਲੈ ਰਿਹਾ ਹੈ, ਸੋਸ਼ਲ ਮੀਡੀਆ 'ਤੇ ਅਕਸਰ ਸੁਣਿਆ, ਦੇਖਿਆ ਜਾ ਰਿਹਾ ਹੈ ਕਿ ਜਿਹੜੇ ਪਿੰਡਾਂ ਵਿੱਚ ਬਜ਼ੁਰਗ ਸੀਪ ਖੇਡਦੇ ਹਨ, ਮੈਂ ਉਹਨਾਂ ਬਜ਼ੁਰਗਾਂ ਦੇ ਸੀਪ ਖੇਡਣ ਦੇ ਮੁਕਾਬਲੇ ਕਰਵਾਵਾਂਗਾ ਅਤੇ ਫਸਟ ਆਈ ਟੀਮ ਨੂੰ 10 ਲੱਖ ਰੁਪਏ ਇਨਾਮ ਵਜੋਂ ਦੇਵਾਂਗਾ, ਜਿਹੜੇ ਲੜਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਕਬੂਤਰ ਉਡਾਉਂਦੇ ਹਨ, ਮੈਂ ਮੁੱਖ ਸੇਵਾਦਾਰ ਬਣ ਕੇ ਕਬੂਤਰਾਂ ਦੀਆਂ ਰੇਸਾਂ ਕਰਵਾਵਾਂਗਾ, ਜਦੋਂ ਕਿ ਕਬੂਤਰਾਂ ਦੀਆਂ ਰੇਸਾਂ ਨਹੀਂ, ਉਡਾਰੀਆਂ ਹੁੰਦੀਆਂ ਹਨ। ਉਹ ਲੀਡਰ ਕਦੇ ਦਿੱਲੀ ਤੋਂ ਟਰੱਕ ਭਰ ਕੇ ਨੋਟ ਲਿਆਉਣ ਦੀ ਗੱਲ ਵੀ ਕਰਦਾ ਹੈ ਅਤੇ ਜਨਤਾ ਨੂੰ ਇਹ ਵੀ ਕਹਿੰਦਾ ਹੈ ਕਿ ਜਿੰਨੇ ਦਿਲ ਕਰੇ ਓਨੇ ਟਰੱਕ ਤੋਂ ਨੋਟ ਲਾਹ ਲੈਣਾ। ਸੰਤੁਲਨ ਖੋਹ ਚੁੱਕਾ ਉਹ ਵੱਡਾ ਲੀਡਰ ਇਹ ਵੀ ਆਖਦਾ ਹੈ ਕਿ ਮੇਰੇ ਰਾਜ ਵਿੱਚ ਤੁਹਾਡੇ ਮੋਟਰਸਾਈਕਲਾਂ, ਗੱਡੀਆਂ ਦੇ ਕੋਈ ਥਾਣੇਦਾਰ ਕਾਗਜ਼ ਚੈੱਕ ਨਹੀਂ ਕਰੇਗਾ, ਕੋਈ ਬਿਜਲੀ ਵਾਲਾ ਕਰਮਚਾਰੀ ਤੁਹਾਡੇ ਘਰਾਂ ਵਿੱਚ ਕੁੰਡੀਆਂ ਚੈੱਕ ਕਰਨ ਨਹੀਂ ਜਾਵੇਗਾ, ਜਿੱਥੇ ਚਾਹੇ ਤੁਸੀਂ ਥਾਣੇਦਾਰ ਨੂੰ ਰੋਕ ਲਓ, ਉਹ ਬੋਲ ਨਹੀਂ ਸਕੇਗਾ। ਕੀ ਅਸੀਂ ਅਜਿਹਾ ਸਮਾਜ ਸਿਰਜਣਾ ਚਾਹੁੰਦੇ ਹਾਂ, ਜਿੱਥੇ ਕੋਈ ਅਨੁਸ਼ਾਸਨ ਨਾਂਅ ਦੀ ਕੋਈ ਚੀਜ਼ ਹੀ ਨਾ ਹੋਵੇ ਕੀ ਅਸੀਂ ਜੰਗਲ ਰਾਜ ਚਾਹੁੰਦੇ ਹਾਂ। ਇਹ ਵਿਚਾਰਨ ਵਾਲੀ ਗੱਲ ਹੈ, ਜੋ ਸਾਡੇ ਭਵਿੱਖ ਨਾਲ ਜੁੜਦੀ ਹੈ।

ਇਸ ਤਰ੍ਹਾਂ ਦੀਆਂ ਲੋਕ-ਲੁਭਾਊ ਸਕੀਮਾਂ ਸਿਆਸੀ ਲੋਕਾਂ ਨੇ ਸਿਰਫ ਤੇ ਸਿਰਫ ਸੱਤਾ ਦੀ ਕੁਰਸੀ ਹਥਿਆਉਣ ਲਈ ਬਣਾਈਆਂ ਹੋਈਆਂ ਹਨ, ਜੋ ਸਾਡੇ ਲਈ ਆਉਣ ਵਾਲੇ ਸਮੇਂ ਲਈ ਬਹੁਤ ਘਾਤਕ ਸਿੱਧ ਹੋਣਗੀਆਂ। ਸਿਆਸਤ ਨੂੰ ਸਮਝਣ ਵਾਲੇ ਚੰਦ ਲੋਕ ਹਨ। ਬਹੁਤੇ ਲੋਕ ਇਹਨਾਂ ਸਕੀਮਾਂ ਵਿੱਚ ਉਲਝ ਕੇ ਪਾਰਟੀਆਂ ਮਗਰ ਤੁਰ ਪੈਂਦੇ ਹਨ। ਸੋਚਣ ਅਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਅਸੀਂ ਸਾਰਾ ਕੁਝ ਮੁਫਤ ਵਿੱਚ ਕਿਸ ਕੋਲੋਂ ਲੈ ਰਹੇ ਹਾਂ। ਕੀ ਇਹ ਸਹੂਲਤਾਂ ਸਾਨੂੰ ਹਾਕਮ ਆਪਣੇ ਘਰ ਤੋਂ ਦੇ ਰਹੇ ਹਨ? ਜੇ ਨਹੀਂ ਤਾਂ, ਇਹ ਸਾਰੇ ਪੈਸੇ ਦਾ ਪ੍ਰਬੰਧ ਕਿੱਥੋਂ ਹੋ ਰਿਹਾ ਹੈ? ਇਹ ਗੱਲ ਅਸੀਂ ਕਦੇ ਸੋਚੀ ਹੀ ਨਹੀਂ। ਇਹੀ ਸਿਆਸਤ ਦਾ ਕਰੂਪ ਚਿਹਰਾ ਹੈ, ਜੋ ਸਾਡੇ ਤੋਂ ਲੁਕਾਇਆ ਜਾ ਰਿਹਾ ਹੈ। ਸੂਬਿਆਂ ਸਿਰ, ਦੇਸ਼ ਦੇ ਸਿਰ ਅਰਬਾਂ-ਖਰਬਾਂ ਵਿੱਚ ਕਰਜ਼ਾ ਚੜ੍ਹ ਰਿਹਾ ਹੈ, ਜਿਸ ਦਾ ਹਰ ਮਹੀਨੇ ਵਿਆਜ ਹੀ ਕਰੋੜਾਂ ਵਿੱਚ ਜਾ ਰਿਹਾ ਹੈ। ਅਸੀਂ ਲੋਕ ਇਹ ਨਹੀਂ ਸੋਚਦੇ ਕਿ ਕਰਜ਼ਾ ਲੈ ਕੇ ਕੀਤੀ ਤਰੱਕੀ ਬਹੁਤੇ ਰੰਗ ਨਹੀਂ ਲਾਉਂਦੀ। ਆਓ, ਆਪਾਂ ਆਪਣੇ ਘਰ ਦੀ ਹੀ ਉਦਾਰਣ ਲੈ ਕੇ ਵਿਚਾਰ ਕਰੀਏ। ਜੇਕਰ ਘਰ ਵਿੱਚ ਦਿਨ ਦੀ ਆਮਦਨ ਸੌ ਤੇ ਖਰਚ ਸਵਾ ਸੌ ਹੋਵੇ ਤਾਂ ਕੀ ਘਰ ਦਾ ਸਾਰਾ ਗੁਜ਼ਾਰਾ ਕਰਜ਼ਾ ਲੈ ਕੇ ਚਲਾਇਆ ਜਾ ਸਕਦਾ ਹੈ। ਇਹ ਖੇਡ ਕਿੰਨਾ ਚਿਰ ਚੱਲ ਸਕਦੀ ਹੈ।

ਸਾਡੇ ਨੇਤਾਵਾਂ ਨੂੰ ਝੂਠ-ਫ਼ਰੇਬ ਅਤੇ ਘਟੀਆ ਸਿਆਸਤ ਨੂੰ ਛੱਡ ਕੇ ਉਸਾਰੂ ਸਿਆਸਤ ਦੇ ਰਾਹ ਤੁਰਨਾ ਪਵੇਗਾ। ਲੋਕਾਂ ਨੂੰ ਮੁਫਤ ਦੀਆਂ ਸਹੂਲਤਾਂ 'ਚੋਂ ਬਾਹਰ ਕੱਢ ਕੇ ਕੰਮ ਕਰਨ ਦੀ ਆਦਤ ਪਾਉਣੀ ਪਵੇਗੀ। ਹਾਂ, ਜਿਹੜੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਉਹਨਾਂ ਦੀ ਕੁਝ ਮਦਦ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਉਹ ਵੀ ਆਪਣਾ ਜੀਵਨ ਬਸਰ ਸਹੀ ਢੰਗ ਨਾਲ ਕਰ ਸਕਣ ਅਤੇ ਦੋ ਡੰਗ ਦੀ ਰੋਟੀ ਤੋਂ ਵਿਰਵੇ ਨਾ ਰਹਿਣ। ਜੇਕਰ ਸਿਆਸਤ ਦੀ ਨੀਂਹ ਝੂਠ, ਫ਼ਰੇਬ ਹੇਰਾਫੇਰੀ 'ਤੇ ਹੋਵੇਗੀ ਤਾਂ ਸੁਨਹਿਰੇ ਭਵਿੱਖ ਦੀ ਕਦੇ ਆਸ ਨਹੀਂ ਰੱਖੀ ਜਾ ਸਕਦੀ ਅਤੇ ਨਾ ਹੀ ਸਾਡਾ ਦੇਸ਼, ਸਾਡਾ ਸੂਬਾ ਕਦੇ ਵੀ ਖੁਸ਼ਹਾਲ ਹੋ ਸਕਦਾ ਹੈ।

# ਸੰਪਰਕ : 99888-11681

# ਝੱਖੜ ਕਾਰਨ ਸ਼ਾਰਟ-ਸਰਕਟ ਨਾਲ ਘਰ ਨੂੰ ਲੱਗੀ ਅੱਗ, ਲੱਖਾਂ ਦਾ ਸਾਮਾਨ ਸੜ ਕੇ ਸੁਆਹ

## ਫਾਇਰ ਬ੍ਰਿਗੇਡ ਨੇ ਮੁਸ਼ਕਲ ਨਾਲ ਪਾਇਆ ਅੱਗ 'ਤੇ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੱਚਾ ਦੁਸਾਂਝ ਰੋਡ 'ਤੇ ਇੱਕ ਘਰ ਵਿੱਚ ਭਿਆਨਕ ਅੱਗ ਲੱਗਣ ਕਾਰਨ ਘਰ ਦਾ ਵੱਡਾ ਹਿੱਸਾ ਤੇ ਕੀਮਤੀ ਸਾਮਾਨ ਸੜ ਕੇ ਸੁਆਹ ਹੋ ਗਿਆ।ਪ੍ਰਾਰੰਭਿਕ ਜਾਣਕਾਰੀ ਅਨੁਸਾਰ ਅੱਗ ਸ਼ਾਰਟ ਸਰਕਟ ਕਾਰਨ ਲੱਗੀ ਦੱਸੀ ਜਾ ਰਹੀ ਹੈ, ਹਾਲਾਂਕਿ ਕੁਝ ਲੋਕਾਂ ਵੱਲੋਂ ਬਿਜਲੀ ਡਿੱਗਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ।ਖੁਸ਼ਕਿਸਮਤੀ ਨਾਲ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਾਰਡ ਦੇ ਕੌਂਸਲਰ ਗੋਵਰਧਨ ਪੋਪਲੀ ਨੇ ਦੱਸਿਆ ਕਿ ਮਨਜੀਤ ਕੌਰ ਦੇ ਪਰਵਾਰ ਵੱਲੋਂ ਉਨ੍ਹਾਂ ਨੂੰ ਫੋਨ ਕਰਕੇ ਅੱਗ ਲੱਗਣ ਦੀ ਸੂਚਨਾ ਦਿੱਤੀ ਗਈ। ਉਹ ਤੁਰੰਤ ਮੌਕੇ ਵੱਲ ਰਵਾਨਾ ਹੋਏ ਤੇ ਰਸਤੇ ਵਿੱਚ ਹੀ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ।ਉਨ੍ਹਾਂ ਕਿਹਾ ਕਿ ਖਰਾਬ ਮੌਸਮ, ਤੇਜ਼ ਤੂਫਾਨ ਤੇ ਰਸਤੇ ਵਿੱਚ ਡਿੱਗੇ ਦਰੱਖਤਾਂ ਕਾਰਨ ਫਾਇਰ ਬ੍ਰਿਗੇਡ ਨੂੰ ਮੌਕੇ 'ਤੇ ਪਹੁੰਚਣ ਵਿੱਚ ਕਾਫੀ ਮੁਸ਼ਕਲ ਆਈ।ਸਕੂਲਾਂ ਦੀ ਛੁੱਟੀ ਹੋਣ ਕਰਕੇ ਸੜਕਾਂ 'ਤੇ ਵੀ ਭਾਰੀ ਭੀੜ ਸੀ।ਕੌਂਸਲਰ ਗੋਵਰਧਨ ਪੋਪਲੀ ਨੇ ਕਿਹਾ ਕਿ ਇਲਾਕੇ ਵਿੱਚ ਨੀਵੀਆਂ ਬਿਜਲੀ ਤਾਰਾਂ ਕਾਰਨ ਪਹਿਲਾਂ ਵੀ ਕਈ ਹਾਦਸੇ ਹੋ ਚੁੱਕੇ ਹਨ ਤੇ ਇਸ ਬਾਰੇ ਬਿਜਲੀ ਵਿਭਾਗ ਨੂੰ ਕਈ ਵਾਰ ਜਾਣੂ ਕਰਵਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਦਿਨਾਂ ਵੀ ਇਸ ਮਾਮਲੇ ਨੂੰ ਲੈ ਕੇ ਲੋਕਾਂ ਵੱਲੋਂ ਸ਼ਿਕਾਇਤ ਕੀਤੀ ਗਈ ਸੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਿਜਲੀ ਦੀਆਂ ਤਾਰਾਂ ਹੇਠਾਂ ਉੱਚੀਆਂ ਇਮਾਰਤਾਂ ਬਣਾਉਣ ਤੋਂ ਗੁਰੇਜ਼ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੱਡੇ ਜਾਨੀ ਨੁਕਸਾਨ ਤੋਂ ਬਚਿਆ ਜਾ ਸਕੇ।ਉਨ੍ਹਾਂ ਸਰਕਾਰ ਤੇ ਬਿਜਲੀ ਬੋਰਡ ਨੂੰ ਵੀ ਅਪੀਲ ਕੀਤੀ ਕਿ ਜਿੱਥੇ ਨੀਵੀਆਂ ਤਾਰਾਂ ਕਾਰਨ ਸਭ ਤੋਂ ਵੱਧ ਖਤਰਾ ਹੈ, ਉਥੇ ਪਹਿਲ ਦੇ ਆਧਾਰ 'ਤੇ ਕੰਮ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦੀ ਗੱਲ ਕੀਤੀ ਜਾ ਰਹੀ ਹੈ, ਪਰ ਜ਼ਮੀਨੀ ਪੱਧਰ 'ਤੇ ਕੰਮ ਦੀ ਗਤੀ ਬਹੁਤ ਹੌਲੀ ਹੈ।ਉੱਥੇ ਹੀ ਫਾਇਰ ਮੈਨ ਬੇਅੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰ ਕਰੀਬ 3 ਵੱਜ ਕੇ 12 ਮਿੰਟ 'ਤੇ ਅੱਗ ਲੱਗਣ ਦੀ ਸੂਚਨਾ ਮਿਲੀ ਸੀ।ਮੌਕੇ 'ਤੇ ਪਹੁੰਚਣ ਦੌਰਾਨ ਰਸਤੇ ਵਿੱਚ ਭਾਰੀ ਟ੍ਰੈਫਿਕ, ਡਿੱਗੇ ਦਰੱਖਤ ਤੇ ਤੰਗ ਸੜਕਾਂ ਕਾਰਨ ਕਾਫੀ ਦਿਕਤਾਂ ਦਾ ਸਾਹਮਣਾ ਕਰਨਾ ਪਿਆ।ਉਨ੍ਹਾਂ ਦੱਸਿਆ ਕਿ ਇੱਕ ਫਾਇਰ ਬ੍ਰਿਗੇਡ ਗੱਡੀ ਤੇ ਛੋਟੀ ਰੀਲ ਦੀ ਮਦਦ ਨਾਲ ਅੱਗ 'ਤੇ ਕਾਬੂ ਪਾਇਆ ਗਿਆ।ਫਾਇਰਮੈਨ ਨੇ ਦੱਸਿਆ ਕਿ ਅੱਗ ਕਾਰਨ ਘਰ ਦਾ ਰਸੋਈ ਸਾਮਾਨ ਤੇ ਹੋਰ ਘਰੇਲੂ ਸਾਮਾਨ ਸੜ ਗਿਆ, ਪਰ ਸਿਲੰਡਰ ਨੂੰ ਸਮੇਂ ਸਿਰ ਸੁਰੱਖਿਅਤ ਬਾਹਰ ਕੱਢ ਲਿਆ ਗਿਆ, ਜਿਸ ਨਾਲ ਵੱਡਾ ਹਾਦਸਾ ਟਲ ਗਿਆ।

# ਤੇਜ਼ ਹਨੇਰੀ ਕਾਰਨ ਹਲਕੇ ਦੇ ਪਿੰਡਾਂ 'ਚ ਭਾਰੀ ਨੁਕਸਾਨ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਬੀਤੀ ਰਾਤ ਆਈ ਤੇਜ਼ ਹਨੇਰੀ ਤੇ ਗੜੇਮਾਰੀ ਕਾਰਨ ਹਲਕਾ ਨਿਹਾਲ ਸਿੰਘ ਵਾਲਾ ਦੇ ਕਈ ਪਿੰਡਾਂ ਵਿੱਚ ਭਾਰੀ ਨੁਕਸਾਨ ਹੋਣ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ।ਹਨੇਰੀ ਇੰਨੀ ਤੇਜ਼ ਸੀ ਕਿ ਕਈ ਥਾਵਾਂ 'ਤੇ ਦਰੱਖਤ ਜੜ੍ਹਾਂ ਸਮੇਤ ਉੱਖੜ ਗਏ ਤੇ ਬਿਜਲੀ ਦੇ ਖੰਭੇ ਵੀ ਡਿੱਗ ਪਏ, ਜਿਸ ਕਾਰਨ ਕਈ ਪਿੰਡਾਂ ਦੀ ਬਿਜਲੀ ਸਪਲਾਈ ਪ੍ਰਭਾਵਿਤ ਹੋਈ।ਪਿੰਡਾਂ ਦੇ ਮੁੱਖ ਰਸਤਿਆਂ ਤੇ ਸੜਕਾਂ 'ਤੇ ਦਰੱਖਤ ਡਿੱਗਣ ਕਾਰਨ ਆਵਾਜਾਈ ਵਿੱਚ ਵੀ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਕਈ ਥਾਵਾਂ 'ਤੇ ਘਰਾਂ ਦੇ ਟਿੰਨ ਸ਼ੈੱਡ ਤੇ ਛੱਪਰ ਵੀ ਉੱਡ ਗਏ ਅਤੇ ਕਈ ਜਗ੍ਹਾ ਜਿਵੇਂ ਐੱਨ ਐੱਚ 703 ਰੋਡ ਉੱਪਰ ਨੈਸ਼ਨਲ ਰੋਡ ਉੱਤੇ ਬੋਰਡ ਡਿੱਗਣ ਦਾ ਸਮਾਚਾਰ ਵੀ ਪ੍ਰਾਪਤ ਹੋਇਆ ਹੈ, ਜਦਕਿ ਕਿਸਾਨਾਂ ਨੇ ਖੇਤਾਂ ਵਿੱਚ ਖੜ੍ਹੀਆਂ ਫਸਲਾਂ ਨੂੰ ਨੁਕਸਾਨ ਪਹੁੰਚਣ ਦੀ ਗੱਲ ਕਹੀ ਹੈ।ਲੋਕਾਂ ਨੇ ਦੱਸਿਆ ਕਿ ਹਨੇਰੀ ਦੌਰਾਨ ਬਿਜਲੀ ਸਪਲਾਈ ਬੰਦ ਹੋ ਗਈ, ਜਿਸ ਦੇ ਚਲਦਿਆਂ ਉੱਥੇ ਹੀ ਬਿਜਲੀ ਮਹਿਕਮੇ ਤੇ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਅਤੇ ਡਿੱਗੇ ਹੋਏ ਖੰਭਿਆਂ ਤੇ ਤਾਰਾਂ ਨੂੰ ਠੀਕ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਇਲਾਕਾ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਪ੍ਰਭਾਵਿਤ ਲੋਕਾਂ ਨੂੰ ਜਲਦ ਤੋਂ ਜਲਦ ਰਾਹਤ ਮੁਹੱਈਆ ਕਰਵਾਈ ਜਾਵੇ ਤੇ ਬਿਜਲੀ ਸਪਲਾਈ ਬਹਾਲ ਕੀਤੀ ਜਾਵੇ।



# ਨਰੇਗਾ ਮਜ਼ਦੂਰਾਂ ਵੱਲੋਂ ਮੰਗਾਂ ਦੇ ਹੱਕ 'ਚ ਏ ਡੀ ਸੀ ਦਫਤਰ ਅੱਗੇ ਧਰਨਾ



**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ/ਪਰਵਿੰਦਰ ਜੀਤ ਸਿੰਘ)**-ਪੰਜਾਬ ਖੇਤ ਮਜ਼ਦੂਰ ਸਭਾ ਬਠਿੰਡਾ ਵੱਲੋਂ ਜ਼ਿਲ੍ਹਾ ਆਗੂ ਮਿੱਠੂ ਸਿੰਘ ਘੁੱਦਾ ਤੇ ਮੱਖਣ ਸਿੰਘ ਗੁਰੂਸਰ ਦੀ ਅਗਵਾਈ ਵਿੱਚ ਪਿੰਡ ਦਿਉਣ ਦੇ ਨਰੇਗਾ ਵਰਕਰਾਂ ਤੇ ਜ਼ਿਲ੍ਹੇ ਦੇ ਦੂਜੇ ਆਗੂਆਂ ਨੂੰ ਨਾਲ ਲੈ ਕੇ ਏਡੀਸੀ ਵਿਕਾਸ ਦੇ ਦਫਤਰ ਮੂਹਰੇ ਧਰਨਾ ਲਾਇਆ ਗਿਆ ਤੇ ਮਜ਼ਦੂਰਾਂ ਦੀਆਂ ਮੰਗਾਂ ਦਾ ਮੰਗ ਪੱਤਰ ਵੀ ਦਿੱਤਾ।

ਧਰਨੇ ਨੂੰ ਸੰਬੋਧਨ ਕਰਦਿਆਂ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂਆਂ ਮਿੱਠੂ ਸਿੰਘ ਘੁੱਦਾ ਤੇ ਮੱਖਣ ਸਿੰਘ ਗੁਰੂਸਰ ਨੇ ਦੋਸ਼ ਲਾਇਆ ਕਿ ਸਰਕਾਰ ਨੇ ਨਰੇਗਾ ਦਾ ਕੰਮ ਬਿਲਕੁਲ ਠੱਪ ਕਰ ਦਿੱਤਾ ਹੈ।ਬਹੁਤ ਸਾਰੇ ਪਿੰਡਾਂ ਜਿਵੇਂ ਕਿ ਦਿਓਣ ਪਿੰਡ ਵਿੱਚ ਪਿਛਲੇ 10 ਮਹੀਨਿਆਂ ਤੋਂ ਬਿਲਕੁਲ ਹੀ ਕੰਮ ਨਹੀਂ ਚਲਾਇਆ ਜਾ ਰਿਹਾ।ਮਜ਼ਦੂਰਾਂ ਕੋਲ ਕੰਮ ਨਾ ਹੋਣ ਕਾਰਨ ਉਹ ਬੇਰੁਜ਼ਗਾਰ ਹੋ ਗਏ ਹਨ ਤੇ ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਮਜ਼ਦੂਰਾਂ ਲਈ ਦੋ ਡੰਗ ਦੀ ਰੋਟੀ ਖਾਣਾ ਵੀ ਬਹੁਤ ਔਖਾ ਹੋ ਗਿਆ ਹੈ।ਮਜ਼ਦੂਰ ਆਗੂਆਂ ਨੇ ਦੱਸਿਆ ਕਿ ਬਹੁਤ ਸਾਰੇ ਪਿੰਡਾਂ ਵਿੱਚ ਜਿੱਥੇ ਪਹਿਲਾਂ ਨਰੇਗਾ ਦਾ ਕੋਈ ਥੋੜ੍ਹਾ ਬਹੁਤ ਕੰਮ ਹੋਇਆ ਸੀ, ਉਸ ਦੀਆਂ ਪੇਮੈਂਟਾਂ ਵੀ ਨਹੀਂ ਹੋ ਸਕੀਆਂ।ਉਨ੍ਹਾਂ ਮੰਗ ਕੀਤੀ ਕਿ ਜਲਦ ਤੋਂ ਜਲਦ ਸਾਰੇ ਪਿੰਡਾਂ ਵਿੱਚ ਨਰੇਗਾ ਦਾ ਕੰਮ ਚਲਾਇਆ ਜਾਵੇ।ਨਰੇਗਾ ਦੇ ਕੰਮਾਂ ਵਿੱਚ ਮਸ਼ੀਨਰੀ ਦੀ ਵਰਤੋਂ ਬੰਦ ਕੀਤੀ ਜਾਵੇ ਤਾਂ ਕਿ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਮਿਲ ਸਕੇ।ਮਜ਼ਦੂਰਾਂ ਨੂੰ ਘੱਟੋ ਘੱਟ ਸਾਲ ਵਿੱਚ 300 ਦਿਨ ਰੁਜ਼ਗਾਰ ਦਿੱਤਾ ਜਾਵੇ ਤੇ 700 ਰੁਪਏ ਦਿਹਾੜੀ ਦਿੱਤੀ ਜਾਵੇ।ਬੀਤੇ ਸਮੇਂ ਵਿੱਚ ਕੀਤੇ ਹੋਏ ਕੰਮਾਂ ਦੀ ਪੇਮੈਂਟ ਜਲਦ ਕੀਤੀ ਜਾਵੇ।ਬੇਘਰ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ ਤੇ ਪਿਛਲੇ ਸਾਲ ਬਾਰਿਸ਼ਾਂ ਦੌਰਾਨ ਮਜ਼ਦੂਰਾਂ ਦੇ ਢਹਿ ਗਏ ਮਕਾਨਾਂ ਦਾ ਮੁਆਵਜ਼ਾ ਛੇਤੀ ਤੋਂ ਛੇਤੀ ਦਿੱਤਾ ਜਾਵੇ।ਮਜ਼ਦੂਰ ਆਗੂਆਂ ਨੇ ਜਨਗਣਨਾ 2026 ਦੇ ਫਾਰਮਾਂ ਵਿੱਚ ਮਜ਼੍ਹਬੀ ਸਿੱਖ ਭਾਈਚਾਰੇ ਲਈ ਘਟੀਆ ਜਾਤੀਗਤ ਸ਼ਬਦ ਵਰਤਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਅਜਿਹੇ ਸ਼ਬਦ ਹਟਾਏ ਜਾਣ। ਭਰਾਤਰੀ ਜਥੇਬੰਦੀ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ ਨੇ ਕੇਂਦਰ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਪਹਿਲਾਂ ਮੋਦੀ ਸਰਕਾਰ ਨੇ ਨਰੇਗਾ ਦੀ ਥਾਂ ਨਵਾਂ ਜੀ ਰਾਮ ਜੀ ਕਾਨੂੰਨ ਲਿਆ ਕੇ ਪੇਂਡੂ ਅਨਪੜ੍ਹ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਵੱਡੀ ਸੱਟ ਮਾਰੀ ਹੈ, ਦੂਜੇ ਪਾਸੇ ਮਜ਼ਦੂਰਾਂ ਦੇ ਹੱਕੀ ਕਿਰਤ ਕਾਨੂੰਨਾਂ ਦੀ ਥਾਂ ਚਾਰ ਲੇਬਰ ਕੋਡ ਲਾਗੂ ਕਰਕੇ ਮਜ਼ਦੂਰਾਂ ਦੇ ਹੱਕਾਂ 'ਤੇ ਵੱਡਾ ਡਾਕਾ ਮਾਰਿਆ ਹੈ। ਉਨ੍ਹਾਂ ਮੰਗ ਕੀਤੀ ਕਿ ਪੁਰਾਣਾ ਨਰੇਗਾ ਕਾਨੂੰਨ ਬਹਾਲ ਕੀਤਾ ਜਾਵੇ ਤੇ ਚਾਰੇ ਲੇਬਰ ਕੋਡ ਵਾਪਸ ਲਏ ਜਾਣ।

ਮਈ ਦਿਵਸ ਦੇ ਮੌਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਪੰਜਾਬ ਦੇ ਮਜ਼ਦੂਰਾਂ ਨੂੰ ਮੂਰਖ ਬਣਾਉਣ ਵਾਲੀ ਭਗਵੰਤ ਮਾਨ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਸਾਨ ਆਗੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਆਪਣੇ ਸਵਾ ਚਾਰ ਸਾਲ ਦੇ ਸ਼ਾਸਨ ਕਾਲ ਵਿੱਚ ਕਿਸਾਨਾਂ ਤੇ ਮਜ਼ਦੂਰਾਂ ਲਈ ਕੋਈ ਠੋਸ ਨੀਤੀ ਨਹੀਂ ਬਣਾ ਸਕੀ।ਇਸ ਧਰਨੇ ਨੂੰ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਕੁੱਬੇ, ਕੂਕਾ ਸਿੰਘ ਨਥਾਣਾ, ਹਰਬੰਸ ਸਿੰਘ ਜੋਧਪੁਰ, ਦਰਸ਼ਨ ਸਿੰਘ ਬਾਜਕ ਆਦਿ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਨਸ਼ੀਲੀਆਂ ਗੋਲੀਆਂ, ਲਾਹਣ ਤੇ ਨਜਾਇਜ਼ ਸ਼ਰਾਬ ਸਮਤੇ 3 ਗ੍ਰਿਫ਼ਤਾਰ

**ਧੂਰੀ (ਮਨੋਹਰ ਸੱਗੂ/ਮੋਹਿਤ ਗਰਗ)**-ਉਪ ਮੰਡਲ ਪੁਲਸ ਧੂਰੀ ਵੱਲੋਂ ਵੱਖ ਵੱਖ ਮਾਮਲਿਆਂ 'ਚ 3 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਨਸ਼ੀਲੀਆਂ ਗੋਲੀਆਂ, ਲਾਹਣ ਤੇ ਨਜਾਇਜ਼ ਸ਼ਰਾਬ ਬਰਾਮਦ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੈ।ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਡਾ: ਰਵਜੋਤ ਗਰੇਵਾਲ ਵੱਲੋਂ ਜਾਰੀ ਪ੍ਰੈਸ ਨੋਟ ਅਨੁਸਾਰ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਿਲਾਫ਼ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਤੇ 'ਪਿੰਡਾਂ ਦੇ ਪਹਿਰੇਦਾਰ' ਮੁਹਿੰਮ ਤਹਿਤ ਕਾਰਵਾਈ ਕਰਦਿਆਂ ਧੂਰੀ ਉਪ ਮੰਡਲ ਪੁਲਸ ਵੱਲੋਂ 4 ਮਈ ਤੋਂ 10 ਮਈ ਤੱਕ ਦਰਜ ਕੀਤੇ ਗਏ 3 ਮੁਕੱਦਮਿਆਂ 'ਚ 3 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 30 ਨਸ਼ੀਲੀਆਂ ਗੋਲੀਆਂ, 200 ਲੀਟਰ ਲਾਹਣ ਤੇ 48 ਬੋਤਲਾਂ ਸ਼ਰਾਬ ਠੇਕਾ ਦੇਸੀ ਬਰਾਮਦ ਕਰਵਾਈ ਗਈ।

### ਅਨਿਲ ਬਾਗੀ ਹਸਪਤਾਲ 'ਚ ਕਿਡਨੀ ਰੋਗ ਦੇ ਮਾਹਰ ਡਾ. ਹਰਮੀਤ ਸਿੰਘ ਦੀ ਨਿਯੁਕਤੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਨੇ ਆਪਣੇ ਨੇਫਰੋਲੋਜੀ ਤੇ ਡਾਇਲਸਿਸ ਵਿਭਾਗ ਨੂੰ ਹੋਰ ਮਜ਼ਬੂਤ ਬਣਾਉਂਦੇ ਹੋਏ ਪ੍ਰਸਿੱਧ ਕਿਡਨੀ ਰੋਗ ਦੇ ਮਾਹਰ ਡਾ. ਹਰਮੀਤ ਸਿੰਘ ਨੂੰ ਕਨਸਲਟੈਂਟ ਨੇਫਰੋਲੋਜਿਸਟ ਵਜੋਂ ਨਿਯੁਕਤ ਕੀਤਾ ਹੈ। ਡਾ. ਹਰਮੀਤ ਸਿੰਘ ਨੇ ਗੁਵਾਹਾਟੀ ਮੈਡੀਕਲ ਕਾਲਜ ਐਂਡ ਹਸਪਤਾਲ ਗਵਾਹਾਟੀ ਤੋਂ ਡੀ ਐੱਮ ਨੇਫਰੋਲੋਜੀ ਤੇ ਗਾਂਧੀ ਮੈਡੀਕਲ ਕਾਲਜ, ਭੋਪਾਲ ਤੋਂ ਐੱਮ ਡੀ ਜਨਰਲ ਮੈਡੀਸਨ ਦੀ ਡਿਗਰੀ ਪ੍ਰਾਪਤ ਕੀਤੀ ਹੈ। ਉਹ ਕਿਡਨੀ ਨਾਲ ਸੰਬੰਧਤ ਬਿਮਾਰੀਆਂ, ਡਾਇਲਸਿਸ ਤੇ ਗੰਭੀਰ ਮਰੀਜ਼ਾਂ ਦੇ ਇਲਾਜ ਵਿੱਚ ਵਿਸ਼ੇਸ਼ ਤਜਰਬਾ ਰੱਖਦੇ ਹਨ। ਹਸਪਤਾਲ ਵਿੱਚ ਅਤਿਆਧੁਨਿਕ ਸਹੂਲਤਾਂ ਨਾਲ ਲੈਸ 10 ਬੈੱਡਾਂ ਵਾਲੀ ਡਾਇਲਸਿਸ ਯੂਨਿਟ, 24 ਗੁਣਾਂ 7 ਡਾਇਲਸਿਸ ਸੇਵਾ ਤੇ ਗੰਭੀਰ ਮਰੀਜ਼ਾਂ ਲਈ ਬੈੱਡਸਾਈਡ ਡਾਇਲਸਿਸ ਦੀ ਸਹੂਲਤ ਉਪਲੱਬਧ ਹੈ। ਇਸ ਤੋਂ ਇਲਾਵਾ ਸਾਰੇ ਟੀਏਪੀ ਰੇਲਵੇ, ਈਸੀਐੱਚਐੱਸ ਤੇ ਐੱਸੀਐੱਸਬੀਵਾਈ ਦੇ ਮਰੀਜ਼ ਕੈਸ਼ਲੈਸ ਡਾਇਲਸਿਸ ਸਹੂਲਤ ਦਾ ਲਾਭ ਲੈ ਸਕਦੇ ਹਨ। ਡਾ. ਹਰਮੀਤ ਸਿੰਘ ਮਰੀਜ਼ਾਂ ਨੂੰ ਆਪਣੀਆਂ ਸੇਵਾਵਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਤੇ ਸ਼ਨੀਵਾਰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਪ੍ਰਦਾਨ ਕਰਨਗੇ।

### ਕੰਜ਼ਿਊਮਰ ਫੋਰਮ ਤੇ ਇੰਟਕ ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਰਾਸ਼ਟਰੀ ਖਪਤਕਾਰ ਜਾਗਰੂਕਤਾ ਸਮੂਹ, ਸ੍ਰੀ ਮੁਕਤਸਰ ਸਾਹਿਬ ਤੇ ਇੰਟਕ ਦੀ ਇੱਕ ਮਹੱਤਵਪੂਰਨ ਮੀਟਿੰਗ, ਨਵ-ਨਿਯੁਕਤ ਪ੍ਰਧਾਨ ਗਗਨਦੀਪ ਗੋਇਲ ਤੇ ਕਾਲਾ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਸਥਾਨਕ ਸਿਟੀ ਹੋਟਲ ਵਿਖੇ 13 ਮਈ ਨੂੰ ਸਵੇਰੇ 10 ਵਜੇ ਹੋਵੇਗੀ।ਮੀਟਿੰਗ ਦੌਰਾਨ ਸਮੂਹ ਦੀ ਕਾਰਜਕਾਰੀ ਸੰਸਥਾ ਦਾ ਵਿਸਥਾਰ ਕੀਤਾ ਜਾਵੇਗਾ ਤੇ ਸ਼ਹਿਰ ਦੀਆਂ ਪ੍ਰਮੁੱਖ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।ਇਹ ਜਾਣਕਾਰੀ ਜਸਵੰਤ ਸਿੰਘ ਬਰਾੜ ਭਾਗਸਰ, ਗੋਬਿੰਦ ਸਿੰਘ ਦਾਬੜਾ, ਕਾਲਾ ਸਿੰਘ ਬੇਦੀ, ਕਰਮਜੀਤ ਸ਼ਰਮਾ ਤੇ ਬਲਜੀਤ ਸਿੰਘ ਦੁਆਰਾ ਸਾਂਝੇ ਤੌਰ 'ਤੇ ਦਿੱਤੀ ਗਈ।

# ਪੰਜਾਬ ਰਾਜ ਐੱਸ ਸੀ ਕਮਿਸ਼ਨ ਦੇ ਚੇਅਰਮੈਨ ਵੱਲੋਂ ਨਾਭਾ ਜੇਲ੍ਹ ਦਾ ਦੌਰਾ

## ਬੰਦੀਆਂ ਨਾਲ ਵਿਤਕਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਗੜ੍ਹੀ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਸੋਮਵਾਰ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਦਾ ਦੌਰਾ ਕੀਤਾ ਤੇ ਕੈਦੀਆਂ ਨੂੰ ਜੇਲ੍ਹ ਮੈਨੂਅਲ ਅਨੁਸਾਰ ਦਿੱਤੀਆਂ ਜਾ ਰਹੀਆਂ ਬੁਨਿਆਦੀ ਸਹੂਲਤਾਂ ਦਾ ਨਿਰੀਖਣ ਕੀਤਾ।ਇਸ ਮੌਕੇ ਐੱਸ ਡੀ ਐੱਮ ਨਾਭਾ ਏ.ਪੀ.ਐੱਸ. ਸ਼ੇਮਲ ਤੇ ਜੇਲ੍ਹ ਸੁਪਰਡੈਂਟ ਇੰਦਰਜੀਤ ਸਿੰਘ ਕਾਹਲੋਂ ਨੇ ਚੇਅਰਮੈਨ ਗੜ੍ਹੀ ਦਾ ਨਾਭਾ ਪੁੱਜਣ 'ਤੇ ਸਵਾਗਤ ਕੀਤਾ।ਦੌਰੇ ਦੌਰਾਨ ਚੇਅਰਮੈਨ ਗੜ੍ਹੀ ਨੇ ਜੇਲ੍ਹ ਕੰਪਲੈਕਸ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕੀਤਾ ਤੇ ਜੇਲ੍ਹ ਵਿੱਚ ਬੰਦੀਆਂ ਨਾਲ ਗੱਲਬਾਤ ਕੀਤੀ ਤਾਂ ਜੋ ਉਨ੍ਹਾਂ ਦੇ ਰਹਿਣ-ਸਹਿਣ ਦੀਆਂ ਸਥਿਤੀਆਂ ਦਾ ਜਾਇਜ਼ਾ ਲਿਆ ਜਾ ਸਕੇ ਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਅਤੇ ਸਮੱਸਿਆਵਾਂ ਸੁਣੀਆਂ ਜਾ ਸਕਣ।ਉਨ੍ਹਾਂ ਨੇ ਕੈਦੀਆਂ ਨੂੰ ਦਿੱਤੇ ਜਾ ਰਹੇ ਭੋਜਨ ਪ੍ਰਬੰਧਾਂ, ਸਿਹਤ ਸੰਭਾਲ ਸੇਵਾਵਾਂ, ਸਫਾਈ ਤੇ ਹੋਰ ਭਲਾਈ ਉਪਾਵਾਂ ਦਾ ਵੀ ਜਾਇਜ਼ਾ ਲਿਆ।ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਜੇਲ੍ਹਾਂ ਵਿੱਚ ਬੰਦੀਆਂ ਦੇ ਸੁਧਾਰ ਲਈ ਸਾਜਗਾਰ ਮਾਹੌਲ ਬਣਾਉਣ ਲਈ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਉਹ ਬੰਦੀਆਂ ਨੂੰ ਮਿਲਦੀਆਂ ਸਹੂਲਤਾਂ ਦਾ ਜਾਇਜ਼ਾ ਲੈਣ ਲਈ ਸੂਬੇ ਦੀਆਂ ਸਾਰੀਆਂ ਜੇਲ੍ਹਾਂ ਦਾ ਦੌਰਾ ਕਰਨਗੇ ਅਤੇ ਇਸ ਦੀ ਸ਼ੁਰੂਆਤ ਨਾਭਾ ਦੀ ਇਸ ਨਵੀਂ ਜ਼ਿਲ੍ਹਾ ਜੇਲ੍ਹ ਤੋਂ ਕੀਤੀ ਗਈ ਹੈ।ਉਨ੍ਹਾਂ ਨੇ ਜੇਲ੍ਹ ਸੁਪਰਡੈਂਟ ਇੰਦਰਜੀਤ ਸਿੰਘ ਕਾਹਲੋਂ ਤੋਂ ਜੇਲ੍ਹ ਪ੍ਰਬੰਧਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਆਪਣੇ ਦੌਰੇ ਮੌਕੇ ਚੇਅਰਮੈਨ ਗੜ੍ਹੀ ਨੇ ਜੇਲ੍ਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜੇਲ੍ਹ ਮੈਨੂਅਲ ਦੇ ਉਪਬੰਧਾਂ ਅਨੁਸਾਰ ਕੈਦੀਆਂ ਨੂੰ ਸਾਰੀਆਂ ਸਹੂਲਤਾਂ ਤੇ ਕਾਨੂੰਨੀ ਅਧਿਕਾਰ ਪ੍ਰਦਾਨ ਕੀਤੇ ਜਾਣੇ ਯਕੀਨੀ ਬਣਾਉਣ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੈਦੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਹਰੇਕ ਕੈਦੀ ਦੇ ਮਾਣ ਤੇ ਅਧਿਕਾਰਾਂ ਦੀ ਰੱਖਿਆ ਕੀਤੀ ਜਾਵੇ।ਜੇਲ੍ਹ ਸੁਪਰਡੈਂਟ ਕਾਹਲੋਂ ਨੇ ਚੇਅਰਮੈਨ ਗੜ੍ਹੀ ਨੂੰ ਜੇਲ੍ਹ ਦੇ ਕੰਮਕਾਜ ਤੇ ਕੈਦੀਆਂ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਸੁਧਾਰਾਤਮਕ ਤੇ ਭਲਾਈ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ।ਇਸ 'ਤੇ ਚੇਅਰਮੈਨ ਨੇ ਤਸੱਲੀ ਪ੍ਰਗਟਾਈ ਤੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੇ ਕਿਸੇ ਵੀ ਕਾਰਨ ਕਰਕੇ ਗਲਤੀ ਕੀਤੀ ਹੈ ਤਾਂ ਉਸ ਨੂੰ ਸੁਧਾਰਨ ਲਈ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਬਣਦੇ ਹੱਕ ਮਿਲਦੇ ਰਹਿਣੇ ਚਾਹੀਦੇ ਹਨ।ਇਸ ਮੌਕੇ ਜੇਲ੍ਹ ਦੇ ਡਿਪਟੀ ਸੁਪਰਡੈਂਟ ਹਰਪ੍ਰੀਤ ਸਿੰਘ ਰਾਏ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਜਸਵੀਰ ਕੌਰ, ਤਹਿਸੀਲ ਭਲਾਈ ਅਫ਼ਸਰ ਇਨਾਇਤ ਵਾਲੀਆ ਤੇ ਤਹਿਸੀਲਦਾਰ ਬਲਜੀਤ ਸਿੰਘ ਮੌਜੂਦ ਸਨ।

# ਮੁੱਖ ਮੰਤਰੀ ਦੇ ਨਾਂਅ ਡੀ.ਸੀ ਰਾਹੀਂ ਦਿੱਤਾ ਮੰਗ ਪੱਤਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਣ ਵਿਭਾਗ ਵਰਕਰਜ਼ ਯੂਨੀਅਨ ਰਜਿ: ਦੇ ਆਗੂਆਂ ਨੇ ਇਕੱਤਰਤਾ ਕਰਕੇ ਸੂਬਾ ਜਨਰਲ ਸਕੱਤਰ ਸ੍ਰੀ ਵੀਰਪਾਲ ਸਿੰਘ ਲੁੱਕਾਂ ਅਤੇ ਸੂਬਾ ਪ੍ਰਧਾਨ ਬਲਵੀਰ ਸਿੰਘ ਮੰਡੋਲੀ, ਮੀਤ ਪ੍ਰਧਾਨ ਮੇਜਰ ਸਿੰਘ ਬਹੇੜ ਅਤੇ ਹੋਰ ਕੁਲਵੰਤ ਸਿੰਘ ਹੁਲੀ, ਨਾਭਾ ਦੀ ਅਗਵਾਈ ਹੇਠ ਨਾਅਰੇਬਾਜ਼ੀ ਕਰਦੇ ਹੋਏ ਦਫ਼ਤਰ ਡਿਪਟੀ ਕਮਿਸ਼ਨਰ ਰਾਹੀਂ ਇੱਕ ਮੰਗ ਪੱਤਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਂਅ ਦਿੱਤਾ ਗਿਆ।

ਵਣ ਵਿਭਾਗ ਅੰਦਰ ਕੰਮ ਕਰਦੇ ਸਾਰੇ ਕਾਮਿਆਂ ਨੂੰ ਪੱਕਾ ਕਰਨ ਵਿਭਾਗ ਅੰਦਰ ਠੇਕੇਦਾਰੀ ਸਿਸਟਮ ਬੰਦ ਕਰਨਾ, ਵਿਭਾਗ ਦੇ ਨਿੱਜੀਕਰਨ ਵਿਰੁੱਧ ਜੰਗਲਾਤ ਮੰਤਰੀ ਪੰਜਾਬ ਦੇ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਵਿਭਾਗ ਪ੍ਰਤੀ ਸਰਕਾਰ ਦੀ ਸੇਵਾਵਾਂ ਕੇਵਲ ਖਾਨਾਪੂਰਤੀ ਹੈ।ਜੰਗਲਾਤ ਦਾ ਰਕਬਾ ਬਹੁਤ ਘਟਿਆ ਹੈ।ਨਜਾਇਜ਼ ਕਬਜ਼ੇ ਬਹੁਤ ਹੋਏ ਹਨ।ਵਣ ਵਿਭਾਗ ਅੰਦਰ ਲੰਮੇ ਸਮੇਂ ਤੋਂ ਕੰਮ ਕਰਦੇ ਕਿਰਤੀ ਕਾਮਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ।ਮਨਰੇਗੀ ਨਾਲ ਠੇਕੇਦਾਰ ਬਣਾ ਕੇ ਕਿਰਤੀ ਕਾਮਿਆਂ ਦੀ ਸਰਵਿਸ ਤੋੜ ਦਿੱਤੀ ਗਈ।ਕਈ ਕਾਮੇ ਕੰਮ ਤੋਂ ਹਟਾ ਦਿੱਤੇ ਗਏ ਹਨ।ਕਈਆਂ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ।ਮੈਨੇਜਮੈਂਟ ਲਗਾਤਾਰ ਵਿਭਾਗੀ ਕਾਮਿਆਂ ਨੂੰ ਪ੍ਰੇਸ਼ਾਨ ਕਰ ਰਹੀ ਹੈ, ਜਿਸ ਨੂੰ ਲੈ ਪੰਜਾਬ ਸਰਕਾਰ ਪਿੱਟ ਸਿਆਪਾ ਕਰਦੇ ਕਿਰਤੀ ਕਾਮਿਆਂ ਦੇ ਹਿੱਤਾਂ ਦੀ ਰਾਖੀ ਲਈ ਜਥੇਬੰਦੀ ਮੁੱਖ ਮੰਤਰੀ ਦੀ ਰਿਹਾਇਸ਼ ਵਿਖੇ 12 ਮਈ ਨੂੰ ਰੋਸ ਰੈਲੀ ਕਰਕੇ ਕੱਚੇ ਚਿੱਠੇ ਪ੍ਰਸ਼ਾਸ਼ਨਿਕ ਤੇ ਵਿਜੀਲੈਂਸ ਸਾਹਮਣੇ ਪੇਸ਼ ਕੀਤੇ ਜਾਣਗੇ। ਜੇ ਰੋਸ ਧਰਨੇ ਦੌਰਾਨ ਕਿਸੇ ਵੀ ਤਰ੍ਹਾਂ ਦਾ ਕੋਈ ਮਾਲੀ-ਜਾਨੀ ਨੁਕਸਾਨ ਹੁੰਦਾ ਹੈ ਪ੍ਰਸ਼ਾਸ਼ਨ ਦੀ ਜ਼ਿੰਮੇਵਾਰੀ ਹੋਵੇਗੀ।

# 19 ਨੂੰ ਲੇਬਰ ਕਮਿਸ਼ਨਰ ਦਫਤਰ ਮੋਹਾਲੀ 'ਚ ਕੀਤੀ ਜਾਵੇਗੀ ਵਿਸ਼ਾਲ ਰੈਲੀ : ਜਗਦੀਸ਼ ਚਾਹਲ

## ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਬਰਾਂਚ ਮੋਗਾ ਦੀ ਮੀਟਿੰਗ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਬਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਯੂਨੀਅਨ ਦੇ ਐਕਟਿੰਗ ਪ੍ਰਧਾਨ ਅਜਮੇਰ ਸਿੰਘ ਅਖਾੜਾ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿੱਚ ਹੋਈ।ਮੀਟਿੰਗ ਦੌਰਾਨ ਮਾਸਟਰ ਮੇਜਰ ਸਿੰਘ ਭਿੰਡਰ ਦੀ ਮੌਤ ਤੇ ਦੋ ਮਿੰਟ ਦਾ ਮੋਨ ਧਾਰ ਕੇ ਦੁੱਖ ਪ੍ਰਗਟ ਕੀਤਾ ਗਿਆ।ਉਪਰੰਤ ਭੁਪਿੰਦਰ ਸਿੰਘ ਸੇਖੋਂ ਨੇ ਪੈਨਸ਼ਨਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ ਏ ਦੇਣ ਤੋਂ ਆਨਾ ਕਾਨੀ ਕਰ ਰਹੀ ਹੈ ਤੇ ਇਹ ਹੁਣ ਜੋ ਹਾਈਕੋਰਟ ਨੇ ਫੈਸਲਾ ਕੀਤਾ ਸੀ ਕਿ ਡੀ ਏ ਮੁਲਾਜ਼ਮਾਂ ਨੂੰ ਦਿੱਤਾ ਜਾਵੇ, ਪਰ ਪੰਜਾਬ ਸਰਕਾਰ ਇਸ ਨੂੰ ਡਬਲ ਬੈਂਚ ਕੋਲ ਲੈ ਗਈ ਹੈ।ਇਸ ਦੌਰਾਨ ਸਟੇਜ ਦੀ ਕਾਰਵਾਈ ਚਲਾਉਂਦਿਆਂ ਜਨਰਲ ਸਕੱਤਰ ਬੂਟਾ ਸਿੰਘ ਭੱਟੀ ਨੇ ਪੈਨਸ਼ਨਰਾਂ ਨੂੰ ਦੱਸਿਆ ਕਿ ਕਿਵੇਂ ਸਰਕਾਰਾਂ ਸਾਡੇ ਨਾਲ ਧੱਕਾ ਕਰ ਰਹੀਆਂ ਇਨ੍ਹਾਂ ਸਰਕਾਰਾਂ ਨੂੰ ਏਕੇ ਤੇ ਸੰਘਰਸ਼ ਨਾਲ ਹੀ ਝੁਕਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਰਾਜਨੀਤਕ ਤੌਰ 'ਤੇ ਜਿੰਨਾਂ ਚਿਰ ਇਨ੍ਹਾਂ ਨੂੰ ਸੱਟ ਨਹੀਂ ਮਾਰੀ ਜਾਂਦੀ, ਉਨਾ ਚਿਰ ਤੱਕ ਇਹ ਸਰਕਾਰਾਂ ਸਾਡੀਆਂ ਮੰਗਾਂ ਦੀ ਪ੍ਰਵਾਹ ਨਹੀਂ ਕਰਦੀਆਂ।ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਸਰਕਾਰ ਝੂਠਿਆਂ ਦੀ ਸਰਕਾਰ ਹੈ ਜੋ ਇਸ਼ਤਿਹਾਰਾਂ ਤੇ ਤਾਂ ਕਈ ਕਈ ਕਰੋੜ ਖਰਚ ਕਰ ਰਹੀ ਹੈ, ਪਰ ਮੁਲਾਜ਼ਮਾਂ ਦੇ ਹੱਕਾਂ ਤੋਂ ਉਨ੍ਹਾਂ ਨੂੰ ਮਹਿਰੂਮ ਕਰ ਰਹੀ ਹੈ, ਜੋ ਅਤਿਅੰਤ ਮੰਦਭਾਗਾ ਹੈ।ਉਨ੍ਹਾਂ ਦੱਸਿਆ ਕਿ 17 ਮਈ ਨੂੰ ਜਲੰਧਰ ਵਿਖੇ ਪੰਜਾਬ ਮੁਲਾਜ਼ਮ ਦੇ ਪੈਨਸ਼ਨਰ ਸਾਂਝੇ ਫਰੰਟ ਦੀ ਕਨਵੈਨਸ਼ਨ ਕੀਤੀ ਜਾ ਰਹੀ ਹੈ ਤੇ ਇਸੇ ਤਰ੍ਹਾਂ 19 ਮਈ ਨੂੰ ਚੰਡੀਗੜ੍ਹ ਮੋਹਾਲੀ ਵਿਖੇ ਲੇਬਰ ਕਮਿਸ਼ਨਰ ਦੇ ਦਫਤਰ ਅੱਗੇ ਇੱਕ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ, ਕਿਉਂਕਿ ਪੰਜਾਬ ਸਰਕਾਰ ਨੇ ਮਿਨੀਮਮ ਵੇਜ ਵਿੱਚ ਸਿਰਫ 15% ਵਾਧਾ ਹੀ ਕੀਤਾ ਹੈ, ਜੋ ਕਿ ਨਗੂਣਾ ਹੈ ਤੇ ਮਜ਼ਦੂਰਾਂ ਨਾਲ ਮਖੌਲ ਹੈ। ਇਸ ਮੌਕੇ ਡਾਕਟਰ ਇੰਦਰਵੀਰ ਗਿੱਲ ਨੇ ਵੀ ਸੰਬੋਧਨ ਕੀਤਾ।ਅਜਾਇਬ ਸਿੰਘ ਕੜਿਆਲ ਨੇ ਆਪਣੇ ਪੋਤਾ ਹੋਣ ਦੀ ਖੁਸ਼ੀ ਵਿੱਚ ਲੱਡੂ ਵੰਡੇ ਤੇ ਸਾਰੇ ਪੈਨਸ਼ਨਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜਮੇਰ ਸਿੰਘ ਕੈਸ਼ੀਅਰ, ਚਮਕੌਰ ਸਿੰਘ ਲੰਗੇਆਣਾ, ਬਚਿੱਤਰ ਸਿੰਘ ਘੋਲੀਆ, ਕਰਮ ਸਿੰਘ ਮੱਲ੍ਹੀ, ਪੋਹਲਾ ਸਿੰਘ ਬਰਾੜ, ਹਰਵਿੰਦਰ ਸਿੰਘ, ਸਾਬਕਾ ਟ੍ਰੈਫਿਕ ਮੈਨੇਜਰ ਨਛੱਤਰ ਸਿੰਘ, ਅਮਰ ਸਿੰਘ ਮਹਿਣਾ, ਉਂਕਾਰ ਸਿੰਘ ਫਰਵਾਹਾ, ਉਂਕਾਰ ਪੁਰੀ ਆਦਿ ਹਾਜ਼ਰ ਸਨ।

# ਸ਼ਾਂਤੀਵਣ ਮ੍ਰਿਤਕ ਦੇਹ ਸੰਭਾਲ ਕੇਂਦਰ ਸਮਾਜ ਲਈ ਵੱਡੀ ਸੇਵਾ ਤੇ ਸਮੇਂ ਦੀ ਲੋੜ : ਸੰਧਵਾਂ

## ਪੰਜਾਬੀ ਭਾਈਚਾਰਾ ਦੁਨੀਆ ਭਰ 'ਚ ਵੱਸਦਾ ਹੋਇਆ ਵੀ ਆਪਣੀਆਂ ਜੜ੍ਹਾਂ ਨਾਲ ਜੁੜਿਆ : ਸੇਖੋਂ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਗੁਰੂ ਤੇਗ ਬਹਾਦਰ ਨਗਰ ਸ਼ਮਸ਼ਾਨ ਘਾਟ ਫ਼ਰੀਦਕੋਟ ਵਿਖੇ ਸ਼ਾਂਤੀਵਣ ਮ੍ਰਿਤਕ ਦੇਹ ਸੰਭਾਲ ਕੇਂਦਰ ਦੇ ਉਦਘਾਟਨੀ ਸਮਾਰੋਹ ਵਿੱਚ ਸ਼ਾਮਲ ਹੋਏ।ਇਸ ਮੌਕੇ ਵਿਧਾਇਕ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਸਮਾਗਮ ਨੂੰ ਸੰਬੋਧਨ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਬਾਬਾ ਫਰੀਦ ਜੀ ਦੀ ਬਖ਼ਸ਼ੀ ਹੋਈ ਇਸ ਪਵਿੱਤਰ ਧਰਤੀ ਦੇ ਲੋਕਾਂ ਵਿੱਚ ਪਿਆਰ, ਸਹਿਯੋਗ ਤੇ ਸੇਵਾ ਦੀ ਭਾਵਨਾ ਹਮੇਸ਼ਾ ਰਹੀ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਦੀ ਸਿੱਖਿਆ ਸਾਨੂੰ ਲੋਕ ਭਲਾਈ ਦੇ ਕੰਮ ਕਰਨ ਤੇ ਸਹੀ ਰਸਤੇ 'ਤੇ ਚੱਲਣ ਦੀ ਪ੍ਰੇਰਣਾ ਦਿੰਦੀ ਹੈ।ਉਨ੍ਹਾਂ ਕਿਹਾ ਕਿ ਅੱਜ ਪੰਜਾਬ ਸਿਰਫ਼ ਪੰਜਾਬ ਦੀ ਧਰਤੀ ਤੱਕ ਸੀਮਤ ਨਹੀਂ ਰਿਹਾ, ਸਗੋਂ ਪੰਜਾਬੀ ਦੁਨੀਆ ਦੇ ਹਰ ਕੋਨੇ ਵਿੱਚ ਵਸਦੇ ਹਨ।ਅਜਿਹੇ ਸਮੇਂ ਵਿੱਚ ਜਦੋਂ ਕਿਸੇ ਪਰਵਾਰ ਵਿੱਚ ਦੁੱਖਦਾਈ ਘਟਨਾ ਵਾਪਰਦੀ ਹੈ ਤਾਂ ਪਰਿਵਾਰਕ ਮੈਂਬਰਾਂ ਨੂੰ ਇਕੱਠੇ ਹੋਣ ਵਿੱਚ ਸਮਾਂ ਲੱਗਦਾ ਹੈ।ਅਜਿਹੀ ਸਥਿਤੀ ਵਿੱਚ ਸ਼ਾਂਤੀਵਣ ਮ੍ਰਿਤਕ ਦੇਹ ਸੰਭਾਲ ਕੇਂਦਰ ਵਰਗਾ ਉਪਰਾਲਾ ਸਮਾਜ ਲਈ ਬਹੁਤ ਵੱਡੀ ਸਹੂਲਤ ਸਾਬਿਤ ਹੋਵੇਗਾ।ਸਪੀਕਰ ਸ੍ਰ. ਸੰਧਵਾਂ ਨੇ ਕਿਹਾ ਕਿ ਬਾਬਾ ਫਰੀਦ ਸੁਸਾਇਟੀ ਸਰੀ ਕੈਨੇਡਾ ਵੱਲੋਂ ਇਸ ਪ੍ਰੋਜੈਕਟ ਲਈ ਦਿੱਤਾ ਗਿਆ ਸਹਿਯੋਗ ਬੇਹੱਦ ਸ਼ਲਾਘਾਯੋਗ ਹੈ।ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਾਡੇ ਭਰਾਵਾਂ ਨੇ ਵੀ ਆਪਣੀ ਮਿੱਟੀ ਨਾਲ ਜੁੜੇ ਰਹਿੰਦੇ ਹੋਏ ਇਹ ਵੱਡਾ ਉਪਰਾਲਾ ਕੀਤਾ ਹੈ, ਜਿਸ ਲਈ ਉਹ ਸਮੂਹ ਫ਼ਰੀਦਕੋਟ ਵਾਸੀਆਂ ਵੱਲੋਂ ਉਨ੍ਹਾਂ ਦਾ ਧੰਨਵਾਦ ਕਰਦੇ ਹਨ।ਉਨ੍ਹਾਂ ਕਿਹਾ ਕਿ ਸਥਾਨਕ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਵੱਲੋਂ ਵੀ ਇਸ ਕਾਰਜ ਨੂੰ ਸਫ਼ਲ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਗਿਆ ਹੈ।ਇਹ ਉਪਰਾਲਾ ਸਮੇਂ ਦੀ ਲੋੜ ਹੈ ਤੇ ਸਮਾਜ ਦੇ ਹਰ ਵਰਗ ਲਈ ਲਾਭਕਾਰੀ ਸਾਬਿਤ ਹੋਵੇਗਾ।ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬੀ ਭਾਈਚਾਰਾ ਦੁਨੀਆ ਭਰ ਵਿੱਚ ਵੱਸਦਾ ਹੋਇਆ ਵੀ ਆਪਣੀਆਂ ਜੜ੍ਹਾਂ ਤੇ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਇਹ ਕੇਂਦਰ ਦੁੱਖ ਦੀ ਘੜੀ ਵਿੱਚ ਪਰਵਾਰਾਂ ਲਈ ਵੱਡੀ ਸਹੂਲਤ ਬਣੇਗਾ। ਉਨ੍ਹਾਂ ਸਮੂਹ ਫ਼ਰੀਦਕੋਟ ਵਾਸੀਆਂ ਤੇ ਸਹਿਯੋਗੀ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ।

# ਬਾਬਾ ਹਰਦੇਵ ਸਿੰਘ ਨੂੰ ਸਮਰਪਤ 'ਸਮਰਪਣ ਦਿਵਸ' ਭਲਕੇ



**ਸਮਾਣਾ/ਨਵੀਂ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮਨੁੱਖਤਾ, ਪ੍ਰੇਮ, ਨਿਮਰਤਾ ਤੇ ਅਧਿਆਤਮਿਕ ਜਾਗ੍ਰਿਤੀ ਦੇ ਵਿਲੱਖਣ ਪ੍ਰਤੀਕ ਯੁੱਗ-ਦ੍ਰਿਸ਼ਟਤਾ ਬਾਬਾ ਹਰਦੇਵ ਸਿੰਘ ਜੀ ਦੀ ਪਾਵਨ ਯਾਦ ਨੂੰ ਸਮਰਪਤ 'ਸਮਰਪਣ ਦਿਵਸ' ਦਾ ਭਾਵਪੂਰਤ ਆਯੋਜਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਸਤਿਕਾਰਯੋਗ ਨਿਰੰਕਾਰੀ ਰਾਜਪਿਤਾ ਜੀ ਦੀ ਰਹਿਨੁਮਾਈ ਹੇਠ 13 ਮਈ ਨੂੰ ਸੰਤ ਨਿਰੰਕਾਰੀ ਅਧਿਆਤਮਿਕ ਸਥਲ, ਸਮਾਲਖਾ (ਹਰਿਆਣਾ) ਵਿਖੇ ਸ਼ਾਮ 5:00 ਵਜੇ ਤੋਂ ਰਾਤ 9:00 ਵਜੇ ਤੱਕ ਕੀਤਾ ਜਾਵੇਗਾ।ਉਸ ਤੋਂ ਬਾਅਦ ਸ਼ਰਧਾਲੂ ਸਤਿਗੁਰੂ ਮਾਤਾ ਜੀ ਦੇ ਪਾਵਨ ਵਚਨ ਸਰਵਣ ਕਰਨਗੇ।ਇਸ ਵਿਸ਼ਾਲ ਸੰਤ ਸਮਾਗਮ ਵਿੱਚ ਦੇਸ਼-ਵਿਦੇਸ਼ ਤੋਂ ਆਏ ਸ਼ਰਧਾਲੂ, ਭਗਤ ਤੇ ਮਾਨਵਤਾ ਪ੍ਰੇਮੀ ਸ਼ਰਧਾ, ਭਗਤੀ ਤੇ ਸਮਰਪਣ ਦੇ ਫੁੱਲ ਅਰਪਿਤ ਕਰਨਗੇ।ਇਸ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਨਿਰੰਕਾਰੀ ਮਿਸ਼ਨ ਦੀ ਅਧਿਕਾਰਤ ਵੈੱਬਸਾਈਟ 'ਤੇ ਕੀਤਾ ਜਾਵੇਗਾ, ਜਿਸ ਦਾ ਲਾਭ ਵਿਸ਼ਵ ਭਰ ਦੇ ਸ਼ਰਧਾਲੂ ਤੇ ਭਗਤ ਪ੍ਰਾਪਤ ਕਰ ਸਕਣਗੇ।ਸੰਤ ਨਿਰੰਕਾਰੀ ਮਿਸ਼ਨ ਸਮਾਣਾ ਬ੍ਰਾਂਚ ਦੇ ਸੰਯੋਜਕ ਸੁਰਿੰਦਰ ਸਿੰਘ ਨੇ ਦੱਸਿਆ ਕਿ ਸਮਾਣਾ ਵਿਖੇ ਸਮਰਪਣ ਦਿਵਸ ਸ਼ਾਮ ਨੂੰ 6 ਵਜੇ ਤੋਂ 8 ਵਜੇ ਤੱਕ ਪੁਰਾਣੇ ਨਿਰੰਕਾਰੀ ਸਤਿ ਸੰਗਤ ਭਵਨ ਵਿਖੇ ਮਨਾਇਆ ਜਾ ਰਿਹਾ ਹੈ।

# ਬੀ ਕੇ ਯੂ ਲੱਖੋਵਾਲ ਦੀ ਮੀਟਿੰਗ ਅੱਜ

**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ, ਸੀਨੀਅਰ ਆਗੂ ਮੇਜਰ ਸਿੰਘ ਡਰੋਲੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ 15 ਤਰੀਕ ਨੂੰ ਰੱਖੀ ਜਾਂਦੀ ਸੀ, ਇਸ ਵਾਰ 15 ਮਈ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਪੰਜਾਬ ਦੇ ਗਵਰਨਰ ਦਾ ਘਿਰਾਓ ਕੀਤਾ ਜਾਣਾ ਹੈ।ਇਸ ਲਈ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮਹੀਨਾਵਾਰ ਮੀਟਿੰਗ 12 ਮਈ ਨੂੰ ਜ਼ਿਲ੍ਹਾ ਦਫਤਰ ਮੋਗਾ ਵਿਖੇ ਹੋਵੇਗੀ। ਇਸ ਮੀਟਿੰਗ ਦੌਰਾਨ ਚੰਡੀਗੜ੍ਹ ਜਾਣ ਲਈ ਵੱਖ ਵੱਖ ਬਲਾਕਾਂ ਦੀਆਂ ਡਿਊਟੀਆਂ ਲਾਈਆਂ ਜਾਣਗੀਆਂ।

# ਪੰਜਾਬ 'ਵਰਸਿਟੀ ਦੇ ਪ੍ਰਧਾਨ ਗੌਰਵਵੀਰ ਸਿੰਘ ਸੋਹਲ ਦਾ ਵਿਸ਼ੇਸ਼ ਸਨਮਾਨ

## ਨੌਜਵਾਨ ਦੇਸ਼ ਦੇ ਭਵਿੱਖ ਦੀ ਮਜ਼ਬੂਤ ਨੀਂਹ : ਸੋਹਲ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਪਿੰਡ ਕੜਮਾਂ ਵਿਖੇ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਰਾਜਨਬੀਰ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਵਿਸ਼ੇਸ਼ ਸਮਾਗਮ ਕਰਾਇਆ ਗਿਆ।ਇਸ ਦੌਰਾਨ ਪੰਜਾਬ ਯੂਨੀਵਰਸਿਟੀ ਦੇ ਪ੍ਰਧਾਨ ਗੌਰਵਵੀਰ ਸਿੰਘ ਸੋਹਲ ਤੇ ਏ.ਬੀ.ਵੀ.ਪੀ. ਦੀ ਸੀਨੀਅਰ ਲੀਡਰਸ਼ਿਪ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ ਤੇ ਵਿਦਿਆਰਥੀ ਰਾਜਨੀਤੀ ਬਾਰੇ ਅਹਿਮ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ।ਪਿੰਡ ਕੜਮਾਂ ਵਿਖੇ ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਰਾਜਨਬੀਰ ਸਿੰਘ ਢਿੱਲੋਂ ਵੱਲੋਂ ਆਯੋਜਤ ਵਿਸ਼ੇਸ਼ ਪ੍ਰੋਗਰਾਮ ਦੌਰਾਨ ਪੰਜਾਬ ਯੂਨੀਵਰਸਿਟੀ ਦੇ ਪ੍ਰਧਾਨ ਗੌਰਵਵੀਰ ਸਿੰਘ ਸੋਹਲ ਦਾ ਭਰਵਾਂ ਸਨਮਾਨ ਕੀਤਾ ਗਿਆ।ਉਨ੍ਹਾਂ ਨਾਲ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ.ਬੀ.ਵੀ.ਪੀ.) ਦੇ ਸੂਬਾ ਸੰਗਠਨ ਮੰਤਰੀ ਸ਼ਮਸ਼ੇਰ ਚੌਹਾਨ, ਸੂਬਾ ਸਕੱਤਰ ਜਸਕਰਨ ਭੁੱਲਰ, ਭਾਜਪਾ ਯੁਵਾ ਮੋਰਚਾ ਦੇ ਸੂਬਾ ਪ੍ਰਧਾਨ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਇੰਚਾਰਜ ਹਰਮਨਦੀਪ ਸਿੰਘ ਮੀਤਾ ਤੇ ਏ.ਬੀ.ਵੀ.ਪੀ. ਦੇ ਸ਼ਹਿਰੀ ਪ੍ਰਧਾਨ ਧੀਰਜ ਦੇਵਗਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਗਮ ਦੀ ਸ਼ੁਰੂਆਤ ਵਿੱਚ ਰਾਜਨਬੀਰ ਸਿੰਘ ਢਿੱਲੋਂ ਵੱਲੋਂ ਆਏ ਹੋਏ ਸਮੂਹ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਦੌਰਾਨ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਗੌਰਵਵੀਰ ਸਿੰਘ ਸੋਹਲ ਨੇ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਦੇ ਭਵਿੱਖ ਦੀ ਮਜ਼ਬੂਤ ਨੀਂਹ ਹੁੰਦੇ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਕੇਵਲ ਪੜ੍ਹਾਈ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਸਮਾਜਿਕ ਤੇ ਰਾਜਨੀਤਿਕ ਮੈਦਾਨ ਵਿੱਚ ਵੀ ਸਰਗਰਮ ਭਾਗੀਦਾਰੀ ਨਿਭਾਉਣੀ ਚਾਹੀਦੀ ਹੈ ਤਾਂ ਜੁ ਦੇਸ਼ ਦੀ ਵਾਗਡੋਰ ਸਹੀ ਹੱਥਾਂ ਵਿੱਚ ਰਹਿ ਸਕੇ।ਵਿਦਿਆਰਥੀ ਏਕਤਾ 'ਤੇ ਜ਼ੋਰ ਦਿੰਦਿਆਂ ਸੋਹਲ ਨੇ ਕਿਹਾ ਕਿ ਏ.ਬੀ.ਵੀ.ਪੀ. ਹਮੇਸ਼ਾ ਹੀ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਰਹੀ ਹੈ।ਸੰਗਠਨ ਦੀ ਤਾਕਤ ਬਾਰੇ ਚਰਚਾ ਕਰਦਿਆਂ ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਤੇ ਉਨ੍ਹਾਂ ਨੂੰ ਅੱਗੇ ਲਿਆਉਣ ਲਈ ਵੱਖ-ਵੱਖ ਪੱਧਰਾਂ 'ਤੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ।ਅੰਤ ਵਿਚ ਰਾਜਨਬੀਰ ਸਿੰਘ ਢਿੱਲੋਂ ਨੇ ਸਮੂਹ ਸ਼ਖਸੀਅਤਾਂ ਦਾ ਧੰਨਵਾਦ ਕੀਤਾ।

# ਸਰਕਾਰ ਨੂੰ ਮਹਿੰਗਾਈ ਭੱਤਾ ਰੋਕਣ ਦਾ ਖਮਿਆਜ਼ਾ ਚੋਣਾਂ 'ਚ ਭੁਗਤਣਾ ਪਵੇਗਾ : ਸਕਿੰਦਰ ਸਿੰਘ



**ਸਮਰਾਲਾ (ਸੁਰਜੀਤ ਸਿੰਘ)**

ਪੈਨਸ਼ਨਰਾਂ ਤੇ ਰੈਗੂਲਰ ਕਰਮਚਾਰੀਆਂ ਦੇ ਮਹਿੰਗਾਈ ਭੱਤੇ ਤੇ ਹੋਰ ਬਣਦੇ ਬਕਾਏ ਅਦਾਲਤੀ ਹੁਕਮਾਂ ਦੇ ਬਾਵਜੂਦ ਰੋਕਣ ਤੇ ਜਾਣਬੁੱਝ ਕਾਨੂੰਨੀ ਅੜਿੱਕੇ ਅੜਾਉਣ ਦਾ ਖਮਿਆਜ਼ਾ ਸਰਕਾਰ ਨੂੰ ਨਗਰ ਕੌਂਸਲ ਤੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ।ਇਹ ਗੱਲ ਇਥੇ ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਦੇ ਮੰਡਲ ਪ੍ਰਧਾਨ ਸਿਕੰਦਰ ਸਿੰਘ ਪੈਨਸ਼ਨਰਜ਼ ਦੀ ਮਾਸਿਕ ਬੈਠਕ ਦੌਰਾਨ ਹਜ਼ਾਰ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਕਹੀ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮਹਿੰਗਾਈ ਭੱਤੇ ਦਾ 18% ਮਾਨਯੋਗ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਰੋਕ ਰੱਖਿਆ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣਾ ਦਾਮਨ ਬਚਾਉਣ ਲਈ ਪਾਵਰਕਾਮ ਤੋਂ ਮਾਨਯੋਗ ਅਦਾਲਤ ਵਿੱਚ ਅਪੀਲ ਦਾਇਰ ਕਰਵਾ ਦਿੱਤੀ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਰਕਾਰ ਦੀਆਂ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਰੇ ਗਵਾਂਢੀ ਰਾਜਾਂ ਨੇ ਆਪਣੇ ਕਰਮਚਾਰੀਆਂ ਤੇ ਪੈਨਸ਼ਨਰਜ਼ ਨੂੰ ਸਾਰੇ ਮਹਿੰਗਾਈ ਭੱਤਿਆਂ ਦੀ ਅਦਾਇਗੀ ਕਰ ਦਿੱਤੀ ਹੈ, ਜਦਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਜੇ ਨਹੀਂ ਕੀਤੀ, ਜਿਸ ਕਾਰਨ ਸਮੁੱਚੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ।ਉਨ੍ਹਾਂ ਹਾਜ਼ਰ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੋਟਾਂ ਦਾ ਸਮਾਂ ਸਰਕਾਰਾਂ ਤੋਂ ਹਿਸਾਬ ਲੈਣ ਦਾ ਕੀਮਤੀ ਸਮਾਂ ਹੁੰਦਾ ਹੈ, ਇਸ ਲਈ ਇਨ੍ਹਾਂ ਚੋਣਾਂ ਵਿੱਚ ਸਰਕਾਰ ਨਾਲ ਅਪਣਾ ਹਿਸਾਬ ਬਰਾਬਰ ਕਰ ਲਿਆ ਜਾਵੇ।ਉਨ੍ਹਾਂ ਕਿਹਾ ਕਿ ਆਪਣੇ ਰਿਸ਼ਤੇਦਾਰਾਂ ਤੇ ਸੰਬੰਧੀਆਂ ਨੂੰ ਵੀ ਆਗਾਹ ਕਰ ਦਿੱਤਾ ਜਾਵੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਟੈਕਸ ਦਾ ਪੈਸਾ ਇਸ਼ਤਿਹਾਰਬਾਜ਼ੀ 'ਤੇ ਲੁਟਾ ਰਹੀ ਹੈ, ਜੋ ਕਿ ਪੰਜਾਬ ਦੇ ਲੋਕਾਂ ਨਾਲ ਬੇਇਨਸਾਫ਼ੀ ਹੈ।ਉਨ੍ਹਾਂ ਕਿਹਾ ਕਿ ਪੈਨਸ਼ਨਰਜ਼ ਦੀਆਂ ਲੰਮੇ ਸਮੇਂ ਤੋਂ ਲਮਕ ਰਹੀਆਂ ਜਾਇਜ਼ ਮੰਗਾਂ ਨਾ ਮੰਨਣ ਤੋਂ ਵੀ ਇਨਕਾਰੀ ਹੋ ਰਹੀ ਹੈ।ਜੇਕਰ ਸਰਕਾਰ ਨੇ ਜਲਦੀ ਹੀ ਇਸ ਸਬੰਧੀ ਕੋਈ ਫੈਸਲਾ ਨਾ ਕੀਤਾ ਤਾਂ ਪਾਵਰਕਾਮ ਦੇ ਪੈਨਸ਼ਨਰਾਂ ਵੱਲੋਂ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਖਿਲਾਫ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।ਮੀਟਿੰਗ ਨੂੰ ਇੰਜ: ਪ੍ਰੇਮ ਸਿੰਘ ਰਿਟਾ: ਐੱਸ. ਡੀ. ਓ., ਇੰਜ: ਜੁਗਲ ਕਿਸ਼ੋਰ ਸਾਹਨੀ ਸਹਾਇਕ ਸਕੱਤਰ, ਰਜਿੰਦਰ ਪਾਲ ਵਡੇਰਾ ਰਿਟਾ: ਡਿਪਟੀ ਸੀ. ਏ. ਓ., ਜਗਤਾਰ ਸਿੰਘ ਪ੍ਰੈੱਸ ਸਕੱਤਰ, ਇੰਜ: ਦਰਸ਼ਨ ਸਿੰਘ ਵਿੱਤ ਸਕੱਤਰ, ਭੁਪਿੰਦਰਪਾਲ ਸਿੰਘ, ਦਰਸ਼ਨ ਸਿੰਘ ਕੋਟਾਲਾ, ਪ੍ਰੇਮ ਚੰਦ ਭਲਾ ਲੋਕ, ਜਸਵੰਤ ਸਿੰਘ ਢੰਡਾ, ਮਹੇਸ਼ ਕੁਮਾਰ ਖਮਾਣੋਂ, ਅਮਰੀਕ ਸਿੰਘ ਖਮਾਣੋਂ ਆਦਿ ਨੇ ਸੰਬੋਧਨ ਕੀਤਾ।ਸਟੇਜ ਸਕੱਤਰ ਦੀ ਭੂਮਿਕਾ ਇੰਜ: ਭਰਪੂਰ ਸਿੰਘ ਮਾਂਗਟ ਸਕੱਤਰ ਵੱਲੋਂ ਬਾਖੂਬੀ ਨਿਭਾਈ ਗਈ।ਅਖੀਰ ਵਿੱਚ ਪ੍ਰਧਾਨ ਸਕਿੰਦਰ ਸਿੰਘ ਨੇ ਮੀਟਿੰਗ 'ਚ ਸ਼ਾਮਲ ਪੈਨਸ਼ਨਰਾਂ ਦਾ ਧੰਨਵਾਦ ਕੀਤਾ।

# ਕਾਂਗਰਸ ਨੇ 'ਆਪ' 'ਤੇ ਵੋਟਰ ਸੂਚੀਆਂ 'ਚ ਧਾਂਦਲੀਆਂ ਦੇ ਲਾਏ ਗੰਭੀਰ ਦੋਸ਼



**ਦੋਰਾਹਾ (ਹਰਮਿੰਦਰ ਸੇਠ)**

ਹਲਕਾ ਪਾਇਲ ਦੇ ਕੋ-ਆਰਡੀਨੇਟਰ ਤੇ ਸਾਬਕਾ ਪ੍ਰਧਾਨ ਚੇਅਰਮੈਨ ਸਰਦਾਰ ਬੰਤ ਸਿੰਘ ਦੋਬੁਰਜੀ ਦੇ ਗ੍ਰਹਿ ਵਿਖੇ ਕਾਂਗਰਸ ਵੱਲੋਂ ਵਿਸ਼ੇਸ਼ ਪ੍ਰੈੱਸ ਕਾਨਫਰੰਸ ਕੀਤੀ ਗਈ।ਕਾਂਗਰਸੀ ਆਗੂਆਂ ਨੇ ਵੱਖ-ਵੱਖ ਵਾਰਡਾਂ ਦੀਆਂ ਵੋਟਰ ਸੂਚੀਆਂ ਵਿੱਚ ਵੱਡੇ ਪੱਧਰ 'ਤੇ ਗੜਬੜੀਆਂ ਅਤੇ ਧਾਂਧਲੀਆਂ ਹੋਣ ਦੇ ਗੰਭੀਰ ਦੋਸ਼ ਲਾਏ।ਬੰਤ ਸਿੰਘ ਦੋਬੁਰਜੀ ਤੇ ਹੋਰ ਆਗੂਆਂ ਨੇ ਕਿਹਾ ਕਿ ਦੋਰਾਹਾ ਦੇ ਕਈ ਵਾਰਡਾਂ ਵਿੱਚ ਯੋਗ ਅਤੇ ਪੁਰਾਣੇ ਵੋਟਰਾਂ ਦੇ ਨਾਂਅ ਬਿਨਾਂ ਕਾਰਨ ਕੱਟੇ ਜਾ ਰਹੇ ਹਨ, ਜਦਕਿ ਬਾਹਰੀ ਤੇ ਗਲਤ ਵਿਅਕਤੀਆਂ ਦੇ ਨਾਂਅ ਵੋਟਰ ਸੂਚੀਆਂ ਵਿੱਚ ਸ਼ਾਮਲ ਕੀਤੇ ਜਾ ਰਹੇ ਹਨ।ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਕੁਝ ਸਿਆਸੀ ਲਾਭ ਲਈ ਕੀਤਾ ਜਾ ਰਿਹਾ ਹੈ ਤਾਂ ਜੁ ਆਉਣ ਵਾਲੀਆਂ ਚੋਣਾਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਸਭ ਤੋਂ ਮਹੱਤਵਪੂਰਨ ਹੁੰਦੀ ਹੈ, ਪਰ ਮੌਜੂਦਾ ਹਾਲਾਤਾਂ ਵਿੱਚ ਵੋਟਰ ਸੂਚੀਆਂ ਨਾਲ ਕੀਤੀ ਜਾ ਰਹੀ ਛੇੜਛਾੜ ਲੋਕਤੰਤਰਿਕ ਮਰਿਆਦਾਵਾਂ ਨੂੰ ਢਾਹ ਲਾਉਣ ਵਾਲੀ ਗੱਲ ਹੈ।

ਕਾਂਗਰਸੀ ਆਗੂਆਂ ਨੇ ਕਿਹਾ ਕਿ ਜੇਕਰ ਸਮੇਂ ਸਿਰ ਇਹ ਗਲਤੀਆਂ ਠੀਕ ਨਾ ਕੀਤੀਆਂ ਗਈਆਂ ਤਾਂ ਇਸ ਦਾ ਵੱਡਾ ਵਿਰੋਧ ਕੀਤਾ ਜਾਵੇਗਾ।ਆਗੂਆਂ ਨੇ ਦੱਸਿਆ ਕਿ ਇਸ ਸਬੰਧੀ ਜਲਦ ਹੀ ਐਸ.ਡੀ.ਐਮ. ਪਾਇਲ ਨੂੰ ਇੱਕ ਵਿਸਥਾਰਪੂਰਵਕ ਮੰਗ-ਪੱਤਰ ਦਿੱਤਾ ਜਾਵੇਗਾ ਤੇ ਚੋਣ ਕਮਿਸ਼ਨ ਕੋਲ ਵੀ ਲਿਖਤੀ ਸ਼ਿਕਾਇਤ ਦਰਜ ਕਰਾਈ ਜਾਵੇਗੀ।ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਅਤੇ ਚੋਣ ਅਧਿਕਾਰੀਆਂ ਵੱਲੋਂ ਕੋਈ ਢੁੱਕਵੀਂ ਕਾਰਵਾਈ ਨਾ ਕੀਤੀ ਗਈ ਤਾਂ ਕਾਂਗਰਸ ਪਾਰਟੀ ਅਦਾਲਤੀ ਰੁਖ਼ ਅਖ਼ਤਿਆਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰੇਗੀ।

# ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਹੋਈ



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)**

ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਤੇ ਸਮੁੱਚੀ ਕਾਰਜਕਾਰਨੀ ਦੀ ਵਧੀਆ ਕਾਰਜਸ਼ੈਲੀ ਨੇ ਸੇਵਾਮੁਕਤ ਕ੍ਰਮਚਾਰੀਆਂ ਅਤੇ ਫੈਮਲੀ ਪੈਨਸ਼ਨਰਾਂ ਦੇ ਮਨਾਂ ਵਿੱਚ ਸ਼ਲਾਘਾਯੋਗ ਸਥਾਨ ਬਣਾਇਆ ਹੈ।ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਸਮੂਹ ਪੈਨਸ਼ਨਰਾਂ ਨੂੰ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਆਸ ਦੀ ਕਿਰਨ ਜਾਪਦੀ ਹੈ।ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਐਸੋਸੀਏਸਨ ਵੱਲੋਂ ਪੈਨਸ਼ਨਰ ਭਵਨ ਵਿਖੇ ਮੀਟਿੰਗ ਆਯੋਜਤ ਕੀਤੀ ਗਈ।ਜ਼ਿਲ੍ਹਾ ਪ੍ਰਧਾਨ ਸ੍ਰੀ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਭਰਵੀਂ ਮੀਟਿੰਗ 'ਚ ਵੱਖ-ਵੱਖ ਵਿਭਾਗਾਂ ਦੇ ਸੇਵਾਮੁਕਤ ਕ੍ਰਮਚਾਰੀਆਂ ਤੇ ਫੈਮਲੀ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

ਮੀਟਿੰਗ ਦੇ ਸ਼ੁਰੂ 'ਚ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਐਸੋਸੀਏਸ਼ਨ ਦੇ ਮੈਂਬਰ ਤੇ ਉਨ੍ਹਾਂ ਦੇ ਸਾਕ ਸੰਬੰਧੀ ਹਰਬੰਸ ਕੌਰ, ਸ਼ਮਸ਼ੇਰ ਕੌਰ, ਜਗਨ ਨਾਥ ਤੇ ਮਨਜੀਤ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਵਾਇਸ ਚੇਅਰਮੈਨ ਹਰਦੇਵ ਸਿੰਘ, ਪੰਜਾਬ ਰੋਡਵੇਜ਼ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮੇਜਰ ਸਿੰਘ ਚੌਤਰਾ, ਚੌ. ਬਲਬੀਰ ਸਿੰਘ, ਗੁਰਟੇਕ ਸਿੰਘ ਬਰਾੜ, ਜਸਵੰਤ ਸਿੰਘ ਬਰਾੜ, ਬਰਨੇਕ ਸਿੰਘ ਦਿਉਲ, ਇੰਦਰ ਸਿੰਘ ਤੇ ਇਕਾਬਲ ਸਿੰਘ ਸਮੇਤ ਸਮੂਹ ਬੁਲਾਰਿਆਂ ਨੇ ਸਰਕਾਰ ਵੱਲੋਂ ਪੈਨਸ਼ਨਰਾਂ ਅਤੇ ਫੈਮਲੀ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਨਾ ਮੰਨੇ ਜਾਣ ਦੀ ਕਰੜੇ ਸ਼ਬਦਾਂ 'ਚ ਆਲੋਚਨਾ ਕੀਤੀ।ਮੀਟਿੰਗ ਦੌਰਾਨ ਪਰਮਜੀਤ ਸਿੰਘ ਖਾਲਸਾ, ਸੁਖਪਾਲ ਸਿੰਘ ਪਾਂਧੀ, ਬਲਜਿੰਦਰ ਸਿੰਘ ਦਾਬੜਾ ਤੇ ਖੁਸ਼ਪਾਲ ਸਿੰਘ ਸੰਧੂ ਨੇ ਐਸੋਸੀਏਸ਼ਨ ਵਿੱਚ ਸ਼ਮੂਲੀਅਤ ਕੀਤੀ ਅਤੇ ਬਕਾਇਦਾ ਤੌਰ 'ਤੇ ਮੈਂਬਰ ਬਣੇ।ਜ਼ਿਲ੍ਹਾ ਜਥੇਬੰਦੀ ਵੱਲੋਂ ਨਵੇਂ ਸ਼ਾਮਲ ਹੋਏ ਮੈਂਬਰਾਂ ਦਾ ਰਸਮੀ ਸਵਾਗਤ ਕੀਤਾ ਗਿਆ।ਇਸੇ ਤਰ੍ਹਾਂ ਇਸ ਮਹੀਨੇ ਆਪਣਾ ਜਨਮ ਦਿਨ ਮਨਾਉਣ ਵਾਲੇ ਜਸਵੰਤ ਸਿੰਘ ਬਰਾੜ ਅਤੇ ਕਰਨੈਲ ਸਿੰਘ ਬਰਾੜ ਨੂੰ ਹਾਰ ਪੁਆ ਕੇ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਲੰਮੀ ਉਮਰ ਦੀ ਕਾਮਨਾ ਕੀਤੀ।ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਸਟੇਜ ਸਕੱਤਰ ਦਾ ਸੰਚਾਲਨ ਸ਼ਾਇਰਾਨਾ ਅੰਦਾਜ਼ ਵਿੱਚ ਬਾਖੂਬੀ ਨਿਭਾਇਆ।

## ਸਰੀਰਕ ਸਿੱਖਿਆ ਤੇ ਖੇਡ ਤਕਨਾਲੋਜੀ ਦੇ ਭਵਿੱਖੀ ਪੱਖਾਂ 'ਤੇ ਭਾਸ਼ਣ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਰੀਰਕ ਸਿੱਖਿਆ ਤੇ ਖੇਡ ਤਕਨਾਲੋਜੀ ਵਿਭਾਗ ਵੱਲੋਂ ਸਰੀਰਕ ਸਿੱਖਿਆ ਅਤੇ ਖੇਡ ਤਕਨਾਲੋਜੀ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਵਿਸ਼ੇ ਉੱਤੇ ਇੱਕ ਵਿਸ਼ੇਸ਼ ਮਹਿਮਾਨ ਭਾਸ਼ਣ ਕਰਾਇਆ ਗਿਆ।ਡਾ. ਜਸਪਾਲ ਸਿੰਘ, ਸਾਬਕਾ ਪ੍ਰਿੰਸੀਪਲ ਅਤੇ ਸਹਾਇਕ ਪ੍ਰੋਫੈਸਰ, ਸਰੀਰਕ ਸਿੱਖਿਆ, ਲਾਇਲਪੁਰ ਖਾਲਸਾ ਕਾਲਜ ਨੇ ਆਪਣੇ ਵਿਚਾਰ ਸਾਂਝੇ ਕੀਤੇ।ਸਮਾਗਮ ਦੌਰਾਨ ਵਿਭਾਗ ਮੁਖੀ ਡਾ. ਵਰਿੰਦਰ ਸਿੰਘ ਭੁੱਲਰ, ਵਿਭਾਗ ਦੇ ਅਧਿਆਪਕ ਤੇ ਵਿਦਿਆਰਥੀ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਨ ਤੇ ਤੰਦਰੁਸਤ ਜੀਵਨ-ਜਾਚ ਅਪਣਾਉਣ ਲਈ ਉਤਸ਼ਾਹਤ ਕੀਤਾ।ਉਨ੍ਹਾਂ ਨੇ ਖੇਡਾਂ ਦੀ ਮਹੱਤਤਾ, ਨਵੀਆਂ ਤਕਨੀਕਾਂ ਤੇ ਭਵਿੱਖ ਵਿੱਚ ਉਭਰ ਰਹੀਆਂ ਸੰਭਾਵਨਾਵਾਂ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ।ਉਨ੍ਹਾਂ ਕਿਹਾ ਕਿ ਮਨੁੱਖ ਆਪਣੇ ਮਨੋਬਲ ਅਤੇ ਪੇਸ਼ਾਵਰ ਯੋਗਤਾਵਾਂ ਨੂੰ ਸੰਤੁਲਤ ਕਰਕੇ ਹੀ ਆਪਣੇ ਮਨੋਰਥਾਂ ਵੱਲ ਡਟ ਕੇ ਅੱਗੇ ਵਧ ਸਕਦਾ ਹੈ। ਉਨ੍ਹਾਂ ਇਹ ਵੀ ਉਚਾਰਿਆ ਕਿ ਚੰਗੇ ਭਵਿੱਖ ਦੀ ਨਿਰਮਾਣ ਲਈ ਵੱਧ ਤੋਂ ਵੱਧ ਗਿਆਨ ਹਾਸਲ ਕਰਨਾ ਬਹੁਤ ਜ਼ਰੂਰੀ ਹੈ।ਵਿਦਿਆਰਥੀਆਂ ਨੇ ਇਸ ਭਾਸ਼ਣ ਨੂੰ ਬੜੀ ਰੁਚੀ ਨਾਲ ਸੁਣਿਆ ਤੇ ਇਸ ਨੂੰ ਬਹੁਤ ਹੀ ਲਾਹੇਵੰਦ ਦੱਸਿਆ।

## ਲਿਖਾਰੀ ਸਭਾ ਦੀ ਨਵੀਂ ਕਮੇਟੀ ਦੀ ਚੋਣ 27 ਨੂੰ



**ਮੋਗਾ (ਇਕਬਾਲ ਸਿੰਘ ਖਹਿਰਾ)**-ਲਿਖਾਰੀ ਸਭਾ ਮੋਗਾ ਦੀ ਮਾਸਿਕ ਮੀਟਿੰਗ ਨੇਚਰ ਪਾਰਕ ਮੋਗਾ ਡਾ. ਹਰਨੇਕ ਸਿੰਘ ਰੋਡੇ ਦੀ ਪ੍ਰਧਾਨਗੀ ਹੇਠ ਹੋਈ।ਲਿਖਾਰੀ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਕਾਉਂਕੇ ਵੱਲੋਂ ਸਮਾਂ ਪੂਰਾ ਹੋ ਜਾਣ ਕਰਕੇ ਪੁਰਾਣੀ ਸਭਾ ਨੂੰ ਭੰਗ ਕਰਦਿਆਂ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਨਵੀਂ ਕਮੇਟੀ ਦੀ ਚੋਣ ਲਈ ਨਿਰਦੇਸ਼ ਦਿੱਤੇ ਸਨ।ਸਭਾ ਦੇ ਮੈਂਬਰ ਗੁਰਨਾਮ ਸਿੰਘ ਗਾਮਾ ਦੀ ਪਤਨੀ ਤੇ ਉੱਘੇ ਗੀਤਕਾਰ ਪਾਲੀ ਦੇਤਵਾਲੀਆ ਦੇ ਜਵਾਨ ਪੁੱਤਰ ਦੀ ਮੌਤ ਹੋ ਜਾਣ 'ਤੇ ਵੀ ਸ਼ੋਕ ਮਤਾ ਪਾਸ ਕੀਤਾ ਗਿਆ ਤੇ ਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ।ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਦਾ ਕੋਰਮ ਪੂਰਾ ਨਾ ਹੋ ਹੋਣ ਕਰਕੇ ਤੇ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਕਾਉਂਕੇ ਵਿਦੇਸ਼ ਵਿਚ ਤੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਚੂਹੜਚੱਕ ਦਾ ਸਿਹਤ ਠੀਕ ਨਾ ਹੋਣ ਕਾਰਨ ਮੀਟਿੰਗ ਵਿੱਚ ਹਾਜ਼ਰ ਨਾ ਹੋਣ ਕਾਰਨ ਨਵੀਂ ਸਭਾ ਦੀ ਚੋਣ ਸਥਗਿਤ ਕੀਤੀ ਗਈ।ਹੁਣ ਨਵੀਂ ਲਿਖਾਰੀ ਸਭਾ ਦੇ ਅਹੁਦੇਦਾਰਾਂ ਦੀ ਚੋਣ 27 ਮਈ 2026 ਨੂੰ ਸਵੇਰੇ 10 ਵਜੇ ਨੇਚਰ ਪਾਰਕ ਮੋਗਾ ਵਿਖੇ ਕੀਤੀ ਜਾਵੇਗੀ।ਜੇਕਰ ਕੋਈ ਮੈਂਬਰ ਕਿਸੇ ਵੀ ਕਾਰਨ ਕਰਕੇ 27 ਮਈ 2026 ਦੀ ਚੋਣ ਪ੍ਰਕਿਰਿਆ ਵਿੱਚ ਭਾਗ ਨਹੀਂ ਲੈਂਦਾ ਤਾਂ ਉਹ ਨਵੀਂ ਚੁਣੀ ਹੋਈ ਕਮੇਟੀ 'ਤੇ ਇਤਰਾਜ਼ ਵੀ ਨਹੀਂ ਕਰ ਸਕੇਗਾ।

## ਸਰਵਾਈਕਲ ਕੈਂਸਰ ਸੰਬੰਧੀ ਜਾਗਰੂਕਤਾ ਸੈਮੀਨਾਰ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਵੱਲੋਂ ਸਰਵਾਈਕਲ ਕੈਂਸਰ ਦੀ ਰੋਕਥਾਮ ਤੇ ਇਲਾਜ ਸੰਬੰਧੀ ਮੈਡੀਕਲ ਐਜੂਕੇਸ਼ਨ ਪ੍ਰੋਗਰਾਮ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਸਰਵਾਈਕਲ ਕੈਂਸਰ ਦੀ ਰੋਕਥਾਮ, ਐੱਚਪੀਵੀ ਟੀਕਾਕਰਨ, ਸਕ੍ਰੀਨਿੰਗ, ਸ਼ੁਰੂਆਤੀ ਪਛਾਣ ਤੇ ਇਲਾਜ ਵਿੱਚ ਨਵੀਆਂ ਤਰੱਕੀਆਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ।ਇਸ ਪ੍ਰੋਗਰਾਮ ਦਾ ਉਦਘਾਟਨ ਪੀਜੀਆਈ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਵੱਲੋਂ ਕੀਤਾ ਗਿਆ, ਜਿਨ੍ਹਾਂ ਦੀ ਗ੍ਰੇਸਫੁਲ ਹਾਜ਼ਰੀ ਵਿੱਚ ਇਸਤਰੀ ਰੋਗ ਤੇ ਪ੍ਰਸੂਤੀ ਵਿਭਾਗ ਦੀ ਮੁਖੀ ਪ੍ਰੋ. ਵਨੀਤਾ ਜੈਨ, ਪ੍ਰੋ. ਪੀ. ਕੇ. ਸਾਹਾ ਸਮੇਤ ਉੱਤਰੀ ਭਾਰਤ ਦੇ ਵੱਖ-ਵੱਖ ਸੰਸਥਾਨਾਂ ਤੋਂ ਆਏ ਪ੍ਰਸਿੱਧ ਫੈਕਲਟੀ ਮੈਂਬਰ ਤੇ ਡੈਲੀਗੇਟ ਮੌਜੂਦ ਸਨ।ਵਿਗਿਆਨਕ ਸੈਸ਼ਨਾਂ ਵਿੱਚ ਭਾਰਤ ਵਿੱਚ ਸਰਵਾਈਕਲ ਕੈਂਸਰ ਦੇ ਵਧਦੇ ਬੋਝ ਨੂੰ ਉਜਾਗਰ ਕੀਤਾ ਗਿਆ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਇਹ ਬਿਮਾਰੀ ਸਮੇਂ ਸਿਰ ਐੱਚਪੀਵੀ ਟੀਕਾਕਰਨ ਤੇ ਪ੍ਰਭਾਵਸ਼ਾਲੀ ਸਕ੍ਰੀਨਿੰਗ ਰਾਹੀਂ ਵੱਡੇ ਪੱਧਰ 'ਤੇ ਰੋਕੀ ਜਾ ਸਕਦੀ ਹੈ।ਮਾਹਰਾਂ ਨੇ ਸਰਵਾਈਕਲ ਕੈਂਸਰ ਨਾਲ ਸੰਬੰਧਤ ਬਿਮਾਰੀ ਤੇ ਮੌਤ ਦਰ ਘਟਾਉਣ ਲਈ ਐੱਚਪੀਵੀ ਟੀਕਾਕਰਨ, ਨਿਯਮਿਤ ਸਕ੍ਰੀਨਿੰਗ ਤੇ ਸ਼ੁਰੂਆਤੀ ਪਛਾਣ ਬਾਰੇ ਜਾਗਰੂਕਤਾ ਵਧਾਉਣ ਦੀ ਮਹੱਤਤਾ 'ਤੇ ਵੀ ਚਰਚਾ ਕੀਤੀ।ਪ੍ਰਸਿੱਧ ਵਕਤਾਵਾਂ ਨੇ ਸਰਵਾਈਕਲ ਕੈਂਸਰ ਦੇ ਪ੍ਰਬੰਧਨ ਵਿੱਚ ਨਵੀਆਂ ਤਰੱਕੀਆਂ, ਜਿਵੇਂ ਕਿ ਸਰਜਰੀ, ਰੇਡੀਓਥੈਰੇਪੀ, ਕੀਮੋਥੈਰੇਪੀ ਤੇ ਮਲਟੀਡਿਸਪਲਿਨਰੀ ਦੇਖਭਾਲ 'ਤੇ ਵੀ ਵਿਚਾਰ-ਵਟਾਂਦਰਾ ਕੀਤਾ।ਇਸ ਸੀਐੱਮਈ ਨੇ ਡਾਕਟਰਾਂ, ਫੈਕਲਟੀ ਮੈਂਬਰਾਂ ਤੇ ਪੋਸਟਗ੍ਰੈਜੂਏਟ ਵਿਦਿਆਰਥੀਆਂ ਵਿਚਕਾਰ ਅਕਾਦਮਿਕ ਵਿਚਾਰ-ਵਟਾਂਦਰੇ ਤੇ ਇੰਟਰੈਕਟਿਵ ਚਰਚਾਵਾਂ ਲਈ ਇੱਕ ਸ਼ਾਨਦਾਰ ਮੰਚ ਪ੍ਰਦਾਨ ਕੀਤਾ।

## ਸ਼ਕਤੀ ਪਬਲਿਕ ਸੀਨੀ. ਸੈਕੰ. ਸਕੂਲ ਵਿਖੇ ਮਾਂ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਸ਼ਕਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿੱਚ ਮਾਂ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮੇਂ ਵਿਦਿਆਰਥੀਆਂ ਵੱਲੋਂ ਸੁੰਦਰ ਭਾਸ਼ਣ, ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।ਬੱਚਿਆਂ ਨੇ ਆਪਣੀਆਂ ਮਾਵਾਂ ਲਈ ਪਿਆਰ ਤੇ ਧੰਨਵਾਦ ਪ੍ਰਗਟ ਕੀਤਾ।ਸਕੂਲ ਦੇ ਪ੍ਰਿੰਸੀਪਲ ਜਤਿੰਦਰ ਸ਼ਰਮਾ ਤੇ ਵਾਇਸ ਪ੍ਰਿੰਸੀਪਲ ਨੀਰਜ ਸ਼ਰਮਾ ਨੇ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਆਪਣੇ ਸੰਬੋਧਨ ਵਿੱਚ ਮਾਵਾਂ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਮਾਂ ਸਾਡੇ ਜੀਵਨ ਦੀ ਪਹਿਲੀ ਅਧਿਆਪਕ ਹੁੰਦੀ ਹੈ ਤੇ ਸਾਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਪ੍ਰਸ਼ੰਸਾ ਕਰਦੇ ਹੋਏ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਦਿੱਤੀ।ਅੰਤ ਵਿੱਚ ਸਕੂਲ ਵੱਲੋਂ ਮਾਵਾਂ ਦੇ ਸਨਮਾਨ ਵਿੱਚ ਧੰਨਵਾਦ ਪ੍ਰਗਟ ਕੀਤਾ ਗਿਆ।ਇਹ ਸਮਾਗਮ ਬੱਚਿਆਂ ਲਈ ਯਾਦਗਾਰ ਰਿਹਾ ਤੇ ਸਭ ਨੇ ਇਸ ਦੀ ਭਰਪੂਰ ਪ੍ਰਸ਼ੰਸਾ ਕੀਤੀ।ਇਸ ਮੌਕੇ ਸੁਮਨ ਸ਼ਰਮਾ, ਕਮਲੇਸ਼ ਸ਼ਰਮਾ, ਰਾਜੀਵ ਵੈਦ (ਬੌਬੀ), ਸੀਮਾ ਕਪੂਰ, ਇੰਦਰਪਾਲ ਕੌਰ, ਨੇਹਾ ਸੂਦ, ਸਰਬਜੀਤ ਕੌਰ, ਸੰਦੀਪ ਕੌਰ, ਸੀਮਾ ਰਾਣੀ, ਕੇਵਲਜੀਤ ਕੌਰ, ਪ੍ਰਦੀਪ ਕੌਰ, ਪ੍ਰਭਜੋਤ ਕੌਰ, ਅਜੀਤਪਾਲ, ਗੁਰਮੀਤ ਕੌਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਕੂਲ ਵਿਦਿਆਰਥੀ ਹਾਜ਼ਰ ਸਨ।

## ਨੌਜਵਾਨਾਂ ਨੇ ਝਨੇੜੀ ਦੀ ਗਰਾਊਂਡ 'ਚ ਪੌਦੇ ਲਗਾਏ



**ਭਵਾਨੀਗੜ੍ਹ (ਰਾਜ ਖੁਰਮੀ)**-ਨੇੜਲੇ ਪਿੰਡ ਝਨੇੜੀ ਦੇ ਖੇਡ ਗਰਾਊਂਡ ਵਿੱਚ ਕੋਚ ਮਨਪ੍ਰੀਤ ਸਿੰਘ ਮਨੀ ਘੁਮਾਣ ਝਨੇੜੀ ਦੀ ਅਗਵਾਈ ਹੇਠ ਵਾਤਾਵਰਨ ਸੰਭਾਲ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ 50 ਪੌਦੇ ਲਗਾਏ ਗਏ।ਇਸ ਮੌਕੇ ਗਰਾਊਂਡ ਵਿੱਚ ਮੌਜੂਦ ਖਿਡਾਰੀਆਂ ਨੇ ਰਲ-ਮਿਲ ਕੇ ਬੂਟੇ ਲਗਾਉਣ ਦੀ ਸੇਵਾ ਨਿਭਾਈ ਤੇ ਵਾਤਾਵਰਨ ਬਚਾਉਣ ਦਾ ਸੰਦੇਸ਼ ਦਿੱਤਾ।ਇਸ ਵਿਸ਼ੇਸ਼ ਉਪਰਾਲੇ ਦੌਰਾਨ ਪਿੰਡ ਦੇ ਸਰਪੰਚ ਗੁਰਮੀਤ ਸਿੰਘ ਮੀਤਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾਂ ਨਾਲ ਭਾਜਪਾ ਟਰਾਂਸਪੋਰਟ ਸੈੱਲ ਦੇ ਕਨਵੀਨਰ ਤੇ ਐੱਫ.ਸੀ.ਆਈ. ਪੰਜਾਬ ਦੇ ਡਾਇਰੈਕਟਰ ਗੁਰਤੇਜ ਸਿੰਘ ਝਨੇੜੀ ਨੇ ਵੀ ਹਾਜ਼ਰੀ ਲਗਵਾ ਕੇ ਨੌਜਵਾਨ ਖਿਡਾਰੀਆਂ ਦਾ ਹੌਸਲਾ ਵਧਾਇਆ।ਸਮਾਗਮ ਵਿੱਚ ਪਿੰਡ ਦੇ ਅੰਤਰਰਾਸ਼ਟਰੀ ਖਿਡਾਰੀ ਬੱਬੂ ਝਨੇੜੀ, ਸੀਮਾ ਝਨੇੜੀ, ਬਿੰਦਰ ਝਨੇੜੀ ਤੇ ਵਿੱਕੀ ਭਵਾਨੀਗੜ੍ਹ ਸਮੇਤ ਹੋਰ ਖਿਡਾਰੀ ਵੀ ਮੌਜੂਦ ਰਹੇ।ਇਸ ਮੌਕੇ ਸਰਪੰਚ ਗੁਰਮੀਤ ਸਿੰਘ ਮੀਤਾ ਨੇ ਕਿਹਾ ਕਿ ਅੱਜ ਦੇ ਨਸ਼ਿਆਂ ਭਰੇ ਮਾਹੌਲ ਵਿੱਚ ਵੀ ਪਿੰਡ ਦੇ ਨੌਜਵਾਨਾਂ ਦਾ ਖੇਡਾਂ ਤੇ ਗ੍ਰਾਊਂਡ ਨਾਲ ਜੁੜਿਆ ਰਹਿਣਾ ਬਹੁਤ ਹੀ ਸ਼ਲਾਘਾਯੋਗ ਗੱਲ ਹੈ। ਉਨ੍ਹਾਂ ਕਿਹਾ ਕਿ ਪਿੰਡ ਪੰਚਾਇਤ ਵੱਲੋਂ ਖਿਡਾਰੀਆਂ ਨੂੰ ਹਰ ਸੰਭਵ ਸਹੂਲਤ ਮੁਹੱਈਆ ਕਰਵਾਈ ਜਾਵੇਗੀ ਤੇ ਨੌਜਵਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।ਅੰਤ ਵਿੱਚ ਮਨਪ੍ਰੀਤ ਸਿੰਘ ਮਨੀ ਘੁਮਾਣ ਝਨੇੜੀ ਤੇ ਸਮੂਹ ਖਿਡਾਰੀਆਂ ਦਾ ਧੰਨਵਾਦ ਕਰਦਿਆਂ ਪਿੰਡ ਵਾਸੀਆਂ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਹਰੇਕ ਲਾਭਪਾਤਰੀ ਤੱਕ ਪੁੱਜੇਗਾ ਸਰਕਾਰੀ ਸਕੀਮਾਂ ਦਾ ਲਾਭ : ਪੁਸ਼ਪਿੰਦਰ ਸ਼ਰਮਾ

### ਧੂਰੀ 'ਚ ਮੇਰੀ ਰਸੋਈ ਸਕੀਮ ਤਹਿਤ ਰਾਸ਼ਨ ਕਿੱਟਾਂ ਵੰਡੀਆਂ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਟਰੇਡਰਜ਼ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 'ਮੇਰੀ ਰਸੋਈ ਸਕੀਮ' ਤਹਿਤ ਧੂਰੀ 'ਚ ਲਾਭਪਾਤਰੀ ਪਰਵਾਰਾਂ ਨੂੰ ਰਾਸ਼ਨ ਕਿੱਟਾਂ ਵੰਡਣ ਦੇ ਕੰਮ ਦੀ ਸ਼ੁਰੂਆਤ ਕਰ ਦਿੱਤੀ ਗਈ।ਪੁਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਸਰਕਾਰ ਵੱਲੋਂ ਲੋੜਵੰਦ ਪਰਵਾਰਾਂ ਦੀ ਸਹਾਇਤਾ ਲਈ ਸ਼ੁਰੂ ਕੀਤੀ ਗਈ ਇਹ ਸਕੀਮ ਲੋਕਾਂ ਲਈ ਵੱਡੀ ਰਾਹਤ ਸਾਬਿਤ ਹੋਵੇਗੀ।ਉਨ੍ਹਾ ਕਿਹਾ ਕਿ ਇਸ ਸਕੀਮ ਅਧੀਨ ਜਿਨ੍ਹਾਂ ਪਰਵਾਰਾਂ ਦੇ ਰਾਸ਼ਨ ਕਾਰਡ ਬਣੇ ਹੋਏ ਹਨ, ਉਨ੍ਹਾਂ ਨੂੰ ਇੱਕ ਇੱਕ ਰਾਸ਼ਨ ਕਿੱਟ ਦਿੱਤੀ ਜਾ ਰਹੀ ਹੈ ਅਤੇ ਲੋਕ ਆਪਣੇ ਸੰਬਧਤ ਡੀਪੂ ਤੋਂ ਇਹ ਕਿੱਟ ਪ੍ਰਾਪਤ ਕਰਨ।ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਸਮਾਜ ਦੇ ਹਰੇਕ ਵਰਗ ਤੱਕ ਸਰਕਾਰੀ ਸਕੀਮਾਂ ਦਾ ਲਾਭ ਪੁੱਜਦਾ ਕਰਨਾ ਹੈ ਤੇ ਇਸ ਲਈ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਤਰੀਕੇ ਨਾਲ਼ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਸਕੀਮ ਨਾਲ ਲੋੜਵੰਦ ਪਰਵਾਰਾਂ ਦੀਆਂ ਰਸੋਈਆਂ ਦਾ ਖਰਚ ਘਟੇਗਾ ਤੇ ਉਨ੍ਹਾਂ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਹੋਵੇਗੀ।

## ਟਰਾਈ ਰੂਮ 'ਚ ਔਰਤ ਦੀ ਵੀਡੀਓ ਬਣਾਉਣ ਦੇ ਦੋਸ਼ 'ਚ ਮੁਕੱਦਮਾ ਦਰਜ

**ਧੂਰੀ (ਮਨੋਹਰ ਸਿੰਘ ਸੱਗੂ)**-ਥਾਣਾ ਸਿਟੀ ਪੁਲਸ ਵੱਲੋਂ ਔਰਤ ਦੀ ਕਥਿਤ ਤਰੀਕੇ ਨਾਲ ਸ਼ਰਮਨਾਕ ਵੀਡੀਓ ਬਣਾਉਣ ਦੇ ਦੋਸ਼ ਹੇਠ ਸ਼ੋਅ ਰੂਮ ਦੇ ਮੁਲਾਜ਼ਮ ਖਿਲਾਫ਼ ਮੁਕੱਦਮਾ ਦਰਜ ਕੀਤੇ ਜਾਣ ਦੀ ਖਬਰ ਹੈ।ਇਸ ਸ਼ਰਮਨਾਕ ਹਰਕਤ ਬਾਰੇ ਮਿਲੀ ਜਾਣਕਾਰੀ ਅਨੁਸਾਰ ਸਥਾਨਕ ਸ਼ਹਿਰ ਦੇ ਇੱਕ ਮੁਹੱਲੇ ਦੀ ਔਰਤ ਵੱਲੋਂ ਪੁਲਸ ਕੋਲ ਦਿੱਤੇ ਆਪਣੇ ਬਿਆਨ 'ਚ ਕਿਹਾ ਗਿਆ ਕਿ ਉਹ ਲੰਘੇ ਦਿਨੀਂ ਆਪਣੀ ਕਿਰਾਏਦਾਰ ਸਾਥਣ ਨਾਲ ਸ਼ਹਿਰ ਦੀ ਇੱਕ ਮਾਰਕਿਟ 'ਚ ਸਥਿਤ ਰੈਡੀਮੇਡ ਕੱਪੜਿਆਂ ਦੇ ਸ਼ੋਅ ਰੂਮ 'ਚ ਸੂਟ ਖ੍ਰੀਦਣ ਗਈ ਤੇ ਸੂਟ ਪਸੰਦ ਕਰਕੇ ਜਦੋਂ ਟਰਾਈ ਰੂਮ 'ਚ ਗਈ ਤਾਂ ਉਥੇ ਇੱਕ ਮਰਦਾਨਾ ਕਮੀਜ਼ ਦੀ ਜੇਬ 'ਚ ਪਏ ਮੋਬਾਇਲ ਫੋਨ ਦੀ ਰਿੰਗ ਵੱਜੀ ਤੇ ਮੈਨੂੰ ਸ਼ੱਕ ਹੋਇਆ ਕਿ ਮੇਰੀ ਵੀਡੀਓ ਬਣ ਰਹੀ ਹੈ ਅਤੇ ਮੈਂ ਫੋਨ ਚੁੱਕ ਕੇ ਸ਼ੋਅ ਰੂਮ 'ਚ ਕੰਮ ਕਰਦੇ ਆਪਣੇ ਹੀ ਮੁਹੱਲੇ ਦੇ ਰਾਜ ਕੁਮਾਰ ਉਰਫ਼ ਰਾਜਾ ਕੋਲ ਜਾ ਕੇ ਫੋਨ ਦਾ ਲਾਕ ਖੋਲ੍ਹਣ ਲਈ ਕਿਹਾ ਤਾਂ ਉਸ ਨੇ ਫੋਨ ਫੜ ਕੇ ਬਣੀ ਵੀਡੀਓ ਡਲੀਟ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਉਸ ਤੋਂ ਫੋਨ ਲੈ ਕੇ ਬਾਹਰ ਆਪਣੀ ਸਾਥਣ ਰਾਹੀਂ ਜਦੋਂ ਫੋਨ ਚੈੱਕ ਕਰਵਾਇਆ, ਜਿਸ ਵਿੱਚ ਮੇਰੀ ਟਰਾਈ ਰੂਮ 'ਚ ਕਮੀਜ਼ ਉਤਾਰਨ ਦੀ ਵੀਡੀਓ ਬਣੀ ਹੋਈ ਸੀ, ਜਿਸ ਨੂੰ ਆਨ ਕਰਕੇ ਅਸੀਂ ਆਪਣੇ ਫੋਨ ਵਿੱਚ ਸੇਵ ਕਰ ਲਿਆ।ਸਿਟੀ ਪੁਲਸ ਨੇ ਉਕਤ ਔਰਤ ਦੇ ਬਿਆਨ ਦੇ ਆਧਾਰ 'ਤੇ ਕਥਿਤ ਤਰੀਕੇ ਨਾਲ਼ ਸ਼ਰਮਨਾਕ ਹਰਕਤ ਕਰਨ ਦੇ ਦੋਸ਼ ਹੇਠ ਸ਼ੋਅ ਰੂਮ ਦੇ ਮੁਲਾਜ਼ਮ ਰਾਜ ਕੁਮਾਰ ਉਰਫ਼ ਰਾਜਾ ਖਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ।

# ਓ ਐੱਸ ਡੀ ਨੇ ਵੱਖ-ਵੱਖ ਸੰਸਥਾਵਾਂ ਨੂੰ 3.44 ਕਰੋੜ ਦੇ ਮਨਜ਼ੂਰੀ ਪੱਤਰ ਸੌਂਪੇ

■ ਨਗਰ ਕੌਂਸਲ ਚੋਣਾਂ ਲਈ ਅਸੀਂ ਪੂਰੀ ਤਰ੍ਹਾਂ ਤਿਆਰ : ਸੁਖਵੀਰ ਸਿੰਘ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ ਐੱਸ ਡੀ ਸੁਖਵੀਰ ਸਿੰਘ ਨੇ ਸਥਾਨਕ ਮੁੱਖ ਮੰਤਰੀ ਸਹਾਇਤਾ ਕੇਂਦਰ ਵਿਖੇ ਇੱਕ ਸੰਖੇਪ ਸਮਾਗਮ ਦੌਰਾਨ ਵੱਖ ਵੱਖ ਸੰਸਥਾਵਾਂ ਨੂੰ 3 ਕਰੋੜ 44 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਸੌਂਪੇ।ਇਸ ਮੌਕੇ ਐੱਸ ਡੀ ਐੱਮ ਧੂਰੀ ਇਸ਼ਮਤ ਵਿਜੇ ਸਿੰਘ ਤੇ ਮੁੱਖ ਮੰਤਰੀ ਦੇ ਖੇਤਰੀ ਅਫ਼ਸਰ ਅਰਵਿੰਦ ਕੁਮਾਰ ਵੀ ਮੌਜੂਦ ਸਨ।ਇਸ ਮੌਕੇ ਓ ਐੱਸ ਡੀ ਸੁਖਵੀਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਸਮੇਂ 'ਚ ਇਲਾਕੇ ਦੀਆਂ ਵੱਖ ਵੱਖ ਸੰਸਥਾਵਾਂ ਵੱਲੋਂ ਆਪਣੀਆਂ ਸੰਸਥਾਵਾਂ ਦੇ ਕਾਰਜਾਂ ਦੀ ਜ਼ਰੂਰਤ ਲਈ ਆਰਥਿਕ ਸਹਾਇਤਾ ਦੀ ਮੰਗ ਕੀਤੀ ਗਈ ਸੀ ਤੇ ਅੱਜ 25 ਸੰਸਥਾਵਾਂ ਦੇ ਪ੍ਰਬੰਧਕਾਂ ਨੂੰ 'ਬੰਧਨ ਮੁਕਤ' ਅਖਤਿਆਰੀ ਕੋਟੇ 'ਚੋਂ 3 ਕਰੋੜ 44 ਲੱਖ ਰੁਪਏ ਦੇ ਮਨਜ਼ੂਰੀ ਪੱਤਰ ਸੌਂਪੇ ਗਏ।ਹਲਕੇ 'ਚ ਚਲਦੇ ਵਿਕਾਸ ਕਾਰਜਾਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਜਿਹੜੇ ਕੰਮਾਂ ਲਈ ਪੈਸਾ ਜਾਰੀ ਹੋ ਚੁੱਕਿਆ ਹੈ ਤੇ ਟੈਂਡਰ ਹੋ ਚੁੱਕੇ ਹਨ, ਉਨ੍ਹਾਂ ਨੂੰ ਛੇਤੀ ਮੁਕੰਮਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਲਕੇ ਦੇ ਵਿਕਾਸ ਕਾਰਜਾਂ ਲਈ ਦਿਲ ਖੋਲ੍ਹ ਕੇ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ ਤੇ ਅਗਲੇ ਸਾਲ ਪੰਜਾਬ ਤੇ ਹਲਕੇ ਅੰਦਰ ਹੋਏ ਵਿਕਾਸ ਕਾਰਜਾਂ ਦੀ ਤਸਵੀਰ ਤੁਹਾਡੇ ਸਾਹਮਣੇ ਹੋਵੇਗੀ।ਨਗਰ ਕੌਂਸਲ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਚੋਣਾਂ ਲਈ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ ਤੇ ਸਾਨੂੰ ਉਮੀਦ ਹੈ ਕਿ ਪੰਜਾਬ ਸਰਕਾਰ ਵੱਲੋਂ ਚਾਰ ਸਾਲ ਦੇ ਕਾਰਜਕਾਲ 'ਚ ਕੀਤੇ ਗਏ ਵਿਕਾਸ ਕਾਰਜਾਂ ਨੂੰ ਦੇਖਦਿਆਂ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲੇਗਾ ਅਤੇ ਪਾਰਟੀ ਧੂਰੀ ਸ਼ਹਿਰ ਦੇ ਸਾਰੇ 21 ਵਾਰਡਾਂ 'ਚ ਆਪਣੇ ਉਮੀਦਵਾਰਾਂ ਨੂੰ ਚੋਣ ਲੜਾਏਗੀ।ਇਸ ਮੌਕੇ ਸਮਾਜ ਸੇਵੀ ਮੱਖਣ ਲਾਲ ਗਰਗ, ਅਨਿਲ ਮਿੱਤਲ, ਪੁਸ਼ਪਿੰਦਰ ਸ਼ਰਮਾ, ਬਲਵਿੰਦਰ ਸਿੰਘ ਬਿੱਲੂ, ਸੰਦੀਪ ਬਾਂਸਲ ਸੋਨੀ, ਅਸਵਨੀ ਧੀਰ ਤੇ ਰਾਜੀਵ ਚੌਧਰੀ ਆਦਿ ਮੌਜੂਦ ਸਨ।

## ਬੁੱਢਾ ਦਲ ਦੇ ਜਥੇਦਾਰ ਬਾਬਾ ਚੇਤ ਸਿੰਘ, ਬਾਬਾ ਸੰਤਾ ਸਿੰਘ ਦੇ ਬਰਸੀ ਸਮਾਗਮ ਸੰਪੂਰਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ 12ਵੇਂ ਮੁਖੀ ਬਾਬਾ ਚੇਤ ਸਿੰਘ ਤੇ 13ਵੇਂ ਮੁਖੀ ਮਰਹੂਮ ਬਾਬਾ ਸੰਤਾ ਸਿੰਘ ਦੀ ਕ੍ਰਮਵਾਰ 58ਵੀਂ ਤੇ 18ਵੀਂ ਬਰਸੀ ਨੂੰ ਸਮਰਪਤ ਸਮਾਗਮ ਬੁੱਢਾ ਦਲ ਦੇ ਮੁੱਖ ਅਸਥਾਨ ਗੁਰਦੁਆਰਾ ਬੇਰ ਸਾਹਿਬ ਦੇਗਸਰ ਪਾ: ਦਸਵੀਂ ਵਿਖੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ, ਜੋ ਐਤਵਾਰ ਭਲੀਭਾਂਤ ਸੰਪੂਰਨ ਹੋ ਗਏ।ਬਰਸੀ ਸਮਾਗਮਾਂ ਵਿੱਚ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸਿੰਘ ਸਾਹਿਬ ਗਿ. ਅਮਰਜੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਬਾਬਾ ਨਾਹਰ ਸਿੰਘ, ਬਾਬਾ ਨਾਗਰ ਸਿੰਘ ਹਰੀਆਂ ਬੇਲਾਂ, ਬਾਬਾ ਜੋਗਾ ਸਿੰਘ ਕਰਨਾਲ ਵਾਲਿਆ ਤੋਂ ਇਲਾਵਾ ਸਿੱਖ ਪੰਥ ਦੀਆਂ ਪ੍ਰਸਿੱਧ ਧਾਰਮਿਕ ਸ਼ਖ਼ਸੀਅਤਾਂ ਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਤਾਦਾਦ ਵਿੱਚ ਸ਼ਮੂਲੀਅਤ ਕਰਦਿਆਂ ਬਾਬਾ ਚੇਤ ਸਿੰਘ ਤੇ ਬਾਬਾ ਸੰਤਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਬਰਸੀ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਦੀ ਅਰਦਾਸ ਬਾਬਾ ਸੁਖਵਿੰਦਰ ਸਿੰਘ ਮੌਰ ਨੇ ਕੀਤੀ। ਉਪਰੰਤ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਮੱਘਰ ਸਿੰਘ ਹੈੱਡ ਗ੍ਰੰਥੀ ਬੁੱਢਾ ਦਲ, ਸੰਤ ਬਾਬਾ ਅਵਤਾਰ ਸਿੰਘ ਮਸਤੂਆਣਾ ਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਤੇ ਭਾਈ ਸੁਖਜੀਤ ਸਿੰਘ ਕਨ੍ਹੱਈਆ ਦੇ ਕਥਾ ਵਖਿਆਣ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਪੰਥ ਪ੍ਰਸਿੱਧ ਢਾਡੀ ਜਥੇਦਾਰ ਅੰਮ੍ਰਿਤਪਾਲ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ, ਗੁਰ-ਇਤਿਹਾਸ ਨਾਲ ਜੋੜਿਆ।ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਬੁੱਢਾ ਦਲ ਦੇ ਮਰਹੂਮ ਜਥੇਦਾਰਾਂ ਦੇ ਜੀਵਨ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਜਥੇਦਾਰ ਬਾਬਾ ਚੇਤ ਸਿੰਘ ਤੇ ਜਥੇਦਾਰ ਬਾਬਾ ਸੰਤਾ ਸਿੰਘ ਪੰਥ ਦੀਆਂ ਸਤਿਕਾਰਤ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਬੁੱਢਾ ਦਲ ਦੀ ਚੜ੍ਹਦੀ ਕਲਾ ਤੇ ਵਿਕਾਸ ਲਈ ਬਹੁਤ ਕਾਰਜ ਕੀਤਾ ਤੇ ਜਥੇਦਾਰਾਂ ਨੇ ਪੰਥ ਦੀ ਚੜ੍ਹਦੀਕਲਾ ਲਈ ਸਾਰਥਕ ਕਾਰਜ ਕੀਤੇ।ਅਖੀਰ ਵਿੱਚ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਵੱਲੋਂ ਇਸ ਮੌਕੇ ਆਈਆਂ ਸ਼ਖ਼ਸੀਅਤਾਂ ਤੇ ਸੰਗਤਾਂ ਦਾ ਧੰਨਵਾਦ ਤੇ ਸਨਮਾਨ ਕਰਦਿਆਂ ਸਿੰਘ ਸਾਹਿਬ ਗਿ. ਅਮਰਜੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਸਿੰਘ ਸਾਹਿਬ ਗਿ. ਟੇਕ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

## ਸੰਗਰੂਰ ਦੇ ਆਂਗਣਵਾੜੀ ਕੇਂਦਰਾਂ 'ਚ ਈ ਸੀ ਸੀ ਈ ਦਿਵਸ ਮਨਾਇਆ

**ਸੰਗਰੂਰ (ਪ੍ਰਵੀਨ ਸਿੰਘ)**-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਹਿੱਤ ਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਸੰਗਰੂਰ ਅਨੁਪ੍ਰੀਆ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ਦੇ ਸਮੂਹ ਆਂਗਣਵਾੜੀ ਕੇਂਦਰਾਂ 'ਚ ਮਹੀਨਾਵਾਰ ਅਰਲੀ ਚਾਇਲਡਹੁੱਡ ਕੇਅਰ ਐਂਡ ਐਜੂਕੇਸ਼ਨ ਦਿਵਸ ਬੜੇ ਉਤਸ਼ਾਹ ਤੇ ਸਰਗਰਮ ਭਾਗੀਦਾਰੀ ਨਾਲ ਮਨਾਇਆ ਗਿਆ।ਇਸ ਦੌਰਾਨ 0 ਤੋਂ 6 ਸਾਲ ਤੱਕ ਦੇ ਬੱਚਿਆਂ ਲਈ ਵੱਖ-ਵੱਖ ਰੁਚਿਕਰ, ਮਨੋਰੰਜਕ ਤੇ ਸਿੱਖਣਯੋਗ ਗਤੀਵਿਧੀਆਂ ਕਰਾਈਆਂ ਗਈਆਂ, ਜਿਨ੍ਹਾਂ ਰਾਹੀਂ ਬੱਚਿਆਂ ਦੇ ਬੌਧਿਕ, ਮਾਨਸਿਕ ਤੇ ਰਚਨਾਤਮਕ ਵਿਕਾਸ ਨੂੰ ਉਤਸ਼ਾਹਤ ਕੀਤਾ ਗਿਆ।ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਬੱਚਿਆਂ ਨੂੰ ਪੱਤਿਆਂ, ਰੰਗਾਂ, ਕਾਗਜ਼ ਦੇ ਟੁਕੜਿਆਂ ਅਤੇ ਹੋਰ ਸਿੱਖਣ ਸਮੱਗਰੀ ਦੀ ਵਰਤੋਂ ਕਰਕੇ ਖੇਡ-ਅਧਾਰਤ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਗਿਆ। ਬੱਚਿਆਂ ਨੂੰ ਖੇਡ-ਖੇਡ ਵਿੱਚ ਰੰਗਾਂ ਨਾਲ ਆਕ੍ਰਿਤੀਆਂ ਤਿਆਰ ਕਰਾਈਆਂ ਗਈਆਂ ਤੇ ਕਾਗਜ਼ ਦੇ ਵੱਖ-ਵੱਖ ਟੁਕੜਿਆਂ ਨਾਲ ਰਚਨਾਤਮਕ ਕਿਰਿਆਵਾਂ ਕਰਾਈਆਂ ਗਈਆਂ, ਜਿਸ ਵਿੱਚ ਬੱਚਿਆਂ ਨੇ ਬਹੁਤ ਉਤਸ਼ਾਹ ਅਤੇ ਰੁਚੀ ਨਾਲ ਭਾਗ ਲਿਆ।ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਦੀ ਸਿੱਖਣ ਸਮਰੱਥਾ, ਸਾਂਝੀ ਭਾਗੀਦਾਰੀ ਤੇ ਸਿਰਜਣਾਤਮਕ ਯੋਗਤਾਵਾਂ ਵਿੱਚ ਵਾਧਾ ਹੋਇਆ।ਕੇਂਦਰਾਂ ਵਿੱਚ ਬੱਚਿਆਂ ਦੀ ਭਾਗੀਦਾਰੀ ਨੂੰ ਉਤਸ਼ਾਹਤ ਕਰਨ ਲਈ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ਤੇ ਮਾਪਿਆਂ ਨੇ ਵੀ ਬੜੇ ਉਤਸ਼ਾਹ ਨਾਲ ਹਾਜ਼ਰੀ ਭਰਦਿਆਂ ਵਿਭਾਗ ਦੀ ਇਸ ਪਹਿਲ ਦੀ ਸ਼ਲਾਘਾ ਕੀਤੀ।

## ਭਾਜਪਾ ਤੇ ਸਮਾਜਿਕ ਜਥੇਬੰਦੀਆਂ ਦੇ ਕਈ ਆਗੂ ਅਕਾਲੀ ਦਲ 'ਚ ਸ਼ਾਮਲ



**ਦੋਰਾਹਾ (ਹਰਮਿੰਦਰ ਸੇਠ)**

ਹਲਕਾ ਪਾਇਲ ਦੀ ਸਿਆਸਤ ਵਿੱਚ ਉਸ ਸਮੇਂ ਇੱਕ ਅਹਿਮ ਮੋੜ ਆਇਆ, ਜਦੋਂ ਭਾਜਪਾ ਤੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਨਾਲ ਸਬੰਧਤ ਕਈ ਪ੍ਰਮੁੱਖ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਦਾਮਨ ਫੜ ਲਿਆ।ਇਹ ਸ਼ਮੂਲੀਅਤ ਪਾਰਟੀ ਦੇ ਚੰਡੀਗੜ੍ਹ ਸਥਿਤ ਮੁੱਖ ਦਫ਼ਤਰ ਵਿੱਚ ਕਰਾਏ ਗਏ ਇੱਕ ਵਿਸ਼ੇਸ਼ ਸਮਾਗਮ ਦੌਰਾਨ ਹੋਈ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਨਵੇਂ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕੀਤਾ।ਸਮਾਗਮ ਹਲਕਾ ਪਾਇਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਤੇਜ਼-ਤਰਾਰ ਆਗੂ ਨੀਤੂ ਸਿੰਘ ਤੇ ਹਲਕਾ ਇੰਚਾਰਜ ਮਨਜੀਤ ਸਿੰਘ ਮਦਨੀਪੁਰ ਦੀ ਅਗਵਾਈ ਹੇਠ ਆਯੋਜਤ ਕੀਤਾ ਗਿਆ।ਸੁਖਜੀਤ ਸਿੰਘ ਸੁੱਖਾ, ਸਾਬਕਾ ਸੂਬਾ ਸਕੱਤਰ ਓਬੀਸੀ ਮੋਰਚਾ ਭਾਜਪਾ ਪੰਜਾਬ, ਐਡਵੋਕੇਟ ਰਵਿੰਦਰ ਸਿੰਘ ਮਲੌਦ ਸਾਬਕਾ ਮੰਡਲ ਪ੍ਰਧਾਨ ਭਾਜਪਾ, ਬਲਦੇਵ ਸਿੰਘ ਮਲੌਦ, ਪ੍ਰਦੀਪ ਅੰਬੇਡਕਰ ਪੰਜਾਬ ਪ੍ਰਧਾਨ ਸ੍ਰਿਸ਼ਟੀਕਰਤਾ ਵਾਲਮੀਕਿ ਐਜੂਕੇਸ਼ਨਲ ਫਾਊਂਡੇਸ਼ਨ, ਪ੍ਰਧਾਨ ਪੰਕਜ ਗਿੱਲ ਰਾਸ਼ਟਰੀ ਸੰਯੁਕਤ ਮੰਤਰੀ, ਰਾਹੁਲ ਅਛੂਤ ਰਾਸ਼ਟਰੀ ਸੰਚਾਲਕ ਤੇ ਵੀਰ ਕਰਨ ਸਮੇਤ ਕਈ ਹੋਰ ਆਗੂਆਂ ਨੇ ਅਕਾਲੀ ਦਲ ਵਿੱਚ ਆਪਣੀ ਸ਼ਮੂਲੀਅਤ ਦਾ ਐਲਾਨ ਕੀਤਾ।ਪਾਰਟੀ ਵਿੱਚ ਸ਼ਾਮਲ ਆਗੂਆਂ ਨੇ ਕਿਹਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਲੋਕ-ਹਿਤੈਸ਼ੀ ਨੀਤੀਆਂ, ਪੰਜਾਬ ਤੇ ਪੰਜਾਬੀਅਤ ਲਈ ਕੀਤੇ ਜਾ ਰਹੇ ਸੰਘਰਸ਼ ਅਤੇ ਪੰਥਕ ਸੋਚ ਤੋਂ ਪ੍ਰਭਾਵਤ ਹੋ ਕੇ ਪਾਰਟੀ ਨਾਲ ਜੁੜੇ ਹਨ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਦੇ ਹੱਕਾਂ ਤੇ ਸੂਬੇ ਦੀ ਤਰੱਕੀ ਲਈ ਮਜ਼ਬੂਤ ਤੇ ਸਿਧਾਂਤਕ ਆਵਾਜ਼ ਦੀ ਲੋੜ ਹੈ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਬਖੂਬੀ ਨਿਭਾ ਰਿਹਾ ਹੈ।ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ, ਪੰਜਾਬੀਅਤ ਤੇ ਪੰਥ ਦੀ ਚੜ੍ਹਦੀ ਕਲਾ ਲਈ ਵਚਨਬੱਧ ਰਹੀ ਹੈ।ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਆਗੂ ਤੇ ਵਰਕਰ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਸਾਰਿਆਂ ਨੂੰ ਨਾਲ ਲੈ ਕੇ ਚੱਲਿਆ ਜਾਵੇਗਾ।

## ਸਫ਼ਾਈ ਮੁਲਾਜ਼ਮਾਂ ਦੀ ਹੜਤਾਲ 6ਵੇਂ ਦਿਨ 'ਚ ਦਾਖਲ

**ਬੋਹਾ (ਨਿਰੰਜਣ ਬੋਹਾ)** ਨਗਰ ਪੰਚਾਇਤ ਦੇ ਸਫ਼ਾਈ ਕਮਚਾਰੀਆਂ ਵੱਲੋਂ ਸਫ਼ਾਈ ਦੇ ਕੰਮ ਬਿਲਕੁਲ ਠੱਪ ਕਰ ਦਿੱਤੇ ਗਏ ਹਨ।ਮਿਊਂਸਪਲ ਵਰਕਰ ਫੈਡਰੇਸ਼ਨ ਦੇ ਆਗੂ ਆਸ਼ੂ ਕੁਮਾਰ, ਬਲਵੀਰ ਸਿੰਘ, ਅੰਗਰੇਜ਼ ਸਿੰਘ, ਦਵਿੰਦਰ ਪਾਲ ਸਿੰਘ, ਅਜੈ ਕੁਮਾਰ, ਅਮਨਦੀਪ ਸਿੰਘ, ਸਫ਼ਾਈ ਸੇਵਕ ਯੂਨੀਅਨ ਦੇ ਪ੍ਰਧਾਨ ਸੇਵਕ ਸਿੰਘ, ਧਰਮਪਾਲ ਸਿੰਘ, ਮੋਹਨਾ ਸਿੰਘ, ਰਜਿੰਦਰ ਸਿੰਘ ਤੇ ਲਾਲਾ ਰਾਮ ਨੇ ਦੱਸਿਆ ਕਿ ਸਰਕਾਰ ਵੱਲੋਂ ਸਾਡੀਆਂ ਮੰਗਾਂ ਨਾ ਮੰਨੀਆਂ ਜਾਣ ਕਾਰਨ ਇਹ ਅਨਮਿੱਥੇ ਸਮੇਂ ਲਈ ਇਹ ਹੜਤਾਲ ਜਾਰੀ ਹੈ।ਉਨ੍ਹਾਂ ਕਿਹਾ ਕਿ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨਾ ਸਾਡੀਆਂ ਅਹਿਮ ਮੰਗਾਂ ਹਨ।ਜਿੰਨੇ ਸਮੇਂ ਤੱਕ ਇਹ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਸਾਡੀ ਹੜਤਾਲ ਜਾਰੀ ਰਹੇਗੀ।

## ਦਸਵੀਂ ਦੇ ਨਤੀਜੇ 'ਚ ਐੱਸ ਬੀ ਐੱਸ ਦਾ ਵਿਦਿਆਰਥੀ ਜ਼ਿਲ੍ਹੇ 'ਚੋਂ ਅੱਵਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੋਮਵਾਰ ਐਲਾਨੇ ਦਸਵੀਂ ਕਲਾਸ ਦੇ ਨਤੀਜੇ ਵਿੱਚ ਐੱਸ. ਬੀ. ਐੱਸ. ਪਬਲਿਕ ਸਕੂਲ ਖ਼ੁਸ਼ਹਾਲ ਸਿੰਘ ਵਾਲਾ ਦੇ ਹੋਣਹਾਰ ਵਿਦਿਆਰਥੀ ਬਲਕਰਨਜੀਤ ਸਿੰਘ ਪੁੱਤਰ ਸੁਖਵੰਤ ਸਿੰਘ ਨੇ 639/650(98.31 ਪ੍ਰਤੀਸਤ) ਅੰਕ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚੋਂ ਪਹਿਲਾ ਤੇ ਪੰਜਾਬ ਵਿੱਚੋਂ ਛੇਵਾਂ ਰੈਂਕ ਹਾਸਲ ਕਰਕੇ ਆਪਣੇ ਮਾਤਾ-ਪਿਤਾ, ਅਧਿਆਪਕਾਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਵਿਦਿਆਰਥੀ ਯਸ਼ਮੀਤ ਸਿੰਘ ਨੇ 614 (94.4 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਸਾਹਿਬ ਸਿੰਘ ਨੇ 611(94 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ ਹੈ। ਅਨੁਰੀਤ ਕੌਰ ਨੇ 91.8 ਪ੍ਰਤੀਸ਼ਤ, ਅਭਿਜੋਤ ਸਿੰਘ ਨੇ 91.5 ਪ੍ਰਤੀਸ਼ਤ ਅੰਕ ਤੇ ਜਸ਼ਨਪ੍ਰੀਤ ਕੌਰ, ਗੁਰਸੇਵਕ ਸਿੰਘ, ਵੰਸ਼ਦੀਪ ਸਿੰਘ ਨੇ 90 ਪ੍ਰਤੀਸ਼ਤ ਅੰਕ ਹਾਸਲ ਕੀਤੇ। ਸਾਰੇ ਵਿਦਿਆਰਥੀਆਂ ਨੇ 85 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮਨਜੀਤ ਸਿੰਘ ਵਿਰਕ, ਸਕੂਲ ਇੰਚਾਰਜ ਮੈਡਮ ਪਰਮਜੀਤ ਕੌਰ ਵਿਰਕ, ਚੇਅਰਮੈਨ ਇੰਦਰਜੀਤ ਸਿੰਘ ਵਿਰਕ, ਗੁਰਜੀਤ ਕੌਰ ਵਿਰਕ ਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਜੀਵਨ ਵਿੱਚ ਮਿਹਨਤ ਕਰਨ, ਮਾਤਾ-ਪਿਤਾ ਦਾ ਸਤਿਕਾਰ ਕਰਨ ਤੇ ਉਨ੍ਹਾਂ ਦਾ ਨਾਮ ਰੌਸ਼ਨ ਕਰਨ ਦੀ ਪ੍ਰੇਰਣਾ ਦਿੱਤੀ। ਪ੍ਰਿੰਸੀਪਲ ਮਨਜੀਤ ਸਿੰਘ ਵਿਰਕ ਵੱਲੋਂ ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

## ਸੀ ਐੱਨ ਜੀ ਵਾਲੇ ਕੈਂਟਰ ਨੂੰ ਲੱਗੀ ਭਿਆਨਕ ਅੱਗ, 5 ਲੱਖ ਦਾ ਨੁਕਸਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ)**-ਸ੍ਰੀ ਮੁਕਸਤਰ ਸਾਹਿਬ ਦੇ ਬਠਿੰਡਾ ਬਾਈਪਾਸ ਗੋਲ ਚੌਂਕ ਨਜ਼ਦੀਕ ਤਨੇਜਾ ਪੈਟਰੋਲ ਪੰਪ ਦੇ ਸਾਹਮਣੇ ਇੱਕ ਸੀਐੱਨਜੀ ਵਾਲੇ ਕੈਂਟਰ ਨੂੰ ਅਚਾਨਕ ਅੱਗ ਲੱਗਣ ਕਾਰਨ ਹਰ ਪਾਸੇ ਹੜਕੰਪ ਦਾ ਮਾਹੌਲ ਪੈਦਾ ਹੋ ਗਿਆ।ਉਧਰ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਤੇ ਸਿਵਲ ਪ੍ਰਸ਼ਾਸਨ ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ।ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਵੀ ਤੁਰੰਤ ਬੁਲਾਇਆ ਗਿਆ।ਫਾਇਰ ਬ੍ਰਿਗੇਡ ਦੀਆਂ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਬੜੀ ਮੁਸ਼ਤੈਦੀ ਨਾਲ ਅੱਗ 'ਤੇ ਕਾਬੂ ਪਾਇਆ ਤੇ ਵੱਡੇ ਹਾਦਸੇ ਨੂੰ ਟਾਲ ਦਿੱਤਾ।ਸੁਰੱਖਿਆ ਦੇ ਮੱਦੇਨਜ਼ਰ ਜ਼ਿਲ੍ਹਾ ਟ੍ਰੈਫਿਕ ਪੁਲਸ ਵੱਲੋਂ ਬਠਿੰਡਾ ਬਾਈਪਾਸ ਚੌਕ ਦੇ ਆਲੇ-ਦੁਆਲੇ ਹਰ ਪਾਸੇ ਤੋਂ ਟ੍ਰੈਫਿਕ ਰੋਕ ਦਿੱਤਾ ਗਿਆ, ਜਿਸ ਕਾਰਨ ਸੜਕਾਂ 'ਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ।ਰਾਹਤ ਦੀ ਗੱਲ ਇਹ ਰਹੀ ਕਿ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।ਫਾਇਰ ਬ੍ਰਿਗੇਡ ਦੀ ਤੁਰੰਤ ਕਾਰਵਾਈ ਤੇ ਪ੍ਰਸ਼ਾਸਨ ਦੀ ਸਚੇਤਤਾ ਕਾਰਨ ਅੱਗ 'ਤੇ ਸਮੇਂ ਸਿਰ ਕਾਬੂ ਪਾ ਲਿਆ ਗਿਆ।ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਉਧਰ ਕੈਂਟਰ ਡਰਾਈਵਰ ਰਾਕੇਸ਼ ਨੇ ਦੱਸਿਆ ਕਿ ਉਹ ਬਠਿੰਡਾ ਤੋਂ ਪਾਵਰਕਾਮ ਦੇ ਬਿਜਲੀ ਵਾਲੇ ਟਰਾਂਸਫਾਰਮ ਲੈ ਕੇ ਸ੍ਰੀ ਮੁਕਤਸਰ ਸਾਹਿਬ ਆ ਰਿਹਾ ਸੀ, ਜਦੋਂ ਉਹ ਸ੍ਰੀ ਮੁਕਸਤਰ ਸਾਹਿਬ ਦੇ ਬਠਿੰਡਾ ਬਾਈਪਾਸ ਚੌਕ ਨਜ਼ਦੀਕ ਪੁੱਜਾ ਤਾਂ ਬੈਟਰੀ ਤੋਂ ਹੋਏ ਸ਼ਾਰਟ ਸਰਕਟ ਕਾਰਨ ਉਸ ਦੀ ਗੱਡੀ ਨੂੰ ਅਚਾਨਕ ਅੱਗ ਲੱਗ ਗਈ, ਜਿਸ ਦੇ ਚੱਲਦਿਆਂ ਉਹ ਗੱਡੀ ਵਿੱਚੋਂ ਛਾਲ ਮਾਰ ਗਿਆ, ਜਿਸ ਕਾਰਨ ਉਸ ਦੀ ਜਾਨ ਬਚ ਗਈ। ਰਾਕੇਸ਼ ਨੇ ਇਸ ਹਾਦਸੇ 'ਚ ਕਰੀਬ 5 ਲੱਖ ਰੁਪਏ ਦਾ ਨੁਕਸਾਨ ਹੋਣ ਦਾ ਅੰਦਾਜ਼ਾ ਲਗਾਇਆ।ਉਸ ਨੇ ਦੱਸਿਆ ਕਿ ਇਹ ਟਰਾਂਸਫਾਰਮਰ ਉਸ ਨੇ ਮੁਕਤਸਰ ਦੇ ਬਿਜਲੀ ਘਰ ਵਿੱਚ ਪਹੁੰਚਾਉਣੇ ਸਨ।

## ਕਾਂਗਰਸੀ ਆਗੂ ਦੌਲਤਪੁਰ ਨੂੰ ਮੁੜ ਮਿਲੀ ਜਾਨੋਂ ਮਾਰਨ ਦੀ ਧਮਕੀ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਅੱਜ ਆਪਣੇ ਸ਼ੋਸ਼ਲ ਮੀਡੀਆ ਪੇਜ ਤੋਂ ਲਾਈਵ ਹੁੰਦਿਆਂ ਲੰਘੀ 4 ਮਈ ਨੂੰ ਇੱਕ ਵਾਰ ਫਿਰ ਵਿਦੇਸ਼ੀ ਨੰਬਰ ਤੋਂ ਜਾਨੋਂ ਮਾਰਨ ਦੀ ਧਮਕੀ ਮਿਲਣ ਕਰਕੇ ਆਪਣੀ ਜਾਨ ਦਾ ਖਦਸ਼ਾ ਪ੍ਰਗਟਾਇਆ ਹੈ।ਜ਼ਿਕਰਯੋਗ ਹੈ ਕਿ ਸ੍ਰੀ ਦੌਲਤਪੁਰ ਨੂੰ ਨਿਸ਼ਾਨਾ ਬਣਾ ਕੇ ਦਿੱਤੀ ਗਈ ਇਹ ਦੂਜੀ ਧਮਕੀ ਹੈ, ਜਿਸ ਕਾਰਨ ਉਨ੍ਹਾਂ ਦੇ ਪਰਵਾਰ ਤੇ ਸਮਰਥਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਦੌਲਤਪੁਰ ਨੂੰ ਅੱਜ ਸਵੇਰੇ ਇੱਕ ਅੰਤਰਰਾਸ਼ਟਰੀ ਨੰਬਰ ਤੋਂ ਫੋਨ ਆਇਆ, ਜਿਸ ਵਿੱਚ ਧਮਕੀ ਦੇਣ ਵਾਲੇ ਵਿਅਕਤੀ ਨੇ ਅਤਿ ਘਿਨਾਉਣੀ ਭਾਸ਼ਾ ਦਾ ਇਸਤੇਮਾਲ ਕਰਦਿਆਂ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਗੱਲ ਕਹੀ।ਦੱਸਣਯੋਗ ਹੈ ਕਿ ਅਜੇ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੂੰ ਇਸੇ ਤਰ੍ਹਾਂ ਦੀ ਇੱਕ ਹੋਰ ਧਮਕੀ ਮਿਲੀ ਸੀ, ਜਿਸ ਬਾਰੇ ਉਨ੍ਹਾਂ ਨੇ ਤੁਰੰਤ ਪੁਲਸ ਪ੍ਰਸ਼ਾਸਨ ਤੇ ਉੱਚ ਅਧਿਕਾਰੀਆਂ ਨੂੰ ਲਿਖਤੀ ਰੂਪ ਵਿੱਚ ਜਾਣੂ ਕਰਵਾਇਆ ਸੀ।ਮੀਡੀਆ ਨਾਲ ਗੱਲਬਾਤ ਕਰਦਿਆਂ ਹਰਦੀਪ ਸਿੰਘ ਦੌਲਤਪੁਰ ਨੇ ਕਿਹਾ ਕਿ ਵਾਰ-ਵਾਰ ਮਿਲ ਰਹੀਆਂ ਧਮਕੀਆਂ ਨੇ ਉਨ੍ਹਾਂ ਦੀ ਜਾਨ ਨੂੰ ਸਿੱਧੇ ਖ਼ਤਰੇ ਵਿੱਚ ਪਾ ਦਿੱਤਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਪਹਿਲੀ ਸ਼ਿਕਾਇਤ ਦੇ ਬਾਵਜੂਦ ਪੰਜਾਬ ਪੁਲਸ ਵੱਲੋਂ ਉਨ੍ਹਾਂ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਨਹੀਂ ਕਰਵਾਈ ਗਈ, ਜੋ ਕਿ ਸਰਕਾਰ ਤੇ ਪ੍ਰਸ਼ਾਸਨ ਦੀ ਵੱਡੀ ਨਾਕਾਮੀ ਹੈ।ਉਨ੍ਹਾਂ ਸਵਾਲ ਕੀਤਾ ਕਿ ਜੇਕਰ ਕਿਸੇ ਸਿਆਸੀ ਆਗੂ ਨਾਲ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਉਸ ਦਾ ਜ਼ਿੰਮੇਵਾਰ ਕੌਣ ਹੋਵੇਗਾ ? ਉਨ੍ਹਾ ਮੰਗ ਕੀਤੀ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਤੇ ਧਮਕੀਆਂ ਦੇਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਜਲਦ ਤੋਂ ਜਲਦ ਬੇਪਰਦ ਕਰ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇ।

YES BANK

Regd.Off: Yes Bank House, Off Western Express Highway, Santacruz East, Mumbai–400055
Branch Office: Panipat website: www.yesbank.in

**ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਅਰਥਾਤ ਸਕਿਓਰਡ ਕ੍ਰੈਡਿਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਕਿ ਸਕਿਓਰਡ ਕ੍ਰੈਡਿਟਰ ਵੱਲੋਂ (1) ਹਰਜਿੰਦਰ ਸਿੰਘ (ਕਰਜ਼ਦਾਰ) ਪੁੱਤਰ ਚਮਕੌਰ ਸਿੰਘ ਪਤਾ : ਮਕਾਨ ਨੰ. 165, ਗਲੀ ਨੰ. 02, ਨੇੜੇ ਨਥੂਰਾ ਪੇਪਰ ਮਿੱਲ, ਸਾਹਨੇਵਾਲ ਰੋਡ, ਲੁਧਿਆਣਾ, ਪੰਜਾਬ-141014, ਨਾਲ ਹੀ : ਨੇੜੇ ਆਟਾ ਚੱਕੀ ਹਰੀਏਵਾਲਾ, ਮੋਗਾ, ਪੰਜਾਬ-142038, ਨਾਲ ਹੀ : ਫੋਰਜ਼ ਆਟੋ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ, ਮਾਛੀਵਾੜਾ ਰੋਡ, ਕੋਹਾੜਾ, ਪੰਜਾਬ-141112 (2) ਜਸਮੀਨ ਕੌਰ ਬਰਾੜ (ਸਹਿ-ਕਰਜ਼ਦਾਰ ਅਤੇ /ਜਾਂ ਰਹਿਣਕਾਰ) ਪਤਨੀ ਹਰਜਿੰਦਰ ਸਿੰਘ ਪਤਾ : ਮਕਾਨ ਨੰ. 165, ਗਲੀ ਨੰ. 02, ਨੇੜੇ ਨਥੂਰਾ ਪੇਪਰ ਮਿੱਲ, ਸਾਹਨੇਵਾਲ ਰੋਡ, ਲੁਧਿਆਣਾ, ਪੰਜਾਬ-141014, ਨਾਲ ਹੀ : 04 ਸਾਹਮਣੇ ਸਚਦੇਵਾ ਇਲੈਕਟ੍ਰੋਨਿਕ, 33 ਫੁੱਟ ਰੋਡ, ਮੁੰਡੀਆਂ ਕਲਾਂ 33 ਫੁੱਟ ਰੋਡ, ਪਿੰਨ ਕੋਡ 141001 ਤੋਂ ਠੇਕਾ ਦਰ ਅਤੇ ਹੋਰ ਵਿਆਜ ਅਤੇ ਖਰਚਿਆਂ ਸਮੇਤ ਮਿਤੀ 24-06-2025 ਨੂੰ ਬਕਾਇਆ ਰਕਮ ਰੁਪਏ 12,52,048.17 /- (ਬਾਰਾਂ ਲੱਖ ਬਵੰਜਾ ਹਜ਼ਾਰ ਅਠਤਾਲੀ ਰੁਪਏ ਅਤੇ ਸਤਾਰਾਂ ਪੈਸੇ ਕੇਵਲ) ਦੀ ਵਸੂਲੀ ਲਈ ਮਿਤੀ 17 ਜੂਨ 2026 ਨੂੰ "ਜਿਵੇਂ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।
ਰਾਖਵੀਂ ਕੀਮਤ ਰੁਪਏ 10,23,000/- (ਦਸ ਲੱਖ ਤੇਈ ਹਜ਼ਾਰ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਜਮ੍ਹਾਂ ਰੁਪਏ 1,02,300/- (ਇੱਕ ਲੱਖ ਦੋ ਹਜ਼ਾਰ ਤਿੰਨ ਸੌ ਰੁਪਏ ਕੇਵਲ) ਹੋਵੇਗੀ।

**ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਪਲਾਟ ਨੰ. 226, ਖੇਤਰ ਰਕਬਾ 50 ਵਰਗ ਗਜ਼, ਖਸਰਾ ਨੰ. 66//12, 13,14, 15, 16, 17, 18, 19, 25/1, 67//21/1, 11, 20, ਖੱਤਾ ਨੰ. 290/318, ਸਫਾ ਨੰ. 671, ਜਮ੍ਹਾਂਬੰਦੀ ਸਾਲ 2008-09, ਹੱਦਬਸਤ ਨੰ. 181, ਭਾਮੀਆਂ ਕਲਾਂ ਵਿਖੇ ਸਥਿਤ, ਅਬਾਦੀ ਗਾਰਡਨ ਸਿਟੀ, ਨੇੜੇ ਜੈਨ ਅਸਟੇਟ, ਬੈਨਾਮਾ ਨੰ. 2022-2023/106/1/3296 ਮਿਤੀ 10-6-2022 ਅਨੁਸਾਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ, ਜਸਮੀਨ ਕੌਰ ਬਰਾੜ ਦੀ ਮਲਕੀਅਤ ਨਾਲ ਸੰਬੰਧਤ ਸਭ ਕੁਝ।
ਈ-ਨਿਲਾਮੀ ਦੀ ਮਿਤੀ ਤੇ ਸਮਾਂ : 17 ਜੂਨ 2026 ਸਵੇਰੇ 11.00 ਵਜੇ ਤੋਂ 2.00 ਵਜੇ ਬਾਅਦ ਦੁਪਹਿਰ 5 ਮਿੰਟਾਂ ਦੇ ਹਰੇਕ ਵਾਧੇ ਨਾਲ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 16 ਜੂਨ 2026 ਸ਼ਾਮ ਦੇ 3.00 ਵਜੇ ਤੱਕ।
ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 15 ਜੂਨ 2026, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਓਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਓਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਅਮਿਤ ਸ਼ਰਮਾ ਨੂੰ 9996467-419 ਜਾਂ ਈ-ਮੇਲ Amit.Sharma62@yesbank ਅਤੇ ਮੈਸ. ਈ-ਪ੍ਰੋਕਿਓਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਦੇ ਅਧਿਕਾਰੀਆਂ, ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀਕਰਤਾ ਦੇ ਸਹਾਇਕ ਨੰਬਰਾਂ +91 9265562821/18 ਅਤੇ 9978591888, 079-68136880/68136837 ਈਮੇਲ : support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888
ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਸਕਿਓਰਡ ਐੱਸਟ ਦੀ ਸਾਡੇ ਵੱਲੋਂ ਵਿਕਰੀ ਜਾਂ ਤਬਾਦਲਾ ਕਰਨ ਸੰਬੰਧੀ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

**ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ**

ਉਪਰੋਕਤ, ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ, ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 30 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।
ਮਿਤੀ : 12 ਮਈ 2026, ਸਥਾਨ : ਲੁਧਿਆਣਾ — ਸਹੀ/- (ਅਧਿਕਾਰਤ ਅਫਸਰ) ਯੈੱਸ ਬੈਂਕ ਲਿਮਟਿਡ

YES BANK

Regd.Off: Yes Bank House, Off Western Express Highway, Santacruz East, Mumbai–400055
Branch Office: Panipat website: www.yesbank.in

**ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਅਰਥਾਤ ਸਕਿਓਰਡ ਕ੍ਰੈਡਿਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਕਿ ਸਕਿਓਰਡ ਕ੍ਰੈਡਿਟਰ ਵੱਲੋਂ (1) ਮੈਸਰਜ਼ ਧੂਣਾ ਧਾਰੀ ਨਿਟਵੇਅਰ (ਕਰਜ਼ਦਾਰ) ਰਾਹੀਂ ਇਸ ਦੇ ਮਾਲਕ ਵਿਨੋਦ ਕੁਮਾਰ ਪਤਾ : ਨੂਰਵਾਲਾ ਰੋਡ 16/17-ਏ, ਇੰਦਰ ਵਿਹਾਰ ਦਸ਼ਮੇਸ਼ ਪੁਰੀ, ਲੁਧਿਆਣਾ, ਪੰਜਾਬ-141001 (2) ਵਿਨੋਦ ਕੁਮਾਰ (ਸਹਿ-ਕਰਜ਼ਦਾਰ ਅਤੇ/ਜਾਂ ਰਹਿਣਕਾਰ) ਮਾਲਕ ਮੈਸ. ਧੂਣਾ ਧਾਰੀ ਨਿਟਵੇਅਰ ਪੁੱਤਰ ਚੰਦਨ ਭਾਨ ਪਤਾ : ਨੂਰਵਾਲਾ ਰੋਡ 16/17-ਏ ਇੰਦਰ ਵਿਹਾਰ, ਦਸ਼ਮੇਸ਼ ਪੁਰੀ, ਲੁਧਿਆਣਾ, ਪੰਜਾਬ-141001, ਨਾਲ ਹੀ : 16-17 ਏ, ਇੰਦਰ ਵਿਹਾਰ ਕਲੋਨੀ, ਬਾਲਾ ਜੀ ਮੰਦਰ ਫਾਂਬੜਾ ਰੋਡ ਲੁਧਿਆਣਾ-141001 (3) ਸ਼ਿਵਾਨੀ (ਸਹਿ-ਕਰਜ਼ਦਾਰ) ਪਤਨੀ ਵਿਨੋਦ ਕੁਮਾਰ ਪਤਾ :16-17-ਏ ਇੰਦਰ ਵਿਹਾਰ ਕਲੋਨੀ, ਨੇੜੇ ਬਾਲਾ ਜੀ ਮੰਦਰ, ਫਾਂਬੜਾ ਰੋਡ, ਲੁਧਿਆਣਾ-141001 ਤੋਂ ਠੇਕਾ ਦਰ ਅਤੇ ਹੋਰ ਵਿਆਜ ਅਤੇ ਖਰਚਿਆਂ ਸਮੇਤ ਮਿਤੀ 06-08-2025 ਨੂੰ ਬਕਾਇਆ ਰਕਮ ਰੁਪਏ 20,02,868 /- (ਵੀਹ ਲੱਖ ਦੋ ਹਜ਼ਾਰ ਅੱਠ ਸੌ ਅਠਾਹਟ ਰੁਪਏ ਅਤੇ ਕੇਵਲ) ਦੀ ਵਸੂਲੀ ਲਈ ਮਿਤੀ 17 ਜੂਨ 2026 ਨੂੰ "ਜਿਵੇਂ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।
ਰਾਖਵੀਂ ਕੀਮਤ ਰੁਪਏ 30,47,000/- (ਤੀਹ ਲੱਖ ਸੰਤਾਲੀ ਹਜ਼ਾਰ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਜਮ੍ਹਾਂ ਰੁਪਏ 3,04,700/- (ਤਿੰਨ ਲੱਖ ਚਾਰ ਹਜ਼ਾਰ ਸੱਤ ਸੌ ਰੁਪਏ ਕੇਵਲ) ਹੋਵੇਗੀ।

**ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ, ਜਾਇਦਾਦ/ਪਲਾਟ ਖੇਤਰ 100 ਵਰਗ ਗਜ਼, ਖਸਰਾ ਨੰ. 11/5, ਖੱਤਾ ਨੰ. 44/47, ਜਮ੍ਹਾਂਬੰਦੀ ਸਾਲ 2007-2008, ਪਿੰਡ ਫਾਂਬੜਾ, ਹੱਦਬਸਤ ਨੰ. 79, ਅਬਾਦੀ ਇੰਦਰ ਵਿਹਾਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਨੋਦ ਕੁਮਾਰ ਦੀ ਮਲਕੀਅਤ ਨਾਲ ਸੰਬੰਧਤ ਸਭ ਕੁਝ।
ਈ-ਨਿਲਾਮੀ ਦੀ ਮਿਤੀ ਤੇ ਸਮਾਂ : 17 ਜੂਨ 2026 ਸਵੇਰੇ 11.00 ਵਜੇ ਤੋਂ 2.00 ਵਜੇ ਬਾਅਦ ਦੁਪਹਿਰ 5 ਮਿੰਟਾਂ ਦੇ ਹਰੇਕ ਵਾਧੇ ਨਾਲ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 16 ਜੂਨ 2026 ਸ਼ਾਮ ਦੇ 3.00 ਵਜੇ ਤੱਕ।
ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 15 ਜੂਨ 2026, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਓਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਓਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਅਮਿਤ ਸ਼ਰਮਾ ਨੂੰ 9996467-419 ਜਾਂ ਈ-ਮੇਲ Amit.Sharma62@yesbank ਅਤੇ ਮੈਸ. ਈ-ਪ੍ਰੋਕਿਓਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਦੇ ਅਧਿ-ਕਾਰੀਆਂ, ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀਕਰਤਾ ਦੇ ਸਹਾਇਕ ਨੰਬਰਾਂ +91 9265562821/18 ਅਤੇ 9978591888, 079-68136880/68136837 ਈਮੇਲ : support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888
ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਸਕਿਓਰਡ ਐੱਸਟ ਦੀ ਸਾਡੇ ਵੱਲੋਂ ਵਿਕਰੀ ਜਾਂ ਤਬਾਦਲਾ ਕਰਨ ਸੰਬੰਧੀ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

**ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ**

ਉਪਰੋਕਤ, ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ, ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 30 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।
ਮਿਤੀ : 12 ਮਈ, 2026, ਸਥਾਨ : ਲੁਧਿਆਣਾ — ਸਹੀ/- (ਅਧਿਕਾਰਤ ਅਫਸਰ) ਯੈੱਸ ਬੈਂਕ ਲਿਮਟਿਡ

YES BANK

Regd.Off: Yes Bank House, Off Western Express Highway, Santacruz East, Mumbai–400055
Branch Office: Panipat website: www.yesbank.in

**ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਅਰਥਾਤ ਸਕਿਓਰਡ ਕ੍ਰੈਡਿਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਕਿ ਸਕਿਓਰਡ ਕ੍ਰੈਡਿਟਰ ਵੱਲੋਂ (1) ਨਿਸ਼ਾਂਤ ਸਟੀਲ ਇੰਡਸਟ੍ਰੀਜ਼ ਰਾਹੀਂ ਇਸ ਦੇ ਮਾਲਕ ਸਤੀਸ਼ ਬਾਂਸਲ ਪਤਾ : ਡੀ-49, ਫੇਜ਼ V ਲੁਧਿਆਣਾ, ਪੰਜਾਬ-141010 (ਕਰਜ਼ਦਾਰ) (2) ਸਤੀਸ਼ ਬਾਂਸਲ ਪੁੱਤਰ ਨੱਥੂ ਰਾਮ ਬਾਂਸਲ, ਮਕਾਨ ਨੰ. 196, ਕਿਦਵਈ ਨਗਰ, ਲੁਧਿਆਣਾ, ਪੰਜਾਬ-141008 (ਸਹਿ-ਕਰਜ਼ਦਾਰ ਅਤੇ ਰਹਿਣਕਾਰ) (3) ਸ਼ਾਲੂ ਬਾਂਸਲ ਪਤਨੀ ਸਤੀਸ਼ ਬਾਂਸਲ ਪਤਾ : ਮਕਾਨ ਨੰ. 196, ਵਾਰਡ ਨੰ. 42, ਕਿਦਵਈ ਨਗਰ, ਲੁਧਿਆਣਾ, ਪੰਜਾਬ 141008 (ਸਹਿ-ਕਰਜ਼ਦਾਰ) ਤੋਂ ਠੇਕਾ ਦਰ ਅਤੇ ਹੋਰ ਵਿਆਜ ਅਤੇ ਖਰਚਿਆਂ ਸਮੇਤ ਮਿਤੀ 10 ਮਾਰਚ 2025 ਨੂੰ ਬਕਾਇਆ ਨਿਕਲਦੀ ਰਕਮ ਰੁਪਏ 1,15,04,002.21/- (ਇੱਕ ਕਰੋੜ ਪੰਦਰਾਂ ਲੱਖ ਚਾਰ ਹਜ਼ਾਰ ਦੋ ਰੁਪਏ ਅਤੇ ਇੱਕੀ ਪੈਸੇ ਕੇਵਲ) ਦੀ ਵਸੂਲੀ ਲਈ ਮਿਤੀ 17 ਜੂਨ 2026 ਨੂੰ "ਜਿਵੇਂ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।
ਰਾਖਵੀਂ ਕੀਮਤ ਰੁਪਏ 82,00,000/- (ਬਿਆਸੀ ਲੱਖ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਜਮ੍ਹਾਂ ਰੁਪਏ 8,20,000/- (ਅੱਠ ਲੱਖ ਵੀਹ ਹਜ਼ਾਰ ਰੁਪਏ ਕੇਵਲ) ਹੋਵੇਗੀ।

**ਜਾਇਦਾਦ ਦਾ ਵੇਰਵਾ**

ਗੈਰ ਖੇਤੀਬਾੜੀ ਵਾਲੀ ਜਾਇਦਾਦ, ਜੋ ਕਿ ਮਕਾਨ ਨੰ. ਬੀ-14-2703/19 ਬੀ ਜਾਇਦਾਦ ਰਕਬਾ 133.33 ਪਿੰਡ ਤਰਫ ਸੈਦਾਂ ਵਿਖੇ ਸਥਿਤ, ਹੱਦਬਸਤ ਨੰ. 172, ਅਬਾਦੀ ਕਿਦਵਈ ਨਗਰ ਵਜੋਂ ਜਾਣੀ ਜਾਂਦੀ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ।
ਈ-ਨਿਲਾਮੀ ਦੀ ਮਿਤੀ ਤੇ ਸਮਾਂ : 17 ਜੂਨ 2026 ਸਵੇਰੇ 11.00 ਵਜੇ ਤੋਂ 2.00 ਵਜੇ ਬਾਅਦ ਦੁਪਹਿਰ 5 ਮਿੰਟਾਂ ਦੇ ਹਰੇਕ ਵਾਧੇ ਨਾਲ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 16 ਜੂਨ 2026 ਸ਼ਾਮ ਦੇ 3.00 ਵਜੇ ਤੱਕ।
ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 15 ਜੂਨ 2026, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਓਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਓਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਅਮਿਤ ਸ਼ਰਮਾ ਨੂੰ 9996467-419 ਜਾਂ ਈ-ਮੇਲ Amit.Sharma62@yesbank ਅਤੇ ਮੈਸ. ਈ-ਪ੍ਰੋਕਿਓਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਦੇ ਅਧਿਕਾਰੀਆਂ, ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀਕਰਤਾ ਦੇ ਸਹਾਇਕ ਨੰਬਰਾਂ +91 9265562821/18 ਅਤੇ 9978591888, 079-68136880/68136837 ਈਮੇਲ : support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888
ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਸਕਿਓਰਡ ਐੱਸਟ ਦੀ ਸਾਡੇ ਵੱਲੋਂ ਵਿਕਰੀ ਜਾਂ ਤਬਾਦਲਾ ਕਰਨ ਸੰਬੰਧੀ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

**ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ**

ਉਪਰੋਕਤ, ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ, ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 30 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।
ਮਿਤੀ : 12 ਮਈ, 2026 — ਸਹੀ/- (ਅਧਿਕਾਰਤ ਅਫਸਰ)
ਸਥਾਨ : ਲੁਧਿਆਣਾ — ਯੈੱਸ ਬੈਂਕ ਲਿਮਟਿਡ

YES BANK

Regd.Off: Yes Bank House, Off Western Express Highway, Santacruz East, Mumbai–400055
Branch Office: Panipat website: www.yesbank.in

**ਅਚੱਲ ਜਾਇਦਾਦ ਦੀ ਵਿਕਰੀ ਲਈ ਵਿਕਰੀ ਨੋਟਿਸ**

ਸਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈ ਅਚੱਲ ਜਾਇਦਾਦ, ਜਿਸ ਦਾ ਯੈੱਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਅਰਥਾਤ ਸਕਿਓਰਡ ਕ੍ਰੈਡਿਟਰ ਵੱਲੋਂ ਭੌਤਿਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ ਕਿ ਸਕਿਓਰਡ ਕ੍ਰੈਡਿਟਰ ਵੱਲੋਂ (1) ਓਮੇਸ਼ ਯਾਦਵ ਮਾਰਫਤ ਆਧਿਆ ਪ੍ਰਸਾਦ ਪਤਾ ਪਲਾਟ ਨੰ. 31 ਮਿੰਨ, 33 ਫੁੱਟ ਰੋਡ, ਨਿਊ ਸੁੰਦਰ ਨਗਰ, ਬੈਂਕ ਕਲੋਨੀ, ਮੁੰਡੀਆਂ ਕਲਾਂ, ਲੁਧਿਆਣਾ-141015 (ਕਰਜ਼ਦਾਰ) (2) ਕੇ ਐੱਮ ਸਵਿਤਰੀ ਮਾਰਫਤ ਓਮੇਸ਼ ਯਾਦਵ ਪਤਾ : ਜੰਗਲ ਝੁੰਝਾਵਾ ਟੋਲਾ ਮੰਗਲਪੁਰ, ਡਾਕ. ਪੀਪੀਗੰਜ, ਜੰਗਲ ਝੁੰਝਾਵਾ, ਗੋਰਖਪੁਰ, ਉੱਤਰ ਪ੍ਰਦੇਸ਼-273165 ("ਸਹਿ-ਕਰਜ਼ਦਾਰ ਅਤੇ ਰਹਿਣਕਾਰ") ਤੋਂ ਠੇਕਾ ਦਰ ਅਤੇ ਹੋਰ ਵਿਆਜ ਅਤੇ ਖਰਚਿਆਂ ਸਮੇਤ ਮਿਤੀ 14 ਮਈ 2025 ਨੂੰ ਬਕਾਇਆ ਨਿਕਲਦੀ ਰਕਮ ਰੁਪਏ 23,95,326,09 /- (ਤੇਈ ਲੱਖ ਪਚੰਨਵੇਂ ਹਜ਼ਾਰ ਤਿੰਨ ਸੌ ਛੱਬੀ ਰੁਪਏ ਅਤੇ ਨੌਂ ਪੈਸੇ ਕੇਵਲ) ਦੀ ਵਸੂਲੀ ਲਈ ਮਿਤੀ 17 ਜੂਨ 2026 ਨੂੰ "ਜਿਵੇਂ ਹੈ ਜਿੱਥੇ ਹੈ", "ਜੋ ਵੀ ਹੈ ਜਿਵੇਂ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ।
ਰਾਖਵੀਂ ਕੀਮਤ ਰੁਪਏ 19,33,000/- (ਉੱਨੀ ਲੱਖ ਤੇਤੀ ਹਜ਼ਾਰ ਰੁਪਏ ਕੇਵਲ) ਹੋਵੇਗੀ ਅਤੇ ਬਿਆਨਾ ਰਕਮ ਜਮ੍ਹਾਂ ਰੁਪਏ 1,93,300/- (ਇੱਕ ਲੱਖ ਤਿਰਾਨਵੇਂ ਹਜ਼ਾਰ ਤਿੰਨ ਸੌ ਰੁਪਏ ਕੇਵਲ) ਹੋਵੇਗੀ।

**ਜਾਇਦਾਦ ਦਾ ਵੇਰਵਾ**

ਗੈਰ ਖੇਤੀਬਾੜੀ ਜਾਇਦਾਦ, ਜੋ ਕਿ ਮਕਾਨ ਨੰ. 31 ਮਿੰਨ ਜਾਇਦਾਦ ਰਕਬਾ 63.67 ਵਰਗ ਗਜ਼, ਖਸਰਾ ਨੰ. 602-603-604-606-607-608-609-611-612-613-614-615-616-617-618-619-620-621, ਖੱਤਾ ਨੰ. 305/326 ਸਫਾ ਨੰ. 798, ਜਮ੍ਹਾਂਬੰਦੀ ਸਾਲ 2009-10, ਪਿੰਡ ਮੁੰਡੀਆਂ ਕਲਾਂ, ਹੱਦਬਸਤ ਨੰ. 179, ਅਬਾਦੀ ਬੈਂਕ ਕਾਲੋਨੀ ਵਜੋਂ ਜਾਣੀ ਜਾਂਦੀ, ਸੁੰਦਰ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ।
ਈ-ਨਿਲਾਮੀ ਦੀ ਮਿਤੀ ਤੇ ਸਮਾਂ : 17 ਜੂਨ 2026 ਸਵੇਰੇ 11.00 ਵਜੇ ਤੋਂ 2.00 ਵਜੇ ਬਾਅਦ ਦੁਪਹਿਰ 5 ਮਿੰਟਾਂ ਦੇ ਹਰੇਕ ਵਾਧੇ ਨਾਲ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 16 ਜੂਨ 2026 ਸ਼ਾਮ ਦੇ 3.00 ਵਜੇ ਤੱਕ।
ਜਾਇਦਾਦ ਦੇ ਨਿਰੀਖਣ ਦੀ ਮਿਤੀ ਤੇ ਸਮਾਂ : 15 ਜੂਨ 2026, ਸਵੇਰੇ 11.00 ਵਜੇ ਤੋਂ ਸ਼ਾਮ 2 ਵਜੇ ਤੱਕ।
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਬਾਰੇ ਕ੍ਰਿਪਾ ਕਰਕੇ http://10.0.49.5/about-us/media/auction-property ਸਕਿਓਰਡ ਕ੍ਰੈਡਿਟਰ ਦੀ ਵੈੱਬਸਾਈਟ ਅਰਥਾਤ www.yesbank.in 'ਤੇ ਮੁਹੱਈਆ ਲਿੰਕ ਦਾ ਹਵਾਲਾ ਲਿਆ ਜਾਵੇ।
ਟੈਂਡਰ ਦਸਤਾਵੇਜ਼/ਈ-ਬੋਲੀ ਕੈਟਾਲਾਗ ਜਾਂ ਅਚੱਲ ਜਾਇਦਾਦਾਂ/ਸਕਿਓਰਡ ਐੱਸਟਸ ਹਾਸਲ ਕਰਨ 'ਚ ਕਿਸੇ ਮੁਸ਼ਕਲ ਅਤੇ ਪੁੱਛਗਿੱਛ ਲਈ ਕ੍ਰਿਪਾ ਕਰਕੇ ਯੈੱਸ ਬੈਂਕ ਲਿਮਟਿਡ ਦੇ ਸੰਬੰਧਤ ਅਧਿਕਾਰੀਆਂ : ਸ੍ਰੀ ਅਮਿਤ ਸ਼ਰਮਾ ਨੂੰ 9996467-419 ਜਾਂ ਈ-ਮੇਲ Amit.Sharma62@yesbank ਅਤੇ ਮੈਸ. ਈ-ਪ੍ਰੋਕਿਓਰਮੈਂਟ ਟੈਕਨਾਲੋਜੀਜ਼ ਲਿਮਟਿਡ (ਆਕਸ਼ਨ ਟਾਈਗਰ) ਅਹਿਮਦਾਬਾਦ ਦੇ ਅਧਿਕਾਰੀਆਂ, ਵੈੱਬ ਪੋਰਟਲ ਪਤਾ https://sarfaesi.auctiontiger.net ਬੋਲੀਕਰਤਾ ਦੇ ਸਹਾਇਕ ਨੰਬਰਾਂ +91 9265562821/18 ਅਤੇ 9978591888, 079-68136880/68136837 ਈਮੇਲ : support@auctiontiger.net ਅਤੇ ramprasad@auctiontiger.net ਨਾਲ ਸੰਪਰਕ ਕੀਤਾ ਜਾਵੇ, ਸੰਪਰਕ ਵਿਅਕਤੀ ਸ੍ਰੀ ਰਾਮ ਸ਼ਰਮਾ-9978591888
ਸਾਰੇ ਬਕਾਏ ਸਮੇਤ ਸਾਡੇ ਵੱਲੋਂ ਸਹਿਣ ਕੀਤੀਆਂ ਗਈਆਂ ਲਾਗਤਾਂ, ਚਾਰਜਿਜ਼ ਅਤੇ ਖਰਚੇ ਵਿਕਰੀ ਜਾਂ ਤਬਾਦਲੇ ਲਈ ਨਿਰਧਾਰਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਸਮੇਂ ਵੀ ਅਦਾ ਕੀਤੇ ਜਾਣ ਦੇ ਮਾਮਲੇ 'ਚ ਐਕਟ ਦੇ ਸੈਕਸ਼ਨ 13 (8) ਤਹਿਤ ਵਿਚਾਰ ਕੀਤੀ ਜਾ ਸਕਦੀ ਹੈ ਅਤੇ ਸਕਿਓਰਡ ਐੱਸਟ ਦੀ ਸਾਡੇ ਵੱਲੋਂ ਵਿਕਰੀ ਜਾਂ ਤਬਾਦਲਾ ਕਰਨ ਸੰਬੰਧੀ ਕੋਈ ਕਦਮ ਨਹੀਂ ਉਠਾਇਆ ਜਾਵੇਗਾ।

**ਕਰਜ਼ਦਾਰਾਂ/ਗਰੰਟਰਾਂ ਲਈ ਵਿਕਰੀ ਨੋਟਿਸ**

ਉਪਰੋਕਤ, ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਰੂਲ 9 (1) ਤਹਿਤ, ਜ਼ਿੰਮੇਵਾਰਾਂ ਲਈ ਪ੍ਰਕਾਸ਼ਨਾ ਮਿਤੀ ਤੋਂ 30 ਦਿਨਾਂ ਅੰਦਰ ਅਦਾਇਗੀ ਦਾ ਨੋਟਿਸ ਸਮਝਿਆ ਜਾਵੇ।
ਮਿਤੀ : 12 ਮਈ 2026 — ਸਹੀ/- (ਅਧਿਕਾਰਤ ਅਫਸਰ)
ਸਥਾਨ : ਲੁਧਿਆਣਾ — ਯੈੱਸ ਬੈਂਕ ਲਿਮਟਿਡ

# ਬੈਂਸ ਨੇ ਧਰਨਾ ਦੇ ਰਹੇ ਸਫਾਈ ਕਰਮਚਾਰੀਆਂ ਨੂੰ ਦਿੱਤਾ ਮੰਗਾਂ ਮੰਨਣ ਦਾ ਭਰੋਸਾ



**ਨੰਗਲ ਭਲਾਣ (ਹਰਭਜਨ ਸਿੰਘ ਢਿੱਲੋਂ)**

ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਨੰਗਲ ਪਹੁੰਚ ਕੇ ਨਗਰ ਕੌਂਸਲ ਨੰਗਲ ਵਿਰੁੱਧ ਧਰਨੇ 'ਤੇ ਬੈਠੇ ਸਫਾਈ ਕਰਮਚਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਜਲਦ ਹੀ ਪ੍ਰਵਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਵੇਂ ਹੀ ਸਥਾਨਕ ਸਰਕਾਰ ਚੋਣਾਂ ਤੋਂ ਬਾਅਦ ਨਗਰ ਕੌਂਸਲ ਵਿੱਚ ਆਮ ਆਦਮੀ ਪਾਰਟੀ ਕਾਬਜ਼ ਹੋਣ ਉਪਰੰਤ, ਤੁਰੰਤ ਕਰਮਚਾਰੀਆਂ ਦੇ ਹੱਕ ਵਿੱਚ ਫੈਸਲੇ ਕੀਤੇ ਜਾਣਗੇ। ਮੰਤਰੀ ਨੇ ਦਾਅਵਾ ਕੀਤਾ ਕਿ ਕਰਮਚਾਰੀਆਂ ਦੀਆਂ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਹੱਲ ਲਈ ਵਚਨਬੱਧਤਾ ਨਾਲ ਕੰਮ ਕੀਤਾ ਜਾਵੇਗਾ।ਉਨ੍ਹਾਂ ਅੱਗੇ ਕਿਹਾ ਕਿ ਨਗਰ ਕੌਂਸਲ ਵਿੱਚ ਕੰਮ ਕਰ ਰਹੇ ਆਊਟਸੋਰਸ ਮੁਲਾਜ਼ਮਾਂ ਨੂੰ ਪੜਾਅਵਾਰ ਢੰਗ ਨਾਲ ਕੰਟਰੈਕਟ ਵਿੱਚ ਲਿਆਂਦਾ ਜਾਵੇਗਾ, ਜਿਸ ਨਾਲ ਉਨ੍ਹਾਂ ਦੀ ਨੌਕਰੀ ਵਿੱਚ ਸਥਿਰਤਾ ਆਏਗੀ ਅਤੇ ਤਰੱਕੀ ਦੇ ਮੌਕੇ ਵੀ ਵਧਣਗੇ। ਹਰਜੋਤ ਬੈਂਸ ਨੇ ਦੱਸਿਆ ਕਿ ਇਹ ਕਦਮ ਸਿਰਫ਼ ਰੋਜ਼ਗਾਰ ਦੀ ਸੁਰੱਖਿਆ ਲਈ ਹੀ ਨਹੀਂ, ਸਗੋਂ ਕਰਮਚਾਰੀਆਂ ਦੇ ਭਵਿੱਖ ਨੂੰ ਮਜ਼ਬੂਤ ਬਣਾਉਣ ਲਈ ਵੀ ਜਰੂਰੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਸਫਾਈ ਕਰਮਚਾਰੀਆਂ ਦੇ ਵਧਾਏ ਗਏ ਮਿਹਨਤਤਾਨਾਂ ਨੂੰ ਨਿਯਮਾਂ ਅਨੁਸਾਰ ਲਾਗੂ ਕਰਕੇ ਉਨ੍ਹਾਂ ਨੂੰ ਵੱਡੀ ਰਾਹਤ ਦਿੱਤੀ ਜਾਵੇਗੀ।ਇਸ ਮੌਕੇ ਧਰਨਾਕਾਰੀ ਕਰਮਚਾਰੀਆਂ ਵਿਚੋਂ ਰੇਸ਼ਮਾ, ਕਾਲੀਆ ਅਤੇ ਲਲਿਤ ਨੇ ਕਿਹਾ ਕਿ ਉਹ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿੱਤੇ ਭਰੋਸੇ 'ਤੇ ਪੂਰਾ ਵਿਸ਼ਵਾਸ ਰੱਖਦੇ ਹਨ ਕਿਉਂਕਿ ਉਹ ਆਪਣੇ ਕੀਤੇ ਵਾਅਦੇ ਨਿਭਾਉਣ ਲਈ ਜਾਣੇ ਜਾਂਦੇ ਹਨ।

# ਕੈਰੀਅਰ ਕੌਂਸਲਿੰਗ ਪ੍ਰੋਗਰਾਮ ਕਰਵਾਇਆ

**ਬਲਾਚੌਰ (ਜਸਵਿੰਦਰ ਬੈਂਸ)**

ਗੁਲਪ੍ਰੀਤ ਸਿੰਘ ਔਲਖ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਦੀ ਯੋਗ ਅਗਵਾਈ ਹੇਠ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੈਲਮਾਜਰਾ ਵਿਖੇ ਕਰੀਅਰ ਕਾਊਸਲਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸੰਦੀਪ ਕੁਮਾਰ ਪੀ.ਸੀ.ਐਸ (ਏ) ਜ਼ਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਭਵਿੱਖ ਵਿੱਚ ਕਰੀਅਰ ਦੀ ਚੋਣ ਕਰਨ ਸਬੰਧੀ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਤੇ ਨਾਲ ਹੀ ਵਿਦਿਆਰਥੀਆਂ ਨੂੰ ਲਿਖਤੀ ਪ੍ਰੀਖਿਆ ਦੇ ਵਿਸ਼ੇ ਜਿਵੇਂ ਕਿ ਆਮ ਗਿਆਨ, ਸਾਧਾਰਨ ਵਿਗਿਆਨ, ਗਣਿਤ, ਕਰੰਟ ਅਫੇਅਰਜ਼, ਲਾਜ਼ਿਕਲ ਰੀਜ਼ਨਿੰਗ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਹਨਾਂ ਵੱਲੋਂ ਪ੍ਰਾਰਥੀਆਂ ਨੂੰ ਨਸ਼ਾ ਛੱਡ ਕੇ ਹੁਨਰ ਪ੍ਰਾਪਤ ਕਰਨ ਅਤੇ ਰੋਜ਼ਗਾਰ ਨਾਲ ਜੁੜਨ ਬਾਰੇ ਅਪੀਲ ਕੀਤੀ ਗਈ ਤੇ ਪੰਜਾਬ ਸਰਕਾਰ ਦੀ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪ੍ਰਾਰਥੀਆਂ ਨੂੰ ਨਸ਼ਾ ਛੱਡ ਕੇ ਮੁੜ ਆਮ ਸਮਾਜਿਕ ਲੀਅ ਨਾਲ ਜੁੜਨ ਬਾਰੇ ਉਤਸ਼ਾਹਿਤ ਕੀਤਾ। ਇਸ ਤੋਂ ਇਲਾਵਾ ਹਿਨਾ ਭਾਟੀਆ, ਯੰਗ ਪ੍ਰੋਫੈਸ਼ਨਲ ਐੱਮ ਸੀ ਸੀ ਵੱਲੋਂ



ਵਿਦਿਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਖ-ਵੱਖ ਟੂਲਜ਼ ਜਿਵੇਂ ਕਿ ਯੂਡਲੀ, ਚੈਟ ਜੀ ਪੀ ਟੀ, ਕੈਨਵਾ, ਨੈਪਕਿਨ, ਕਿਉ ਆਰ ਕੋਡ ਜਨਰੇਟਰ, ਗਾਮਾ, ਮੀਕਸੋ ਆਦਿ ਟੂਲਜ਼ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਕਿ ਕਿਸ ਤਰ੍ਹਾਂ ਵਿਦਿਆਰਥੀ ਇਹਨਾਂ ਟੂਲਜ਼ ਦੀ ਵਰਤੋਂ ਕਰਕੇ ਆਪਣੇ ਭਵਿੱਖ ਨੂੰ ਉਜਵਲ ਬਣਾ ਸਕਦੇ ਹਨ।

# ਸ਼ਿਵ ਕੁਮਾਰ ਬਟਾਲਵੀ ਤੇ ਡਾ. ਸੁਰਜੀਤ ਪਾਤਰ ਦੀ ਯਾਦ 'ਚ ਸਮਾਗਮ

**ਚੰਡੀਗੜ੍ਹ (ਸੁਰਜੀਤ ਸੁਮਨ)**

ਪੰਜਾਬੀ ਲੇਖਕ ਸਭਾ ਚੰਡੀਗੜ੍ਹ ਨੇ ਪੰਜਾਬ ਕਲਾ ਭਵਨ ਵਿਖੇ ਪੰਜਾਬੀ ਦੇ ਮਹਿਬੂਬ ਸ਼ਾਇਰਾਂ ਸ਼ਿਵ ਕੁਮਾਰ ਬਟਾਲਵੀ ਅਤੇ ਡਾ. ਸੁਰਜੀਤ ਪਾਤਰ ਦੀ ਯਾਦ ਵਿੱਚ ਇੱਕ ਨਿਵੇਕਲਾ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਹਾਜ਼ਰ ਸਰੋਤਿਆਂ ਵੱਲੋਂ ਇਹਨਾਂ ਦੋਹਾਂ ਕਵੀਆਂ ਦੀਆਂ ਸੱਠ ਤੋਂ ਵੱਧ ਰਚਨਾਵਾਂ ਦਾ ਕਾਵਿ-ਪਾਠ ਤੇ ਗਾਇਨ ਕੀਤਾ ਗਿਆ। ਸ਼ਿਵ ਕੁਮਾਰ ਬਟਾਲਵੀ 7 ਮਈ 1973 ਨੂੰ ਅਤੇ ਡਾ. ਸੁਰਜੀਤ ਪਾਤਰ 11 ਮਈ 2024 ਨੂੰ ਦੁਨਿਆਵੀ ਤੌਰ 'ਤੇ ਸਾਥੋਂ ਵਿੱਛੜ ਗਏ ਸਨ। ਸਟੇਜ ਉੱਤੇ ਦੋ ਹੀ ਕੁਰਸੀਆਂ ਰੱਖੀਆਂ ਗਈਆਂ ਜੋ ਇਸ ਗੱਲ ਦਾ ਪ੍ਰਤੀਕ ਸੀ ਕਿ ਸਮਾਗਮ ਦੇ ਮੁੱਖ ਮਹਿਮਾਨ ਸੁਰਜੀਤ ਪਾਤਰ ਤੇ ਪ੍ਰਧਾਨਗੀ ਸ਼ਿਵ ਕੁਮਾਰ ਬਟਾਲਵੀ ਦੀ ਸੀ। ਮੰਚ ਸੰਚਾਲਨ ਕਰਦਿਆਂ ਸਭਾ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਆਪੋ ਆਪਣੇ ਹਿੱਸੇ ਦੇ ਸ਼ਿਵ-ਪਾਤਰ ਨੂੰ ਉਹਨਾਂ ਦੀਆਂ ਰਚਨਾਵਾਂ ਰਾਹੀਂ ਯਾਦ ਕਰਨਾ ਅੱਜ ਦੇ ਸਮਾਗਮ ਦੀ ਖ਼ਾਸੀਅਤ ਹੈ। ਦੀਪਕ ਸ਼ਰਮਾ ਚਨਾਰਥਲ ਨੇ ਕਿਹਾ ਕਿ ਇਹਨਾਂ ਦੋਹਾਂ ਮਹਾਨ ਕਵੀਆਂ ਨੂੰ ਮਿਲਿਆ ਪਿਆਰ ਦੱਸ ਰਿਹਾ ਹੈ ਕਿ ਉਹ ਕਿਸ ਪੱਧਰ ਦੀ ਮਕਬੂਲੀਅਤ ਰੱਖਦੇ ਸਨ। ਉਹਨਾਂ ਦੇ ਲਿਖੇ ਗੀਤ, ਗ਼ਜ਼ਲਾਂ, ਨਜ਼ਮਾਂ 'ਤੇ ਕਵਿਤਾਵਾਂ ਨਵੀਂ ਪੀੜ੍ਹੀ ਵਿੱਚ ਵੀ ਓਨੀਆਂ ਹੀ ਪਸੰਦ ਕੀਤੀਆਂ ਜਾਂਦੀਆਂ ਹਨ। ਅਕਾਦਮਿਕ ਮਾਹਿਰ ਡਾ. ਦੀਪਕ ਮਨਮੋਹਨ ਸਿੰਘ ਨੇ ਦੋਹਾਂ ਸ਼ਾਇਰਾਂ ਨਾਲ਼ ਆਪਣੀ ਨੇੜਤਾ ਦਾ ਜ਼ਿਕਰ ਕਰਦਿਆਂ ਪੰਜਾਬੀ ਲੇਖਕ ਸਭਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਰਿਟਾਇਰਡ ਆਈਏਐੱਸ ਅਧਿਕਾਰੀ ਕੈਪਟਨ ਨਰਿੰਦਰ ਸਿੰਘ ਨੂੰ ਕਲਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿੱਚ ਉਹਨਾਂ ਦੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ।ਇਸੇ ਤਰ੍ਹਾਂ ਗੁਰਨੀਤ ਕੌਰ ਨੇ ਸ਼ਿਵ ਦੀ ਕਵਿਤਾ, ਸੁਨੀਤ ਮਦਾਨ ਨੇ 'ਆਇਆ ਨੰਦ ਕਿਸ਼ੋਰ' ਅਤੇ ਦੀਪਕ ਚਨਾਰਥਲ ਨੇ ਸੁਰਜੀਤ ਪਾਤਰ ਦੀ ਇੱਕ ਕਵਿਤਾ ਪੇਸ਼ ਕੀਤੀ। ਜੰਗ ਬਹਾਦਰ ਗੋਇਲ, ਬਲਕਾਰ ਸਿੱਧੂ, ਲਿੱਲੀ ਸਵਰਨ, ਦਰਸ਼ਨ ਤਿਉਣਾ, ਪ੍ਰੋ. ਗੁਰਦੇਵ ਸਿੰਘ ਦੇਵ, ਸਤੀਸ਼ ਵਸ਼ਿਸ਼ਠ, ਹਰਿੰਦਰ ਸਿੰਘ ਸੋਹਲ, ਗੋਵਰਧਨ ਗੱਬੀ, ਕੁਲਦੀਪ ਕੌਰ, ਬਾਬੂ ਰਾਮ ਦੀਵਾਨਾ ਨੇ ਵੀ ਸਮਾਗਮ ਦੀਆਂ ਰੌਣਕਾਂ ਵਧਾਈਆਂ।



# ਹੈਰੋਇਨ ਸਮੇਤ ਨੌਜਵਾਨ ਕਾਬੂ

**ਅਲਾਵਲਪੁਰ, (ਮਦਨ ਬੰਗੜ)**-ਨਸ਼ਾ ਵਿਰੋਧੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਅਲਾਵਲਪੁਰ ਪੁਲਿਸ ਨੇ ਇੱਕ ਨੌਜਵਾਨ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੌਕੀ ਇੰਚਾਰਜ ਐਸ.ਆਈ. ਰਵਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਹ ਪੁਲਿਸ ਪਾਰਟੀ ਦੌਰਾਨੇ ਗਸ਼ਤ ਅਲਾਵਲਪੁਰ ਤੋਂ ਲੇਸੜੀਵਾਲ ਸਾਈਡ ਵੱਲ ਜਾ ਰਹੇ ਸੀ, ਤਾਂ ਸ਼ਾਹਪੁਰ ਲੇਸੜੀਵਾਲ ਚੌਂਕ ਕੋਲ ਖੜ੍ਹੇ ਇੱਕ ਨੌਜਵਾਨ ਨੇ ਪੁਲਿਸ ਨੂੰ ਦੇਖ ਕੇ ਘਬਰਾਹਟ ਵਿੱਚ ਆਪਣੇ ਪਜਾਮੇ ਦੀ ਖੱਬੀ ਜੇਬ ਵਿੱਚੋਂ ਇੱਕ ਮੋਮੀ ਲਿਫ਼ਾਫ਼ਾ ਕੱਢ ਕੇ ਜ਼ਮੀਨ 'ਤੇ ਸੁੱਟ ਦਿੱਤਾ।ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਸ਼ੱਕ ਦੇ ਆਧਾਰ 'ਤੇ ਕਾਬੂ ਕੀਤੇ ਗਏ ਵਿਅਕਤੀ ਦੀ ਪਛਾਣ ਥੋਮਸ ਪੁੱਤਰ ਜਗਦੇਵ ਰਾਜ, ਨਿਵਾਸੀ ਚੋਮੋ (ਆਦਮਪੁਰ) ਜਲੰਧਰ ਵਜੋਂ ਹੋਈ ਹੈ। ਪੁਲਿਸ ਨੇ ਜਦੋਂ ਮੁਲਜ਼ਮ ਵੱਲੋਂ ਸੁੱਟੇ ਗਏ ਲਿਫ਼ਾਫ਼ੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਐੱਸ ਆਈ ਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਪੁੱਛਗਿੱਛ ਕੀਤੀ ਜਾ ਰਹੀ ਹੈ।

# 'ਵਰਸਿਟੀ ਕਾਲਜ ਨੂੰ ਖੇਡਾਂ ਦੀ 'ਵਰਸਿਟੀ ਬਣਾ ਕੇ ਵੱਡਾ ਦਰਜਾ ਦਿੱਤਾ ਜਾਵੇ : ਬਾਲੀ

**ਨੂਰਮਹਿਲ (ਰਾਜੇਸ਼ ਥਾਪਾ)**

ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ ਨੂੰ ਵੱਡੀ ਯੂਨੀਵਰਸਿਟੀ ਦਾ ਦਰਜਾ ਦਿੱਤਾ ਜਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਮਾਜ ਸੇਵਕ ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ ਨੇ ਕੰਗਣੀਵਾਲ ਬੇਈ ਦੇ ਪੁੱਲ ਤੇ ਜ਼ਬਰਦਸਤ ਧਰਨਾ ਦਿੰਦਿਆਂ ਕਹੇ। ਬਾਲੀ ਵਲੋਂ ਪੁੱਲ ਤੇ ਧਰਨਾ ਦਿੰਦਿਆਂ ਵੱਖ ਵੱਖ ਲੋਕਾਂ ਦੀਆਂ ਮੰਗਾਂ ਨੂੰ ਉਭਾਰਦਿਆਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੰਗਣੀਵਾਲ ਬੇਈ ਦਾ ਪੁੱਲ ਦੀ ਹਾਲਤ ਬਹੁਤ ਖ਼ਰਾਬ ਹੋ ਚੁੱਕੀ ਹੈ ਅਤੇ ਇਸ ਪੁਲ ਦੇ ਨਾਲ ਜਮਸ਼ੇਰ ਖਾਸ ਦੇ ਨਜ਼ਦੀਕ ਪਿੰਡ ਨਾਨਕ ਪਿੰਡੀ, ਪਿੰਡ ਦੇ ਪੁੱਲ ਦੀ ਹਾਲਤ ਵੀ ਬਹੁਤ ਤਰਸਯੋਗ ਬਣੀ ਹੋਈ ਹੈ। ਟ੍ਰੈਫਿਕ ਦੀ ਜ਼ਿਆਦਾ ਆਵਾਜਾਈ ਕਰਕੇ ਇਹ ਦੋਨੋਂ ਪੁੱਲ ਕਿਸੇ ਵੇਲੇ ਵੀ ਡਿੱਗ ਸਕਦੇ ਹਨ। ਅਤੇ ਜਾਨੀ ਮਾਲੀ ਦਾ ਬਹੁਤ ਵੱਡਾ ਨੁਕਸਾਨ ਵੀ ਹੋ ਸਕਦਾ ਹੈ ਬਾਲ ਕ੍ਰਿਸ਼ਨ ਬਾਲੀ ਨੇ ਅੱਗੇ ਕਿਹਾ ਕਿ ਸੰਨ 2012 ਵਿੱਚ ਹਲਕਾ ਨੂਰਮਹਿਲ ਦਾ ਤੋੜਿਆ ਗਿਆ ਸੀ ਉਸ ਦੇ ਨਾਲ ਹੀ ਬਲਾਕ ਨੂਰਮਹਿਲ ਦੇ ਚਾਰ ਪਿੰਡ, ਪਿੰਡ ਸੁੰਨੜ ਕਲਾਂ, ਪਿੰਡ ਆਦੇਕਾਲੀ, ਪਿੰਡ ਮਿੱਠੜਾ ਅਤੇ ਪਿੰਡ ਭਾਰਦੂਆਜੀਆ ਦੇ ਫੂਡ ਸਪਲਾਈ ਵਿਭਾਗ ਦਫ਼ਤਰ ਗੋਰਾਇਆ ਚੱਚਰਾੜੀ ਦਫ਼ਤਰ ਦੇ ਨਾਲ ਜੋੜ ਦਿੱਤੇ ਸਨ। ਇਨ੍ਹਾਂ ਦੇ ਨਾਲ ਹੀ ਬੁਢਾਪਾ ਵਿਧਵਾ ਅਤੇ ਅੰਗਹੀਣ ਪੈਨਸ਼ਨਾਂ ਅਤੇ ਨੀਲੇ ਕਾਰਡ, ਰਾਸ਼ਣ ਕਾਰਡ ਆਦਿ ਬਣਾਉਣ ਲਈ ਬਲਾਕ ਰੁੜਕਾਂ ਕਲਾਂ ਅਤੇ ਚੱਚਰਾੜੀ ਫੂਡ ਸਪਲਾਈ ਵਿਭਾਗ ਦਫ਼ਤਰ ਨਾਲ਼ ਜੋੜ ਦਿੱਤੇ ਹਨ ਜੋ ਕਿ ਉਪਰੋਕਤ ਪਿੰਡਾਂ ਤੋ ਲੱਗਭੱਗ 25 ਤੋਂ 30 ਕਿਲੋਮੀਟਰ ਦੀ ਦੂਰੀ ਤੇ ਹਨ। ਬਾਲ ਕ੍ਰਿਸ਼ਨ ਬਾਲੀ ਨੇ ਪੰਜਾਬ ਸਰਕਾਰ ਤੋਂ ਉਪਰੋਕਤ ਮੰਗਾਂ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ ਨੂੰ ਵੱਡੀ ਯੂਨੀਵਰਸਿਟੀ ਬਣਾਈ ਜਾਵੇ।



# ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ

**ਬਲਾਚੌਰ (ਜਸਵਿੰਦਰ ਬੈਂਸ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਰਜਿਸਟਰ 295, ਬਲਾਕ ਸੜੋਆ ਦੀ ਮਾਸਿਕ ਮੀਟਿੰਗ ਬਲਾਕ ਪ੍ਰਧਾਨ ਡਾ. ਬਲਵੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਮਾਜਿਕ ਬੁਰਾਈ ਨਸ਼ਿਆਂ ਖ਼ਿਲਾਫ਼ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਪੁਲਿਸ ਚੌਂਕੀ ਸੜੋਆ ਦੇ ਇੰਚਾਰਜ ਏ ਐਸ ਆਈ ਗਗਨਦੀਪ ਸਿੰਘ ਤੇ ਹੈੱਡ ਕਾਂਸਟੇਬਲ ਜਗਦੇਵ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਏ ਐਸ ਆਈ ਗਗਨਦੀਪ ਸਿੰਘ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਵਚਨਬੱਧ ਹੈ, ਪਰ ਇਸ ਚੇਨ ਨੂੰ ਤੋੜਨ ਲਈ ਡਾਕਟਰਾਂ ਅਤੇ ਪਿੰਡ ਵਾਸੀਆਂ ਦਾ ਸਹਿਯੋਗ ਅਤਿ ਲੋੜੀਂਦਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਦੇਣ ਵਾਲੇ ਦਾ ਨਾਮ ਅਤੇ ਪਤਾ ਬਿਲਕੁਲ ਗੁਪਤ ਰੱਖਿਆ ਜਾਵੇਗਾ।ਨਸ਼ਾ ਤਸਕਰਾਂ ਨੂੰ ਸਪੱਸ਼ਟ ਚਿਤਾਵਨੀ ਦਿੱਤੀ ਕਿ ਉਹ ਜਾਂ ਤਾਂ ਨਸ਼ਾ ਵੇਚਣਾ ਛੱਡ ਦੇਣ ਜਾਂ ਫਿਰ ਜੇਲ੍ਹ ਜਾਣ ਲਈ ਤਿਆਰ ਰਹਿਣ।ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹੈਲਥ ਵਿੰਗ ਡਾ. ਸ਼ਾਂਤੀ ਬਸੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਕਿਹਾ ਕਿ ਮੁਸ਼ਕਿਲ ਸਮੇਂ ਵਿੱਚ ਯੂਨੀਅਨ ਦਾ ਏਕਾ ਹੀ ਵੱਡੀਆਂ ਸਮੱਸਿਆਵਾਂ ਦਾ ਹੱਲ ਕੱਢਦਾ ਹੈ। ਇਸ ਦੌਰਾਨ ਪੰਜਾਬ ਦੇ ਸੂਬਾ ਉਪ ਪ੍ਰਧਾਨ ਡਾ ਦਿਲਦਾਰ ਸਿੰਘ ਚਾਹਲ ਵੱਲੋਂ ਮੈਡੀਕਲ ਪ੍ਰੈਕਟੀਸ਼ਨਰਾਂ ਦਾ ਸਲਾਨਾ ਕੈਲੰਡਰ ਵੀ ਜਾਰੀ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਤਜਿੰਦਰ ਸਿੰਘ ਜੋਤ ਪ੍ਰਧਾਨ ਬਲਾਚੌਰ, ਦਵਿੰਦਰ (ਦੀਪ ) ਬਲਾਚੌਰੀਆ, ਡਾ ਦਾਰਾ ਸਿੰਘ ਅਤੇ ਡਾ ਪਰਸ਼ੋਤਮ ਜ਼ਿਲ੍ਹਾ ਕਮੇਟੀ ਮੈਂਬਰ ਲਛਮਣ ਦਾਸ ਚੇਅਰਮੈਨ, ਡਾ. ਜੁਝਾਰ ਸਿੰਘ, ਉਪ ਪ੍ਰਧਾਨ, ਬਲਵੀਰ ਮਾਹੀ ਜਨਰਲ ਸਕੱਤਰ ਬਗੀਚਾ ਸਿੰਘ, ਜਸਵੀਰ ਸਿੰਘ ਕੈਸ਼ੀਅਰ ਤੇ ਡਾ ਸੁਨੀਲ ਕੁਮਾਰ ਮੌਜੂਦ ਸਨ।



# ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੌਰਾਨ ਬਣਗੀਆਂ 835 ਕਰੋੜ ਦੀਆਂ ਸੜਕਾਂ : ਸੀਚੇਵਾਲ

**ਲੋਹੀਆਂ ਖਾਸ (ਯੋਗੇਸ਼ਵਰ,ਗੀਨਾ ਸ਼ਰਮਾ)**

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਤੀਜੇ ਪੜਾਅ ਦੌਰਾਨ ਪੰਜਾਬ ਵਿੱਚ 835 ਕਰੋੜ ਦੀ ਲਾਗਤ ਨਾਲ ਸੜਕਾਂ ਬਣਨਗੀਆਂ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਇਹ ਸੜਕਾਂ ਬਣਨੀਆਂ ਸਨ। ਟੈਂਡਰ ਵੀ ਲੱਗ ਚੁੱਕੇ ਸਨ ਪਰ ਅਚਾਨਕ ਕੇਂਦਰ ਵੱਲੋਂ ਜਾਰੀ ਕੀਤੇ ਇੱਕ ਪੱਤਰ ਕਾਰਨ ਇਨ੍ਹਾਂ ਸੜਕਾਂ 'ਤੇ ਰੋਕ ਲੱਗ ਗਈ ਸੀ। ਹੁਣ ਇਹ ਰੋਕ ਹਟਾ ਦਿੱਤੀ ਗਈ ਹੈ। ਸਾਰੇ ਦੇਸ਼ ਵਿੱਚ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਬਣਨ ਵਾਲੀਆਂ ਸੜਕਾਂ ਦੇ ਨਿਰਮਾਣ ਦੇ ਕੰਮਾਂ ਦੀ ਪ੍ਰਵਾਨਗੀ ਅਤੇ ਟੈਂਡਰ 72 ਦਿਨਾਂ ਵਿੱਚ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ ਤੇ ਨਾਲ ਹੀ ਇਹ ਹਦਾਇਤ ਵੀ ਕੀਤੀ ਗਈ ਕਿ ਇਹ ਕੰਮ ਕਿਸੇ ਵੀ ਸਥਿਤੀ ਵਿੱਚ 30 ਸਤੰਬਰ 2026 ਤੋਂ ਲੇਟ ਨਹੀਂ ਹੋਣੇ ਚਾਹੀਦੇ।ਸੰਤ ਸੀਚੇਵਾਲ ਨੇ ਦੱਸਿਆ ਕਿ ਲੰਘੇ ਬਜਟ ਸੈਸ਼ਨ ਦੌਰਾਨ ਉਨ੍ਹਾਂ ਨੇ 12 ਮਾਰਚ ਨੂੰ ਪਾਰਲੀਮੈਂਟ ਵਿੱਚ ਇਹ ਮੁੱਦਾ ਉਠਾਇਆ ਸੀ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਪੰਜਾਬ ਦੀਆਂ 64 ਸੜਕਾਂ ਬਣਾਈਆਂ ਜਾਣੀਆਂ ਸਨ, ਜਿਨ੍ਹਾਂ ਦੀ ਲੰਬਾਈ ਲਗਭਗ 628 ਕਿਲੋਮੀਟਰ ਤੋਂ ਵੱਧ ਹੈ। ਇਸੇ ਤਰ੍ਹਾਂ 38 ਪੁਲਾਂ ਦਾ ਨਿਰਮਾਣ ਵੀ ਹੋਣਾ ਸੀ।ਸੰਤ ਸੀਚੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਰੋਕ ਹਟਾਏ ਜਾਣ ਤੋਂ ਬਾਅਦ ਇਨ੍ਹਾਂ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਦਾ ਰਾਹ ਪੱਧਰ ਹੋ ਗਿਆ ਹੈ। ਜਲੰਧਰ ਜ਼ਿਲ੍ਹੇ ਦੀਆਂ ਜਿਹੜੀਆਂ ਸੱਤ ਸੜਕਾਂ ਦਾ ਨਿਰਮਾਣ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਹੋਣਾ ਹੈ, ਉਨ੍ਹਾਂ ਵਿੱਚ ਸਮਰਾਏ ਤੋਂ ਬੁੰਢਾਲਾ, ਮਹਿਤਪੁਰ ਪਰਜ਼ੀਆਂ ਰੋਡ ਤੋਂ ਸ਼ਾਹਕੋਟ ਵਾਇਆ ਮੰਡਿਆਲਾ ਪੰਡੋਰੀ ਭੁੱਲਰ, ਸ਼ਾਹਕੋਟ ਮਲਸੀਆਂ ਰੋਡ ਤੋਂ ਪਰਜੀਆਂ ਕਲਾਂ ਵਾਇਆ ਗੋਬਿੰਦ ਨਗਰ, ਢੰਡੋਵਾਲ, ਕੰਨੀਆਂ ਖੁਰਦ, ਲੋਹੀਆਂ ਪੂਨੀਆਂ ਰੋਡ ਤੋਂ ਲੋਹੀਆਂ ਮਖੂ ਰੋਡ ਵਾਇਆ ਮਹਿਰਾਜਵਾਲਾ ਮੰਡੀ, ਨਲ, ਮਾਨਕ ਅਤੇ ਰੂਪੇਵਾਲ ਤੋਂ ਤਲਵੰਡੀ ਮਾਧੋ ਵਾਇਆ ਰਾਈਵਾਲ ਦੋਨਾ ਸ਼ਾਮਲ ਹਨ।



# ਲੋੜਵੰਦ ਵਿਅਕਤੀਆਂ ਨੂੰ ਦੰਦਾਂ ਦੇ ਡੈਂਚਰ ਦਿੱਤੇ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**-ਡੇਰਾ ਲੋਹ ਲੰਗਰ ਗੁਰਦੁਆਰਾ ਸੁਸਾਇਟੀ ਪਿੰਡ ਨੰਗਲ ਖੁਰਦ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦੰਦਾਂ ਦੇ ਡੈਂਚਰ ਵੰਡੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਡੇਰਾ ਬਿਸ਼ਨਪੁਰੀ ਨੰਗਲ ਖੁਰਦ ਵਿਖੇ ਹਰ ਸ਼ਨੀਵਾਰ ਨੂੰ ਸ਼ਾਮੀ 3 ਤੋਂ 5 ਵਜੇ ਤੱਕ ਡਾਕਟਰ ਵਰੁਨ ਸਹੋਤਾ ਤੇ ਡਾਕਟਰ ਪਰਮਿੰਦਰ ਕੌਰ ਵਿਸ਼ੇਸ਼ ਤੌਰ ਤੇ ਪਹੁੰਚਦੇ ਹਨ। ਇਸ ਮੌਕੇ ਮਰੀਜ਼ਾਂ ਦੀਆ ਦੰਦਾਂ, ਸਕਿਨ ਤੇ ਹੋਰ ਬਿਮਾਰੀਆਂ ਦਾ ਚੈੱਕ ਕਰਕੇ ਮੁਫਤ ਦਵਾਈ ਦਿਤੀ ਜਾਂਦੀ ਹੈ। ਸੰਤ ਵਿਕਰਮਜੀਤ ਸਿੰਘ ਨੇ ਦੱਸਿਆ ਕਿ ਪਿੰਡ ਨੰਗਲ ਖੁਰਦ ਵਿਖੇ ਇੱਕ ਨਵਾਂ ਹਸਪਤਾਲ ਉਸਾਰਿਆ ਜਾ ਰਿਹਾ ਹੈ। ਹਸਪਤਾਲ ਦੇ ਬਣਨ ਨਾਲ ਇਲਾਕੇ ਨੂੰ ਭਰਪੂਰ ਫਾਇਦਾ ਹੋਵੇਗਾ। ਉਹਨਾਂ ਦੱਸਿਆ ਕਿ ਸੁਸਾਇਟੀ ਦੇ ਮੈਂਬਰ ਸੁਸਾਇਟੀ ਦੇ ਕੰਮ ਕਾਰ ਨੂੰ ਹੋਰ ਵੀ ਉਸਾਰੂ ਢੰਗ ਨਾਲ ਚਲਾਉਣ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਦੇ ਰਹਿੰਦੇ ਹਨ।

# ਸਰਕਾਰੀ ਸਿਹਤ ਸੰਸਥਾਵਾਂ 'ਚ ਮਨਾਇਆ ਮਦਰਜ਼ ਡੇਅ

**ਮੋਹਾਲੀ (ਗੁਰਜੀਤ ਬਿੱਲਾ)**

ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਦਿਵਸ ਮਨਾਇਆ ਗਿਆ, ਜਿਸ ਤਹਿਤ ਇਸਤਰੀ ਰੋਗਾਂ ਦੇ ਮਾਹਰ ਡਾਕਟਰਾਂ ਵੱਲੋਂ ਗਰਭਵਤੀ ਔਰਤਾਂ ਦੀ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸੁਰੱਖਿਅਤ ਜਣੇਪੇ ਸਬੰਧੀ ਜਾਣਕਾਰੀ ਦਿਤੀ ਗਈ। ਜ਼ਿਕਰਯੋਗ ਹੈ ਕਿ ਹਰ ਗਰਭਵਤੀ ਔਰਤ ਦੇ ਚਾਰ ਏ ਐੱਨ ਸੀ. ਚੈਕਅੱਪ ਜ਼ਰੂਰੀ ਹਨ ਜਿਹੜੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਬਿਲਕੁਲ ਮੁਫ਼ਤ ਕੀਤੇ ਜਾਂਦੇ ਹਨ।ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ ਨੇ ਦਸਿਆ ਕਿ ਇਸ ਪ੍ਰੋਗਰਾਮ ਤਹਿਤ ਹਰ ਮਹੀਨੇ ਦੀ 9 ਤਰੀਕ ਤੇ 23 ਤਰੀਕ ਨੂੰ ਗਰਭਵਤੀ ਔਰਤਾਂ ਖ਼ਾਸਕਰ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਜਾਂਦੀ ਹੈ। ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨਾਲ 13 ਨੂੰ ਰੁਬਰੂ ਹੋਣਗੇ ਡਾ. ਰਵਜੋਤ ਸਿੰਘ ਚੰਡੀਗੜ੍ਹ (ਗੁਰਜੀਤ ਬਿੱਲਾ)-ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਸੁਣਨ ਅਤੇ ਉਨ੍ਹਾਂ ਦੇ ਸਮਾਂਬੱਧ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ 13 ਮਈ ਨੂੰ ਸਵੇਰੇ 11:00 ਵਜੇ (ਭਾਰਤੀ ਸਮੇਂ ਅਨੁਸਾਰ) ਆਨਲਾਈਨ ਮਿਲਣੀ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਐੱਨ ਆਰ ਆਈ. ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਦੱਸਿਆ ਕਿ ਇਸ ਆਨਲਾਈਨ ਮਿਲਣੀ ਦੌਰਾਨ ਉਹ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨਾਲ ਸਿੱਧਾ ਸੰਵਾਦ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ, ਸ਼ਿਕਾਇਤਾਂ ਅਤੇ ਸੁਝਾਵਾਂ ਨੂੰ ਸੁਣਨਗੇ। ਉਨ੍ਹਾਂ ਕਿਹਾ ਕਿ ਇਸ ਦੌਰਾਨ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਲਈ ਸਬੰਧਤ ਵਿਭਾਗਾਂ ਅਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣਗੇ।



# ਸੰਤ ਬਾਬਾ ਜਵਾਲਾ ਸਿੰਘ ਜੀ ਚੈਰੀਟੇਬਲ ਹਸਪਤਾਲ ਦੇ ਨਵੀਨੀਕਰਨ ਦਾ ਉਦਘਾਟਨ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਅੱਤੋਵਾਲ ਵਿਖੇ ਸੰਤ ਬਾਬਾ ਜਵਾਲਾ ਸਿੰਘ ਜੀ ਚੈਰੀਟੇਬਲ ਹਸਪਤਾਲ ਅੱਤੋਵਾਲ ਦਾ ਨਵੀਨੀਕਰਨ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਪ੍ਰਬੰਧਕਾਂ ਨੇ ਦੱਸਿਆ ਕਿ ਸੰਤ ਬਾਬਾ ਅਮਰਜੀਤ ਸਿੰਘ ਜੀ ਹਰਖੋਵਾਲ ਸੰਪ੍ਰਦਾਏ ਗੁਰਦੁਆਰਾ ਸੰਤਗੜ੍ਹ ਹਰਖੋਵਾਲ ਹੁਸ਼ਿਆਰਪੁਰ ਦੇ ਯਤਨਾਂ ਸਦਕਾ ਸੰਤ ਬਾਬਾ ਜਵਾਲਾ ਸਿੰਘ ਜੀ ਚੈਰੀਟੇਬਲ ਹਸਪਤਾਲ ਅੱਤੋਵਾਲ ਦਾ ਨਵੀਨੀਕਰਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸੰਤ ਬਾਬਾ ਜਵਾਲਾ ਸਿੰਘ ਜੀ ਚੈਰੀਟੇਬਲ ਹਸਪਤਾਲ ਅੱਤੋਵਾਲ ਦੇ ਨਵੀਨੀਕਰਨ ਦਾ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ਵਾਲੇ ਅਰਦਾਸ ਕਰਨ ਉਪਰੰਤ ਆਪਣੇ ਕਰ ਕਮਲਾਂ ਨਾਲ ਉਦਘਾਟਨ ਕੀਤਾ। ਇਸ ਮੌਕੇ ਸਮਾਗਮ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਡਾਕਟਰਾ ਦੀ ਮਾਹਿਰ ਟੀਮ ਵੱਲੋਂ ਲੋੜਵੰਦ ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆ ਗਈਆਂ। ਇਸ ਮੌਕੇ ਉਦਘਾਟਨੀ ਸਮਾਰੋਹ ਦੌਰਾਨ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ, ਸੰਤ ਬਾਬਾ ਬ੍ਰਿਕਮਜੀਤ ਸਿੰਘ ਨੰਗਲ ਖੁਰਦ, ਬਾਬਾ ਸੁਮਿੱਤਰ ਸਿੰਘ, ਬਾਬਾ ਸੁਰਜੀਤ ਸਿੰਘ, ਜਥੇਦਾਰ ਹਰਜਾਪ ਸਿੰਘ ਮੱਖਣ ਰਾਜਪੁਰ ਭਾਈਆਂ, ਨੰਬਰਦਾਰ ਸੁਖਵਿੰਦਰ ਸਿੰਘ ਸੱਤਾ, ਜਸਪ੍ਰੀਤ ਸਿੰਘ ਸੰਘਾ, ਪ੍ਰਗਟ ਸਿੰਘ ਮੱਲ੍ਹੀ, ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਜਗਤਾਰ ਸਿੰਘ ਭੁੰਗਰਨੀ, ਸਰਪੰਚ ਰਘਬੀਰ ਸਿੰਘ, ਜੋਗਾ ਸਿੰਘ ਅੱਤੋਵਾਲ, ਬਲਵੀਰ ਸਿੰਘ, ਨੰਬਰਦਾਰ ਗੁਰਬਖਸ਼ ਸਿੰਘ, ਰਵੀ ਮੇਹਟੀਆਣਾ, ਕਰਨਜੀਤ ਸਿੰਘ ਰਿੱਕੀ ਸਿੰਬਲੀ, ਨੰਬਰਦਾਰ ਜਤਿੰਦਰ ਸਿੰਘ ਘੁੰਮਣ ਬੱਡਲਾ, ਕੁਲਦੀਪ ਕੁਮਾਰ ਸ਼ਰਮਾ ਬੱਡਲਾ, ਮਨਜਿੰਦਰ ਸਿੰਘ ਹਰਖੋਵਾਲ, ਕਿਸ਼ਨ ਸਿੰਘ ਪੰਚ ਤਨੂੰਲੀ ਆਦਿ ਹਾਜ਼ਰ ਸਨ।




# CFM ASSET RECONSTRUCTION PRIVATE LIMITED

thoughtful regeneration

**CIN: U67100GJ2015PTC083994**

**Address: 1st Floor, Wakefield House, Sprott Road, Ballard Estate, Mumbai 400038**

## ਸੋਧ ਪਤਰ

ਮਿਤੀ 05-05-2026 ਨੂੰ ਨਵਾਂ ਜ਼ਮਾਨਾ ਵਿਚ ਛਪੇ ਇਸਤੀਹਾਰ ਵਿਚ ਹੇਠ ਲਿਖੇ ਜਾਇਦਾਦ ਦੇ ਵੇਰਵੇ ਗਲਤ ਛਪ ਗਏ ਸਨ ਕਿਰਪਾ ਕਰਕੇ ਇਸ ਤਹ੍ਹਾਂ ਪੜਿਆ ਜਾਵੇ :

| ਕਰਜ਼ਾ ਖਾਤਾ ਨੰ./ਕਰਜ਼ਦਾਰ/ਡਾਇਰੈਕਟਰ/ਰਹਿਣਕਾਰ/ਗਰੰਟਰ ਦਾ ਨਾਂਅ ਅਤੇ ਪਤਾ | ਡਿਮਾਂਡ ਨੋਟਿਸ ਦੀ ਮਿਤੀ / ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਅਨੁਸਾਰ ਬਕਾਇਆ ਰਕਮ | ਰਹਿਣ ਕੀਤੀ ਜਾਇਦਾਦ/ਸਕਿਉਰਡ ਐਸਟਸ ਦਾ ਵੇਰਵਾ |
|---|---|---|---|
| ਆਕਾਸ਼ (ਕਰਜ਼ਦਾਰ) 1. ਹਰਜਿੰਦਰ ਕੌਰ 2. ਨੰਦ ਲਾਲ (ਸਹਿ-ਕਰਜ਼ਦਾਰ), ਸੰਦੀਪ ਸਿੰਘ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਮੋਗਾ-104 ਮਨਜ਼ੂਰ ਕਰਜ਼ਾ ਰਕਮ ਰੁਪਏ : 565552/- | 20-ਮਾਰਚ-2026<br>06-ਅਕਤੂਬਰ-2025 | 31 ਜਨਵਰੀ-2026 ਨੂੰ ਰੁਪਏ 568778 (ਪੰਜ ਲੱਖ ਅਠਾਹਠ ਹਜ਼ਾਰ ਸੱਤ ਸੌ ਅਠੱਤਰ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ: ਖੇਵਟ /ਖਤੌਨੀ ਨੰ. 339/380, ਖਸਰਾ ਨੰ. 28/6/1(1-4) ਪਿੰਡ ਡਾਕਖਾਨਾ ਚੱਕ ਚੇਲਾ, ਤਹਿਸੀਲ ਸ਼ਾਹਕੋਟ, ਜਿਲਾ ਜਲੰਧਰ - 144701 ਹੱਦਾਂ: ਉੱਤਰ : ਜਸਵੀਰ ਸਿੰਘ ਦੀ ਜਾਇਦਾਦ, ਦੱਖਣ: ਗਲੀ, ਪੂਰਬ: ਗਲੀ, ਪੱਛਮ: ਜਸਵੀਰ ਕੌਰ ਦੀ ਜਾਇਦਾਦ । |
| ਮਨਜੀਤ ਸਿੰਘ (ਕਰਜ਼ਦਾਰ) 1. ਚਰਨਜੀਤ ਕੌਰ 2. ਫੁੰਮਣ ਸਿੰਘ (ਸਹਿ-ਕਰਜ਼ਦਾਰ) ਮਲਕੀਤ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਮੋਗਾ-269 ਮਨਜ਼ੂਰ ਕਰਜ਼ਾ ਰਕਮ ਰੁਪਏ : 1000000/- | 20-ਮਾਰਚ-2026<br>06-ਸਤੰਬਰ-2025 | 31 ਜਨਵਰੀ-2026 ਨੂੰ ਰੁਪਏ 1155811 (ਗਿਆਰਾਂ ਲੱਖ ਪਚਵੰਜਾ ਹਜ਼ਾਰ ਅੱਠ ਸੌ ਗਿਆਰਾਂ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ: ਖੇਵਟ ਨੰ. 38, ਖਤੌਨੀ ਨੰ. 40, ਖਸਰਾ ਨੰ. 33 ਐੱਮ/7 ਮਿੰਨ, ਹੱਦਬਸਤ ਨੰ. 224, ਵਾਕਿਆ ਰਕਬਾ ਮਾਹਲੇਵਾਲਾ ਰੋਡ 'ਤੇ ਸਥਿਤ ਨੇੜੇ ਸਰਕਾਰੀ ਸਕੂਲ, ਕਾਲੀ ਰਾਉਕੀ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-144629। ਹੱਦਾਂ: ਉੱਤਰ : ਮਹਿਲ ਸਿੰਘ ਦੀ ਜਾਇਦਾਦ, ਦੱਖਣ: ਨਿਸ਼ਾਨ ਸਿੰਘ ਦੀ ਜਾਇਦਾਦ, ਪੂਰਬ: ਮਹਿਲ ਸਿੰਘ ਦੀ ਜਾਇਦਾਦ, ਪੱਛਮ: ਸਰਕਾਰੀ ਸੜਕ। |
| ਬਲਵਿੰਦਰ ਰਾਮ (ਕਰਜ਼ਦਾਰ) 1. ਕੁਲਵਿੰਦਰ ਕੌਰ 2. ਰਾਮ ਚੰਦ (ਸਹਿ-ਕਰਜ਼ਦਾਰ), ਜਸਵੀਰ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-804 ਮਨਜ਼ੂਰ ਕਰਜ਼ਾ ਰਕਮ ਰੁਪਏ : 425843/- | 26-ਮਾਰਚ-2026<br>06-ਸਤੰਬਰ-2025 | 28-ਫਰਵਰੀ-2026 ਨੂੰ ਰੁਪਏ 431664.00 (ਚਾਰ ਲੱਖ ਇਕੱਤੀ ਹਜ਼ਾਰ ਛੇ ਸੌ ਚੌਂਹਠ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖੇਵਟ/ਖਤੌਨੀ ਨੰ. 47/52, ਕਿਲਾ ਨੰ. 20//3(0-17), ਖੇਵਟ/ਖਤੌਨੀ ਨੰ. 49/54, ਕਿਲਾ ਨੰ. 139/1(0-9), ਖੇਵਟ/ਖਤੌਨੀ ਨੰ. 50/55, ਕਿਲਾ ਨੰ. 84/2(0-2), 91/2(0-4), ਖੇਵਟ/ ਖਤੌਨੀ ਨੰ. 51/56, ਕਿਲਾ ਨੰ. 79(0-8) ਪਿੰਡ ਨਿਹਾਲੂਵਾਲ, ਨੇੜੇ ਵਾਲਮੀਕੀ ਮੰਦਰ, ਜ਼ਿਲ੍ਹਾ ਜਲੰਧਰ-144701, ਹੱਦਾਂ : ਉੱਤਰ: ਗਲੀ, ਦੱਖਣ: ਗਲੀ, ਪੂਰਬ: ਟੋਡ ਲਹਿਬਰ ਦੀ ਜਾਇਦਾਦ, ਪੱਛਮ: ਜਸਵਿੰਦਰ ਸਿੰਘ ਦੀ ਜਾਇਦਾਦ |
| ਪੂਰਨਿਮਾ (ਕਰਜ਼ਦਾਰ) 1. ਪਵਨ ਕੁਮਾਰ 2. ਰਾਣੀ ਤਿਵਾੜੀ (ਸਹਿ-ਕਰਜ਼ਦਾਰ), ਸੰਜੀਵ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਐੱਲ ਡੀ ਐੱਚ-101:ਮਨਜ਼ੂਰ ਕਰਜ਼ਾ ਰਕਮ ਰੁਪਏ : 766770/- | 23-ਅਪ੍ਰੈਲ -2026<br>15-ਦਸੰਬਰ-2025 | 28-ਫਰਵਰੀ-2026 ਨੂੰ ਰੁਪਏ 6,84,782 (ਛੇ ਲੱਖ ਚੁਰਾਸੀ ਹਜ਼ਾਰ ਸੱਤ ਸੌ ਬਿਆਸੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖਸਰਾ ਨੰ. 55/5/2-6//40/2-41/2-42-43-44-45-46-47-6//56, ਖੇਤਾ ਨੰ. 46/36-25/214-250/2, ਜਾਇਦਾਦ ਨੇੜੇ ਸ਼ਰਮਾ ਪ੍ਰਾਪਰਟੀ ਡੀਲਰ ਅਤੇ ਜਾਨਕੀ ਕਲਾਥ ਹਾਊਸ ਵਿਖੇ ਸਥਿਤ, ਪਿੰਡ ਮਹਿਮੂਦਪੁਰ, ਦੁੱਗਰੀ ਧਾਂਦਰਾ ਰੋਡ, ਜ਼ਿਲ੍ਹਾ ਲੁਧਿਆਣਾ, ਪਿੰਡ ਕੋਡ-141116, ਹੱਦਾਂ: ਉੱਤਰ: ਨੇਹਾ ਵਰਮਾ ਦੀ ਜਾਇਦਾਦ (32'), ਦੱਖਣ: ਪ੍ਰਵੀਨ ਦੀ ਜਾਇਦਾਦ (32'), ਪੂਰਬ: ਖਾਲੀ (13'-3"), ਪੱਛਮ: ਗਲੀ 18 ਫੁੱਟ ਚੌੜੀ (13'3") |
| ਮੋਹਨ ਕੁਮਾਰ (ਕਰਜ਼ਦਾਰ) 1. ਮੋਤੀ ਰਾਣੀ 2. ਅਭਿਸ਼ੇਕ ਕੁਮਾਰ (ਸਹਿ-ਕਰਜ਼ਦਾਰ), ਰਾਹੁਲ ਸਿੰਘ (ਗਾਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਐੱਲ ਡੀ ਐੱਚ-338, ਮਨਜ਼ੂਰ ਕਰਜ਼ਾ ਰਕਮ ਰੁਪਏ : 620015/- | 23-ਅਪ੍ਰੈਲ-2026<br>06-ਸਤੰਬਰ-2025 | 28-ਫਰਵਰੀ-2026 ਨੂੰ ਰੁਪਏ 2,95,700 (ਦੋ ਲੱਖ ਪਚਾਨਵੇਂ ਹਜ਼ਾਰ ਸੱਤ ਸੌ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਪਲਾਟ ਨੰ. 67, ਖਸਰਾ ਨੰ. 21//12/2, 13, 18, 19/1, ਖੇਤਾ ਨੰ. 29/79, ਖਾਲੀ ਪਲਾਟ ਧਾਂਦਰਾ ਇਨਕਲੇਵ ਵਿਖੇ ਸਥਿਤ, ਜਮ੍ਹਾਂਬੰਦੀ ਸਾਲ 2007-2008, ਹੱਦਬਸਤ ਨੰ. 273, ਵਾਕਿਆ ਪਿੰਡ ਮਹਿਮੂਦਪੁਰਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ: ਉੱਤਰ : ਪਲਾਟ ਨੰ. 68 (41'), ਦੱਖਣ : ਪਲਾਟ ਨੰ. 66 (41') ਪੂਰਬ : ਗੁਆਂਢ (22'), ਪੱਛਮ : ਸੜਕ 20' ਚੌੜੀ (2 2') |
| ਅਮਨਦੀਪ ਸਿੰਘ (ਕਰਜ਼ਦਾਰ) 1. ਮਨਜੀਤ ਕੌਰ 2. ਕੇਵਲ ਸਿੰਘ (ਸਹਿ-ਕਰਜ਼ਦਾਰ) ਕਰਜ਼ਾ ਖਾਤਾ ਨੰ.: ਐੱਸ ਐੱਮ ਈ-ਐੱਲ ਡੀ ਐੱਚ-96 ਮਨਜ਼ੂਰ ਕਰਜ਼ਾ ਰਕਮ ਰੁਪਏ : 239410/- | 23-ਅਪ੍ਰੈਲ-2026<br>15-ਦਸੰਬਰ-2025 | 28-ਫਰਵਰੀ-2026 ਨੂੰ ਰੁਪਏ 1,44,203 (ਇੱਕ ਲੱਖ ਚੁਤਾਲੀ ਹਜ਼ਾਰ ਦੋ ਸੌ ਤਿੰਨ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਤਾ ਨੰ. 90//115-119, ਖਸਰਾ ਨੰ. 432/2-5,763/430/0-18,759/430/1-10,757/430/0-5,758/430/0-3,764/430/0-5,773/431/0-1 ਜਾਇਦਾਦ ਨੇੜੇ ਗੁਰਦੁਆਰਾ ਵਿਖੇ ਸਥਿਤ ਫਿਰਨੀ ਰੋਡ, ਪਿੰਡ ਕੰਧਾਰਗੜ੍ਹ, ਹੱਦਬਸਤ ਨੰ. 185, ਵਾਕਿਆ ਪਿੰਡ ਕੰਧਾਰਗੜ੍ਹ, ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ ਹੱਦਾਂ: ਉੱਤਰ: ਗਲੀ 10' ਚੌੜੀ 49' ਦੱਖਣ: ਜਗਸੀਰ ਸਿੰਘ ਦੀ ਖੇਤੀਬਾੜੀ ਵਾਲੀ ਜ਼ਮੀਨ 49' ਪੂਰਬ: ਸੁਖਦੇਵ ਸਿੰਘ ਦਾ ਮਕਾਨ 78' ਪੱਛਮ: ਜਗਸੀਰ ਸਿੰਘ ਦੀ ਜਾਇਦਾਦ 78' |
| ਜਲੰਧਰ ਮੋਰੀਆ (ਕਰਜ਼ਦਾਰ) ਕੁਸੁਮ (ਸਹਿ-ਕਰਜ਼ਦਾਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਐੱਲ ਡੀ ਐੱਚ-414 ਮਨਜ਼ੂਰ ਕਰਜ਼ਾ ਰਕਮ ਰੁਪਏ : 469603/- | 23-ਅਪ੍ਰੈਲ-2026<br>15-ਦਸੰਬਰ-2025 | 28-ਫਰਵਰੀ-2026 ਨੂੰ ਰੁਪਏ 4,41,744 (ਚਾਰ ਲੱਖ ਇਕਤਾਲੀ ਹਜ਼ਾਰ ਸੱਤ ਸੌ ਚੁਤਾਲੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖਸਰਾ ਨੰ. 22/23 ਖੇਵਟ ਨੰ. 24, ਖਤੌਨੀ ਨੰ. 28, ਪਿੰਡ ਚੱਪੜ ਨੇੜੇ ਕਬੀਰ ਆਸ਼ਰਮ ਹੱਦਬਸਤ ਨੰ. 340 ਅਬਾਦ ਚੱਪੜ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ 141204, ਹੱਦਾਂ : ਉੱਤਰ ਪਲਾਟ 11' 9" ਦੱਖਣ : ਗਲੀ 11' 9" ਪੂਰਬ : ਲੋਹਾਰੀ 42'-02", ਪੱਛਮ : ਪਲਾਟ 42'-2", |
| ਜਗਸੀਰ ਸਿੰਘ (ਕਰਜ਼ਦਾਰ) 1. ਨਾਨਕੋ ਕੌਰ 2. ਕਰਨੈਲ ਸਿੰਘ (ਸਹਿ-ਕਰਜ਼ਦਾਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਐੱਲ ਡੀ ਐੱਚ-390 ਮਨਜ਼ੂਰ ਕਰਜ਼ਾ ਰਕਮ ਰੁਪਏ : 819753/- | 23-ਅਪ੍ਰੈਲ-2026<br>06-ਸਤੰਬਰ-2025 | 28-ਫਰਵਰੀ-2026 ਨੂੰ ਰੁਪਏ 911748 (ਨੌਂ ਲੱਖ ਗਿਆਰਾਂ ਹਜ਼ਾਰ ਸੱਤ ਸੌ ਅਠਤਾਲੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖਸਰਾ ਨੰ. 11//20, 21//1, 11//22, 23, 24, 9//26, ਖੇਵਟ ਨੰ. 169, ਖਤੌਨੀ ਨੰ. 204, 205, ਜਮ੍ਹਾਂਬੰਦੀ ਸਾਲ 2020-2021 ਪਿੰਡ ਫਤਿਹਪੁਰ ਕੰਨੀਆਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ-142058, ਹੱਦਾਂ: ਉੱਤਰ: ਰਸਤਾ, ਦੱਖਣ: ਤੇਜਾ ਸਿੰਘ ਦੀ ਜਾਇਦਾਦ, ਪੂਰਬ: ਬੈਤਾ ਸਿੰਘ ਦੀ ਜਾਇਦਾਦ, ਪੱਛਣ: ਬੂਟਾ ਸਿੰਘ ਦੀ ਜਾਇਦਾਦ |
| ਸੁਖਦੇਵ ਸਿੰਘ (ਕਰਜ਼ਦਾਰ) ਰਾਜ ਕੌਰ (ਸਹਿ-ਕਰਜ਼ਦਾਰ) ਸਤਨਾਮ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-1071 ਮਨਜ਼ੂਰ ਕਰਜ਼ਾ ਰਕਮ ਰੁਪਏ : 986733/- | 23-ਅਪ੍ਰੈਲ-2026<br>06-ਸਤੰਬਰ-2025 | 28 ਫਰਵਰੀ 2026 ਨੂੰ ਰੁਪਏ 1101661 (ਗਿਆਰਾਂ ਲੱਖ ਇੱਕ ਹਜ਼ਾਰ ਛੇ ਸੌ ਇਕਾਹਟ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖੇਵਟ ਨੰ. 274, ਖਤੌਨੀ ਨੰ. 323, ਖਸਰਾ ਨੰ. 17 ਮਿੰਨ//4 (7-2), 6/1 (4-0), ਜਮ੍ਹਾਂਬੰਦੀ ਸਾਲ 2019-2020, ਵਾਕਿਆ ਰਕਬਾ ਮਾਹਲੇਵਾਲਾ, ਤਹਿਸੀਲ ਜ਼ੀਰਾ ਜ਼ਿਲਾ ਫਿਰੋਜ਼ਪੁਰ-144629, ਹੱਦਾਂ: ਉੱਤਰ: ਅਮਰ ਸਿੰਘ ਦੀ ਜਾਇਦਾਦ, ਦੱਖਣ: ਗਲੀ, ਪੂਰਬ: ਜਸਵਿੰਦਰ ਸਿੰਘ ਦੀ ਜਾਇਦਾਦ, ਪੱਛਮ: ਜੋਗਿੰਦਰ ਸਿੰਘ ਦੀ ਜਾਇਦਾਦ |
| ਮਨਜਿੰਦਰ ਸਿੰਘ (ਕਰਜ਼ਦਾਰ) 1. ਨੀਲਮ ਕੌਰ 2. ਬਿਸ਼ੰਬਰ ਸਿੰਘ (ਸਹਿ-ਕਰਜ਼ਦਾਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-1137: ਮਨਜ਼ੂਰ ਕਰਜ਼ਾ ਰਕਮ ਰੁਪਏ : 524677/- | 23-ਅਪ੍ਰੈਲ-2026<br>06-ਸਤੰਬਰ-2025 | 28 ਫਰਵਰੀ 2026 ਨੂੰ ਰੁਪਏ 582776 (ਪੰਜ ਲੱਖ ਬਿਆਸੀ ਹਜ਼ਾਰ ਸੱਤ ਸੌ ਛਿਹੱਤਰ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ: ਖੇਤਾ ਖਤੌਨੀ ਨੰ. 575/1639, ਖਸਰਾ ਨੰ. 134/(1-9),135//16/6(2-10) ਜਮ੍ਹਾਂਬੰਦੀ ਸਾਲ 2015-16 ਵਾਕੀਆ ਰਕਬਾ ਪਿੰਡ ਨੌਸ਼ਹਿਰਾ, ਪੰਨੂਆ ਪੱਟੀ ਦਾਸ ਕੀ, ਸਤਸੰਗ ਘਰ ਦੇ ਨੇੜੇ, ਤਹਿਸੀਲ- ਪੱਟੀ , ਜਿਲਾ. ਤਰਨ ਤਾਰਨ। ਹੱਦਾਂ: ਉੱਤਰ: ਗਲੀ ਅਤੇ ਮਨਧੀਰ ਸਿੰਘ ਦੀ ਜਾਇਦਾਦ, ਦੱਖਣ: ਅਮਰਜੀਤ ਕੌਰ ਅਤੇ ਮਨਿੰਦਰ ਸਿੰਘ ਦੀ ਜਾਇਦਾਦ, ਪੂਰਬ: ਅਮਰਜੀਤ ਕੌਰ ਅਤੇ ਮਨਿੰਦਰ ਸਿੰਘ ਦੀ ਜਾਇਦਾਦ, ਪੱਛਮ: ਅਵਤਾਰ ਸਿੰਘ ਦੀ ਜਾਇਦਾਦ। |
| ਸੁਖਵਿੰਦਰ ਸਿੰਘ (ਕਰਜ਼ਦਾਰ) 1. ਰਾਜ 2. ਅਕਾਸ਼ਦੀ 3. ਤਰਸੇਮ (ਸਹਿ-ਕਰਜ਼ਦਾਰ), ਕਰਨ ਕੁਮਾਰ (ਗਾਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-532: ਮਨਜ਼ੂਰ ਕਰਜ਼ਾ ਰਕਮ ਰੁਪਏ : 365188/- | 23-ਅਪ੍ਰੈਲ-2026<br>10-ਅਪ੍ਰੈਲ-2025 | 28 ਫਰਵਰੀ 2026 ਨੂੰ ਰੁਪਏ 515521 (ਪੰਜ ਲੱਖ ਪੰਦਰਾਂ ਹਜ਼ਾਰ ਪੰਜ ਇੱਕੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ: ਖੇਤਾ ਨੰ. 168/172/6, ਖਸਰਾ ਨੰ. 23//13/1/2(4-2) ਵਾਕਿਆ ਰਕਬਾ ਸਲਾਚ, ਮੋਗਾ ਹਾਈਵੇ ਦੇ ਨੇੜੇ, ਸ਼ਾਹਕੋਟ, ਜ਼ਿਲਾ- ਜਲੰਧਰ ਪੰਜਾਬ 144702, ਹੱਦਾਂ :ਉੱਤਰ : ਜੋਗਿੰਦਰ ਸਿੰਘ ਦੀ ਜਾਇਦਾਦ, ਦੱਖਣ : ਗਲੀ, ਪੂਰਬ: ਦੌਲਤ ਰਾਮ ਦੀ ਜਾਇਦਾਦ, ਪੱਛਮ : ਜੋਗਿੰਦਰ ਸਿੰਘ ਦੀ ਜਾਇਦਾਦ। |
| ਪਰਮਿੰਦਰ ਸਿੰਘ (ਕਰਜ਼ਦਾਰ) 1. ਸੁਰਿੰਦਰ ਸਿੰਘ 2. ਰਮਨਜੀਤ ਕੌਰ (ਸਹਿ-ਕਰਜ਼ਦਾਰ), ਰਵਿੰਦਰ ਸਿੰਘ ਸਿਆਣ (ਗਰੰਟਰ) ਲੋਨ ਨੰਬਰ: ਐੱਲ ਏ ਪੀ-733-ਐੱਲ ਡੀ ਐੱਚ:ਮਨਜ਼ੂਰ ਕਰਜ਼ਾ ਰਕਮ ਰੁਪਏ : 1567694/- | 23-ਅਪ੍ਰੈਲ-2026<br>06-ਨਵੰਬਰ-2025 | 28 ਫਰਵਰੀ-2026 ਨੂੰ ਰੁਪਏ 1743659 (ਸਤਾਰਾਂ ਲੱਖ ਤਰਤਾਲੀ ਹਜ਼ਾਰ ਛੇ ਸੌ ਉਨਾਹਟ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਪਿੰਡ ਗਿੱਲ ਨੰ. 01 ਐੱਚ ਨੰ. ਬੀ-21-3372/614/4, ਗਿੱਲ ਨੰ. 1, ਨਿਊ ਜਨਤਾ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ-141003, ਹੱਦਾਂ : ਉੱਤਰ : ਦਰਸ਼ਨ ਕੌਰ ਦੀ ਜਾਇਦਾਦ/16'-4", ਦੱਖਣ : 20' ਚੌੜੀ/16'-4", ਪੂਰਬ : ਸੁਰਜੀਤ ਸਿੰਘ ਦੀ ਜਾਇਦਾਦ/54'-0" ਪੱਛਮ : ਨਵਜੀਤ ਸਿੰਘ ਦੀ ਜਾਇਦਾਦ/54'-0" |
| ਰਾਜਬੀਰ ਸਿੰਘ ਸਿੱਧੂ (ਕਰਜ਼ਦਾਰ) 1. ਬਲਜਿੰਦਰ ਕੌਰ 2. ਹਰਦੀਪ ਸਿੰਘ (ਸਹਿ-ਕਰਜ਼ਦਾਰ), ਸੁਖਵਿੰਦਰ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-558: ਮਨਜ਼ੂਰ ਕਰਜ਼ਾ ਰਕਮ ਰੁਪਏ : 836014/- | 23-ਅਪ੍ਰੈਲ-2026<br>06-ਸਤੰਬਰ-2025 | 28 ਫਰਵਰੀ 2026 ਨੂੰ ਰੁਪਏ 1367537 (ਤੇਰਾਂ ਲੱਖ ਸਤਾਹਠ ਹਜ਼ਾਰ ਪੰਜ ਸੌ ਸੈਂਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖੇਵਟ ਨੰ. 29, ਖਸਰਾ ਨੰ. 39, ਖਸਰਾ ਨੰ. 17 ਐੱਮ/17/1 (62-9), ਜਮ੍ਹਾਂਬੰਦੀ ਸਾਲ 2017-18, ਵਾਕਿਆ ਰਕਬਾ ਸ਼ਰਾਫ ਅਲੀ ਸ਼ਾਹ ਵਾਲਾ, ਹੱਦਬਸਤ ਨੰ. 100, ਬਾਬਾ ਮਾਮੂ ਸ਼ਾਹ ਜੀ ਦੀ ਜਗ੍ਹਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ। ਹੱਦਾਂ : ਉੱਤਰ : ਬਖਸ਼ੀਸ਼ ਸਿੰਘ ਪੁੱਤਰ ਬਾਜ ਸਿੰਘ ਦੀ ਜਾਇਦਾਦ, ਦੱਖਣ : ਗਲੀ, ਪੂਰਬ : ਬਖਸ਼ੀਸ਼ ਸਿੰਘ ਪੁੱਤਰ ਬਾਜ ਸਿੰਘ ਦੀ ਜਾਇਦਾਦ, ਪੱਛਮ : ਬਖਸ਼ੀਸ਼ ਮਾਲਕ ਦੀ ਜ਼ਮੀਨ |
| ਮਨਜੋਤ ਸਿੰਘ (ਕਰਜ਼ਦਾਰ) 1. ਮਨਜੀਤ ਕੌਰ (ਸਹਿ-ਕਰਜ਼ਦਾਰ), ਸਤਨਾਮ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-624: ਮਨਜ਼ੂਰ ਕਰਜ਼ਾ ਰਕਮ ਰੁਪਏ : 783206/- | 23-ਅਪ੍ਰੈਲ-2026<br>06-ਸਤੰਬਰ-2025 | 28 ਫਰਵਰੀ 2026 ਨੂੰ ਰੁਪਏ 1160801 (ਗਿਆਰਾਂ ਲੱਖ ਸੱਠ ਹਜ਼ਾਰ ਅੱਠ ਸੌ ਇੱਕ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖਸਰਾ ਨੰ. 96//6/2/2 (1-0), ਖੇਵਟ ਖਤੌਨੀ ਨੰ. 419/764, ਜਮ੍ਹਾਂਬੰਦੀ ਸਾਲ 2019-20, ਹੱਦਬਸਤ ਨੰ. 260, ਅਬਾਦੀ ਵਾਕਿਆ ਰਕਬਾ ਪਿੰਡ ਰਾਜੇਵਾਲ ਖੁਰਦ, ਰਕਬਾ ਤਲਵੰਡੀ ਬੂਟਿਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702, ਹੱਦਾਂ : ਉੱਤਰ : ਸਤਨਾਮ ਸਿੰਘ ਵਗੈਰਾ ਦੀ ਜਾਇਦਾਦ, ਦੱਖਣ : ਰਾਮ ਲੁਭਾਇਆ ਦੀ ਜਾਇਦਾਦ, ਪੂਰਬ : ਸੜਕ, ਪੱਛਮ : ਹੋਰ ਖੇਤੀਬਾੜੀ ਵਾਲੀ ਜ਼ਮੀਨ |
| ਪਰਵੀਨ ਕੌਰ (ਕਰਜ਼ਦਾਰ) 1. ਗੁਰਬਾਜ਼ ਸਿੰਘ (ਸਹਿ-ਕਰਜ਼ਦਾਰ), ਦਲਜੀਤ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-745: ਮਨਜ਼ੂਰ ਕਰਜ਼ਾ ਰਕਮ ਰੁਪਏ : 1032234/- | 23-ਅਪ੍ਰੈਲ-2026<br>06-ਸਤੰਬਰ-2025 | 28 ਫਰਵਰੀ 2026 ਨੂੰ ਰੁਪਏ 1472138 (ਚੌਦਾਂ ਲੱਖ ਬਹੱਤਰ ਹਜ਼ਾਰ ਇੱਕ ਸੌ ਅਠੱਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਮਕਾਨ ਨੰ. 4, ਸੰਤ ਵਿਹਾਰ ਕਲੋਨੀ, ਪਿੰਡ ਲਿੱਧੜਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਜਮ੍ਹਾਂਬੰਦੀ ਸਾਲ 2016-2017, ਹੱਦਬਸਤ ਨੰ. 159, ਖੇਵਟ/ਖਤੌਨੀ ਨੰ. 3/3-4, 5/6, ਖਸਰਾ ਨੰ. 1//25/1, 25/2, 2//21/1, 21/2, 6//1, 9/2, 10/1, 11, 27, 7//5, 6, 15 ਵਾਕਿਆ ਅਬਾਦੀ ਸੰਤ ਵਿਹਾਰ, ਚੱਕ ਜਿੰਦਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ। ਹੱਦਾਂ: ਉੱਤਰ: ਹੋਰ, ਦੱਖਣ: ਗਗਗ ਸਾਹਿਬ ਦੀ ਜਾਇਦਾਦ, ਪੂਰਬ: ਸੁਦੇਸ਼ ਸ਼ਰਮਾ ਦੀ ਜਾਇਦਾਦ ਪੱਛਮ: 22' ਚੌੜੀ |
| ਬਬਲਦੀਪ ਸਿੰਘ (ਕਰਜ਼ਦਾਰ) 1. ਅਰਚਨਾ ਦੇਵੀ (ਸਹਿ-ਕਰਜ਼ਦਾਰ), ਰਣਜੀਤ ਕੌਰ (ਗਾਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-184-ਪੀ ਏ ਟੀ ਐੱਲ:ਮਨਜ਼ੂਰ ਕਰਜ਼ਾ ਰਕਮ ਰੁਪਏ : 720478/- | 31-ਮਾਰਚ-2026<br>15-ਦਸੰਬਰ-2025 | 28-ਫਰਵਰੀ-2026 ਨੂੰ ਰੁਪਏ 6,59,136 (ਛੇ ਲੱਖ ਉਨਾਹਟ ਹਜ਼ਾਰ ਇੱਕ ਸੌ ਛੱਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖੇਤਾ ਨੰ. 27/67, ਮੁਸਤਿਲ ਕਿੱਲਾ ਨੰ. 813//(-1), ਜਾਇਦਾਦ ਵਾਕਿਆ ਪਿੰਡ ਅੰਬੇ ਮਾਜਰਾ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ-147301 ਹੱਦਾਂ : ਪੂਰਬ : ਮਹਿੰਦਰ ਸਿੰਘ ਦੀ ਜਾਇਦਾਦ, ਉੱਤਰ : ਸਰਕਾਰੀ ਜਾਇਦਾਦ, ਪੱਛਮ : ਮੁਹੰਮਦ ਹੁਸੈਨ ਦੀ ਜਾਇਦਾਦ, ਦੱਖਣ : ਗਲੀ |
| ਹਰਨੇਕ ਸਿੰਘ (ਕਰਜ਼ਦਾਰ) 1. ਕੁਲਵਿੰਦਰ ਕੌਰ (ਸਹਿ-ਕਰਜ਼ਦਾਰ), ਸੁਖਪਾਲ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-506: ਮਨਜ਼ੂਰ ਕਰਜ਼ਾ ਰਕਮ ਰੁਪਏ : 1277663/- | 31-ਮਾਰਚ-2026<br>06-ਸਤੰਬਰ-2025 | 28-ਫਰਵਰੀ-2026 ਨੂੰ ਰੁਪਏ 14,08,222 (ਚੌਦਾਂ ਲੱਖ ਅੱਠ ਹਜ਼ਾਰ ਦੋ ਸੌ ਬਾਈ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖਸਰਾ ਨੰ. 75//22, ਖੇਤਾ ਨੰ. 925/1004, ਜਾਇਦਾਦ ਭੰਮੀਪੁਰਾ ਵਿਖੇ ਸਥਿਤ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ-142034, ਹੱਦਾਂ : ਪੂਰਬ : ਸਾਧੂ ਸਿੰਘ ਦੀ ਜਾਇਦਾਦ, ਉੱਤਰ : ਗਲੀ, ਪੱਛਮ : ਮੇਜਰ ਦੀ ਜਾਇਦਾਦ, ਦੱਖਣ : ਸੁਰਜੀਤ ਦੀ ਜਾਇਦਾਦ |
| ਲਵਪ੍ਰੀਤ ਸਿੰਘ (ਕਰਜ਼ਦਾਰ) 1. ਮੁਖਵਿੰਦਰ ਸਿੰਘ 2. ਚਿਮਨ ਸਿੰਘ 3. ਕੌਰਹੋ ਬਾਈ (ਸਹਿ-ਕਰਜ਼ਦਾਰ), ਸ਼ਿਗਾਰਾ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-1030: ਮਨਜ਼ੂਰ ਕਰਜ਼ਾ ਰਕਮ ਰੁਪਏ : 619987/- | 31-ਮਾਰਚ-2026<br>06-ਦਸੰਬਰ-2025 | 28-ਫਰਵਰੀ-2026 ਨੂੰ ਰੁਪਏ 6,40,125 (ਛੇ ਲੱਖ ਚਾਲੀ ਹਜ਼ਾਰ ਇੱਕ ਸੌ ਪੱਚੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖੇਵਟ ਖਤੌਨੀ ਨੰ. 94/104, ਖਸਰਾ ਨੰ. 15//22 (5-18) 23 (8-0) 24/1(4-0), 19//1 (2-15) (ਸਪਸ਼ਟ ਨਹੀਂ) 4 (1-2) ਜਾਇਦਾਦ ਪਿੰਡ ਮਿਆਣੀ ਵਿਖੇ ਸਥਿਤ, ਨੇੜੇ ਸਿੰਘ ਸਭ ਗੁਰਦੁਆਰਾ ਸਾਹਿਬ, ਤਹਿਸੀਲ ਸ਼ਾਹਕੋਟ ਤੇ ਲੋਹੀਆਂ ਖਾਸ, ਜ਼ਿਲ੍ਹਾ ਜਲੰਧਰ 144629, ਹੱਦਾਂ : ਪੂਰਬ : ਸ਼ਿਗਾਰਾ ਸਿੰਘ ਦੀ ਜਾਇਦਾਦ, ਉੱਤਰ : ਗਲੀ, ਪੱਛਮ : ਅਮਰ ਸਿੰਘ ਦੀ ਜਾਇਦਾਦ, ਦੱਖਣ : ਬਾਜ਼ ਸਿੰਘ ਦੀ ਜਾਇਦਾਦ |
| ਗੁਰਮੇਲ ਸਿੰਘ (ਕਰਜ਼ਦਾਰ), 1. ਜਸਵੀਰ ਕੌਰ 2. ਮੁਖਤਿਆਰ ਸਿੰਘ (ਸਹਿ-ਕਰਜ਼ਦਾਰ), ਬਖਸ਼ੀਸ਼ ਸਿੰਘ (ਗਾਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਮੋਗਾ-169: ਮਨਜ਼ੂਰ ਕਰਜ਼ਾ ਰਕਮ ਰੁਪਏ : 837677/- | 20-ਮਾਰਚ-2026<br>15-ਦਸੰਬਰ-2025 | 28-ਫਰਵਰੀ-2026 ਨੂੰ ਰੁਪਏ 798149 (ਸੱਤ ਲੱਖ ਅਠੰਨਵੇਂ ਹਜ਼ਾਰ ਇੱਕ ਸੌ ਉਨੰਜਾ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖਸਰਾ ਨੰ. 26 ਐੱਮ//9/1(0-9), ਖੇਵਟ ਨੰ. 58, ਖਤੌਨੀ ਨੰ. 93, ਹੱਦਬਸਤ ਨੰ. 205, ਜਾਇਦਾਦ ਪਿੰਡ ਤੇ ਡਾਕ ਸੰਘੇੜਾ, ਬੈਨ ਰੋਡ, ਨੇੜੇ ਗੁਰਦੁਆਰਾ ਸਾਹਿਬ, ਤਹਿ. ਧਰਮਕੋਟ, ਮੋਗਾ-142042, ਹੱਦਾਂ : ਉੱਤਰ : ਸੜਕ, ਦੱਖਣ : ਦਰਿਆ ਲਾਈਨਿੰਗ, ਪੂਰਬ : ਬਲਵਿੰਦਰ ਸਿੰਘ ਦੀ ਜ਼ਮੀਨ, ਪੱਛਮ : ਮੁਖਤਿਆਰ ਸਿੰਘ ਦੀ ਜਾਇਦਾਦ |
| ਰਣਜੀਤ ਸਿੰਘ (ਕਰਜ਼ਦਾਰ), 1. ਜਸਪ੍ਰੀਤ ਕੌਰ 2. ਨਿਰਮਲ ਸਿੰਘ 3. ਮਹਿੰਦਰ ਸਿੰਘ (ਸਹਿ-ਕਰਜ਼ਦਾਰ), ਭੁਪਿੰਦਰ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਮੋਗਾ-184: ਮਨਜ਼ੂਰ ਕਰਜ਼ਾ ਰਕਮ ਰੁਪਏ : 850000/- | 20-ਮਾਰਚ-2026<br>15-ਦਸੰਬਰ-2025 | 28 ਫਰਵਰੀ, 2026 ਨੂੰ ਰੁਪਏ 834660 (ਅੱਠ ਲੱਖ ਚੌਂਤੀ ਹਜ਼ਾਰ ਛੇ ਸੌ ਸੱਠ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ, ਖੇਵਟ ਨੰ. 58, ਖਸਰਾ ਨੰ. 21 ਐੱਮ//3/2 (7-10), ਵਾਕਿਆ ਰਕਬਾ ਪਿੰਡ ਤੇ ਡਾਕ. ਸ਼ੇਰੇਵਾਲਾ, ਨੇੜੇ ਸਿੰਘ ਸਭਾ ਗੁਰਦੁਆਰਾ, ਤਹਿਸੀਲ ਧਰਮਕੋਟ, ਮੋਗਾ-142042, ਹੱਦਾਂ : ਉੱਤਰ : ਗਲੀ, ਦੱਖਣ : ਮਾਲਕ, ਪੂਰਬ : ਜਸਵੰਤ ਸਿੰਘ ਦੀ ਜਾਇਦਾਦ, ਪੱਛਮ : ਨਿਰਮਲ ਸਿੰਘ ਦੀ ਜਾਇਦਾਦ |
| ਭੁਪਿੰਦਰ ਸਿੰਘ (ਕਰਜ਼ਦਾਰ), 1. ਜਗਦੀਸ਼ ਕੌਰ (ਸਹਿ-ਕਰਜ਼ਦਾਰ), ਅਮਰੀਕ ਸਿੰਘ (ਗਰੰਟਰ) ਲੋਨ ਨੰਬਰ: ਐੱਲ ਏ ਪੀ-ਮੋਗਾ-168: ਮਨਜ਼ੂਰ ਕਰਜ਼ਾ ਰਕਮ ਰੁਪਏ : 500000/- | 20-ਮਾਰਚ-2026<br>06-ਸਤੰਬਰ-2025 | 28 ਫਰਵਰੀ, 2026 ਨੂੰ ਰੁਪਏ 464008 (ਚਾਰ ਲੱਖ ਚੌਂਹਠ ਹਜ਼ਾਰ ਅੱਠ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ, ਖੇਵਟ ਨੰ. 114, ਖਤੌਨੀ ਨੰ. 296-299, ਖਸਰਾ ਨੰ. 42 ਐੱਮ, 17 ਮਿੰਨ (2-18), 24(2-1), 17(1-16), 42/24/1 ਮਿੰਨ(2-1) 17(2-15), ਵਾਕਿਆ ਰਕਬਾ ਕੋਹਾਲਾ, ਨੇੜੇ ਗੁਰਦੁਆਰਾ ਸਾਹਿਬ, ਪਿੰਡ ਕੋਹਾਲਾ, ਤਹਿਸੀਲ ਜ਼ੀਰਾ, ਫਿਰੋਜ਼ਪੁਰ-142047, ਹੱਦਾਂ: ਉੱਤਰ: ਗੁਰਵੰਤ ਸਿੰਘ ਦੀ ਜਾਇਦਾਦ ਅਤੇ ਜਗਤਾਰ ਸਿੰਘ ਦੀ ਜਾਇਦਾਦ, ਦੱਖਣ: ਸੁਬੇਹਾ ਸਿੰਘ ਦੀ ਜਾਇਦਾਦ, ਟਹਿਲ ਸਿੰਘ ਦੀ ਜਾਇਦਾਦ ਅਤੇ ਸੁਬੇਹਾ ਸਿੰਘ ਦੀ ਜਾਇਦਾਦ, ਪੂਰਬ: ਜਗੀਰ ਸਿੰਘ ਪੁੱਤਰ ਫਤਹਿ ਸਿੰਘ ਦੀ ਜਾਇਦਾਦ, ਪੱਛਮ: ਖੁਦ ਦੀ ਜਾਇਦਾਦ |
| ਜੌੜਾ (ਕਰਜ਼ਦਾਰ), 1. ਸੁਖਬੀਰ ਕੌਰ 2. ਰਵਿਦਾਸ 3. ਗੋਰਾ (ਸਹਿ-ਕਰਜ਼ਦਾਰ), ਸੁੱਖਾ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਮੋਗਾ-238: ਮਨਜ਼ੂਰ ਕਰਜ਼ਾ ਰਕਮ ਰੁਪਏ : 500000/- | 20-ਮਾਰਚ-2026<br>15-ਦਸੰਬਰ-2025 | 28-ਫਰਵਰੀ-2026 ਨੂੰ ਰੁਪਏ 433521 (ਚਾਰ ਲੱਖ ਤੇਤੀ ਹਜ਼ਾਰ ਪੰਜ ਸੌ ਇੱਕੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁੱਝ, ਖੇਵਟ ਨੰ. 69, ਖਤੌਨੀ ਨੰ. 87, ਖਸਰਾ ਮੁਸਤਿਲ ਨੰ. 12, ਕਿੱਲਾ ਨੰ. 42/1/2/2 (0-5), ਹੱਦਬਸਤ ਨੰ. 95, ਨੇੜੇ ਪੀਰ ਬਲਾਵਰ ਦਰਗਾਹ, ਪਿੰਡ ਖਿਲਚੀ ਜਦੀਦ, ਤਹਿਸੀਲ ਫਿਰੋਜ਼ਪੁਰ-152001, ਹੱਦਾਂ : ਉੱਤਰ : ਪੱਪੂ ਦੀ ਜਾਇਦਾਦ 23', ਦੱਖਣ : ਗਲੀ 23', ਪੂਰਬ : ਪੱਪੂ ਦੀ ਜਾਇਦਾਦ 60', ਪੱਛਮ : ਰਵਿਦਾਸ ਦੀ ਜਾਇਦਾਦ 60' |
| ਸਤਬੀਰ ਸਿੰਘ (ਕਰਜ਼ਦਾਰ), 1. ਕੇਵਲ ਸਿੰਘ 2. ਅਮਰਜੀਤ ਕੌਰ 3. ਗੋਰਾ (ਸਹਿ-ਕਰਜ਼ਦਾਰ), ਸੁਖਵਿੰਦਰ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਮੋਗਾ-260: ਮਨਜ਼ੂਰ ਕਰਜ਼ਾ ਰਕਮ ਰੁਪਏ : 550000/- | 20-ਮਾਰਚ-2026<br>10-ਅਪ੍ਰੈਲ-2025 | 28-ਫਰਵਰੀ-2026 ਨੂੰ ਰੁਪਏ 648804 (ਛੇ ਲੱਖ ਅਠਤਾਲੀ ਹਜ਼ਾਰ ਅੱਠ ਸੌ ਚਾਰ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਖੇਵਟ ਨੰ. 12, ਖਤੌਨੀ ਨੰ. 12, ਖਸਰਾ ਨੰਬਰ 154//2/3(0-12), 8/2/1(0-17), 9/1(5-7), 11/2(5-11), 20/1(3-7), 20/2(3-8) ਵਾਕਿਆ ਪਿੰਡ ਗੁਰੂ ਤੇਗ ਬਹਾਦਰ ਕਾਲੋਨੀ, ਡਾਕ. ਮਹਿਤਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144041, ਹੱਦਾਂ :- ਉੱਤਰ : ਸਚਿਨ ਅਸਥਾਨਾ ਪੁੱਤਰ ਕ੍ਰਿਸ਼ਨ ਕੁਮਾਰ ਦੀ ਜਾਇਦਾਦ 52',. ਦੱਖਣ: ਗੁਰਦੀਪ ਸਿੰਘ ਦੀ ਜਾਇਦਾਦ 52', ਪੂਰਬ: ਰਸਤਾ 43'-3" ਪੱਛਮ: ਮਾਲਕ 43'-3" |
| ਗਗਨਦੀਪ ਸਿੰਘ (ਕਰਜ਼ਦਾਰ), 1. ਸਰਬਜੀਤ ਕੌਰ (ਸਹਿ-ਕਰਜ਼ਦਾਰ), ਰਾਜ ਸਿੰਘ (ਗਰੰਟਰ) ਲੋਨ ਨੰਬਰ: ਐੱਲ ਏ ਪੀ-ਮੋਗਾ-267: ਮਨਜ਼ੂਰ ਕਰਜ਼ਾ ਰਕਮ ਰੁਪਏ : 1000000/- | 20-ਮਾਰਚ-2026<br>06-ਸਤੰਬਰ-2025 | 28-ਫਰਵਰੀ-2026 ਨੂੰ ਰੁਪਏ 1110718 (ਗਿਆਰਾਂ ਲੱਖ ਦਸ ਹਜ਼ਾਰ ਸੱਤ ਸੌ ਅਠਾਰਾਂ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਕਿੱਲਾ ਨੰ. 3/1 (1-2), 23 (7-9), ਮੁਰੱਬਾ ਨੰ. 11, ਖੇਵਟ ਨੰ. 186, ਖਤੌਨੀ ਨੰ. 358, ਵਾਕਿਆ ਰਕਬਾ ਜਾਇਦਾਦ ਨੇੜੇ ਗੁਰਦੁਆਰਾ ਸਾਹਿਬ ਵਿਖੇ ਸਥਿਤ, ਪਿੰਡ ਖੁੰਡਰ ਹਿਠਾੜ, ਤਹਿਸੀਲ ਫਿਰੋਜ਼ਪੁਰ-152023, ਹੱਦਾਂ :-ਉੱਤਰ: ਭਿਸਵਾ ਦੀ ਜਾਇਦਾਦ 146', ਦੱਖਣ : ਗੁਰਦੁਆਰਾ 146', ਪੂਰਬ : ਖੇਤੀਬਾੜੀ ਵਾਲੀ ਜ਼ਮੀਨ 75', ਪੱਛਮ : ਖੇਤੀਬਾੜੀ ਵਾਲੀ ਜ਼ਮੀਨ 7+' |
| ਬਲਵਿੰਦਰਜੀਤ ਸਿੰਘ (ਕਰਜ਼ਦਾਰ), 1. ਨਛੱਤਰ ਕੌਰ 2. ਕਮਲਜੀਤ ਕੌਰ 3. ਹਰਪ੍ਰੀਤ ਸਿੰਘ (ਸਹਿ-ਕਰਜ਼ਦਾਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਮੋਗਾ-10: ਮਨਜ਼ੂਰ ਕਰਜ਼ਾ ਰਕਮ ਰੁਪਏ : 518669/- | 20-ਮਾਰਚ-2026<br>06-ਅਕਤੂਬਰ-2025 | 31 ਜਨਵਰੀ-2026 ਨੂੰ ਰੁਪਏ 549582 (ਪੰਜ ਲੱਖ ਉਨੰਜਾ ਹਜ਼ਾਰ ਪੰਜ ਸੌ ਬਿਆਸੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਜਾਇਦਾਦ ਨੰ. 42/12, ਵਾਕਿਆ ਅਬਾਦੀ ਵਾਰਡ ਨੰ. 4, ਬਸਤੀ ਮਾਛੀਆਂ, ਜ਼ੀਰਾ ਫਿਰੋਜ਼ਪੁਰ-142047, ਹੱਦਾਂ:- ਉੱਤਰ: ਸੋਮਾ ਸਿੰਘ ਪੁੱਤਰ ਮਹਿੰਦਰ ਦੀ ਜਾਇਦਾਦ, ਦੱਖਣ: ਗਲੀ, ਪੂਰਬ: ਨਰਿੰਦਰਜੀਤ ਸਿੰਘ ਦੀ ਜਾਇਦਾਦ, ਪੱਛਮ: ਗਲੀ |
| ਗੁਰਪਿੰਦਰ ਸਿੰਘ (ਕਰਜ਼ਦਾਰ), 1. ਮੁਖਤਾਰ ਸਿੰਘ 2. ਸਪਨਾ ਕੌਰ 3. ਦਵਿੰਦਰ ਸਿੰਘ (ਸਹਿ-ਕਰਜ਼ਦਾਰ), ਨਵਜੋਤ ਸਿੰਘ (ਗਾਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਬੀ ਏ ਟੀ-422:ਮਨਜ਼ੂਰ ਕਰਜ਼ਾ ਰਕਮ ਰੁਪਏ : 5,13,211/- | 20-ਮਾਰਚ-2026<br>06-ਸਤੰਬਰ-2025 | 31 ਜਨਵਰੀ 2026 ਨੂੰ ਰੁਪਏ 540159 (ਪੰਜ ਲੱਖ ਚਾਲੀ ਹਜ਼ਾਰ ਇੱਕ ਸੌ ਉਨਾਹਟ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ, ਕਿੱਲਾ ਨੰ. 54//8/1/1/1(2-13), ਖੇਤਾ ਨੰ. 234/345, ਜਮ੍ਹਾਂਬੰਦੀ ਸਾਲ 2021-22, ਪਿੰਡ ਚੋਗਾਵਾਂ, ਅਜਨਾਲਾ, ਅੰਮ੍ਰਿਤਸਰ-143109, ਹੱਦਾਂ: ਉੱਤਰ : ਗਲੀ 6' ਚੌੜੀ 56', ਦੱਖਣ: ਮੁਖਤਾਰ ਸਿੰਘ ਦੀ ਜਾਇਦਾਦ, ਪੂਰਬ: ਹਵੇਲੀ ਗੰਡਾ ਸਿੰਘ ਦੀ ਜਾਇਦਾਦ, ਪੱਛਮ: ਸੁਬੇਗ ਸਿੰਘ ਦੀ ਜਾਇਦਾਦ |
| ਪਰਮਜੀਤ ਸਿੰਘ (ਕਰਜ਼ਦਾਰ), 1. ਪਰਵੀਨ ਕੌਰ (ਸਹਿ-ਕਰਜ਼ਦਾਰ), ਕਾਲਾ ਸਿੰਘ (ਗਰੰਟਰ) ਕਰਜ਼ਾ ਖਾਤਾ ਨੰਬਰ: ਐੱਲ ਏ ਪੀ-ਜੇ ਡੀ ਐੱਚ-1143 ਮਨਜ਼ੂਰ ਕਰਜ਼ਾ ਰਕਮ ਰੁਪਏ : 624362/- | 20-ਮਾਰਚ-2026<br>06-ਸਤੰਬਰ-2025 | 31 ਜਨਵਰੀ 2026 ਨੂੰ ਰੁਪਏ 667081 (ਛੇ ਲੱਖ ਸਤਾਹਟ ਹਜ਼ਾਰ ਇਕਾਸੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਵਟ ਨੰ. 314/417 ਖਸਰਾ ਨੰ. 50//11/2(3-16) ਵਾਕਿਆ ਰਕਬਾ ਮੰਡਾਲਾ, ਹੱਦਬਸਤ ਨੰ. 211 ਜਮ੍ਹਾਂਬੰਦੀ ਸਾਲ 2020-21 ਮੰਡਾਲਾ, ਛੰਨਾ, ਨੇੜੇ ਸਰਕਾਰੀ ਸਕੂਲ , ਜ਼ਿਲ੍ਹਾ ਜਲੰਧਰ, ਤਹਿਸੀਲ ਸ਼ਾਹਕੋਟ-144629। ਹੱਦਾਂ: ਉੱਤਰ : ਗਲੀ/ਰਸਤਾ, ਦੱਖਣ: ਜਗਿੰਦਰ ਸਿੰਘ ਪੁੱਤਰ ਸੋਹਣ ਸਿੰਘ ਦੀ ਜਾਇਦਾਦ, ਪੂਰਬ : ਭਾਗ ਸਿੰਘ ਪੁੱਤਰ ਨਰਾਇਣ ਸਿੰਘ ਦੀ ਜਾਇਦਾਦ, ਪੱਛਮ : ਬਲਵੀਰ ਸਿੰਘ ਪੁੱਤਰ ਕਰਤਾਰ ਸਿੰਘ ਦੀ ਜਾਇਦਾਦ |
| ਅਮਰਜੀਤ ਕੌਰ (ਕਰਜ਼ਦਾਰ), ਪਿਆਰਾ ਸਿੰਘ (ਸਹਿ-ਕਰਜ਼ਦਾਰ) ਕਰਜ਼ਾ ਖਾਤਾ ਨੰਬਰ: ਐੱਲ ਏ ਪੀ-ਜੇ ਡੀ ਐੱਚ-1399: ਮਨਜ਼ੂਰ ਕਰਜ਼ਾ ਰਕਮ ਰੁਪਏ : 690786/- | 26-ਮਾਰਚ-2026<br>06-ਅਕਤੂਬਰ-2025 | 31 ਜਨਵਰੀ, 2026 ਨੂੰ ਰੁਪਏ 751638 (ਸੱਤ ਲੱਖ ਇਕਵੰਜਾ ਹਜ਼ਾਰ ਛੇ ਸੌ ਅਠੱਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਹੱਦਬਸਤ ਨੰ. 224 ਖੇਵਟ ਨੰ. 117 ਖਤੌਨੀ ਨੰ. 187 ਖਸਰਾ ਨੰ. 10 ਐੱਮ//2/2(3-6) ਜਮ੍ਹਾਂਬੰਦੀ ਸਾਲ 2018-19 ਪਿੰਡ ਤੇ ਡਾਕਖਾਨਾ ਕਾਲੀ ਰਾਓਂ, ਫਿਰਨੀ ਰੋਡ, ਨੇੜੇ ਗੁਰਦੁਆਰਾ ਸਾਹਿਬ-144629। ਹੱਦਾਂ : ਉੱਤਰ : ਗਲੀ 56', ਦੱਖਣ : ਖੇਤੀਬਾੜੀ ਜ਼ਮੀਨ 56', ਪੂਰਬ : ਗਲੀ 80', ਪੱਛਮ : ਖੇਤੀਬਾੜੀ ਵਾਲੀ ਜ਼ਮੀਨ 80' |
| ਮਨਜੀਤ ਸਿੰਘ (ਕਰਜ਼ਦਾਰ), ਸੁਰਜੀਤ ਕੌਰ (ਸਹਿ-ਕਰਜ਼ਦਾਰ), ਗੁਰਜੀਤ ਸਿੰਘ (ਗਰੰਟਰ) ਕਰਜ਼ਾ ਨੰਬਰ: ਐੱਲ ਏ ਪੀ-ਮੋਗਾ-124: ਮਨਜ਼ੂਰ ਕਰਜ਼ਾ ਰਕਮ ਰੁਪਏ : 5,15,499/- | 26-ਮਾਰਚ-2026<br>06-ਸਤੰਬਰ-2025 | 31 ਜਨਵਰੀ, 2026 ਨੂੰ ਰੁਪਏ 5,44,134 (ਪੰਜ ਲੱਖ ਚੁਤਾਲੀ ਹਜ਼ਾਰ ਇੱਕ ਸੌ ਚੌਂਤੀ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਐੱਮ : 32 ਕਿੱਲਾ 2/1/3 (0-9) 9/2 ਮਿੰਨ, ਦੱਖਣ (0-13) ਕਿੱਲਾ ਨੰ. 2/1/3 ਰਕਬਾ ਪਿੰਡ ਮਹਿਮਾ, ਡਾਕਖਾਨਾ ਖਾਈ, ਫਿਰੋਜ਼ਪੁਰ-152002 ਹੱਦਾਂ : ਉੱਤਰ : ਹਰਭਜਨ ਸਿੰਘ 101 ਫੁੱਟ, ਦੱਖਣ : ਹੋਰ 101', ਪੂਰਬ : 101 ਫੁੱਟ, ਪੱਛਮ : ਖੇਤੀਬਾੜੀ ਵਾਲੀ ਜ਼ਮੀਨ 60 ਫੁੱਟ, ਪੱਛਮ : ਗਲੀ 60 ਫੁੱਟ। |
| ਗੁਰਜੀਤ ਕੌਰ (ਕਰਜ਼ਦਾਰ), ਤਰਸੇਮ ਸਿੰਘ (ਸਹਿ-ਕਰਜ਼ਦਾਰ), ਨਰਿੰਦਰ ਸਿੰਘ (ਗਰੰਟਰ) ਕਰਜ਼ਾ ਖਾਤਾ ਨੰ.: ਐੱਲ ਏ ਪੀ-ਜੇ ਡੀ ਐੱਚ-262: ਮਨਜ਼ੂਰ ਕਰਜ਼ਾ ਰਕਮ ਰੁਪਏ : 1208648/- | 23-ਅਪ੍ਰੈਲ-2026<br>10-ਅਪ੍ਰੈਲ-2025 | 28 ਫਰਵਰੀ, 2026 ਨੂੰ ਰੁਪਏ 12,98,550 (ਬਾਰਾਂ ਲੱਖ ਅਠੰਨਵੇਂ ਹਜ਼ਾਰ ਪੰਜ ਸੌ ਪੰਜਾਹ ਰੁਪਏ ਕੇਵਲ) | ਜਾਇਦਾਦ ਨਾਲ ਸੰਬੰਧਤ ਸਭ ਕੁਝ ਖੇਤਾ ਨੰ. 756/1009, 75/1010 ਖਸਰਾ ਨੰ. 2656/2248(3-0) ਦਾ 1/5, 2655/2241(1-0) ਦਾ 1/10 ਵਾਕਿਆ ਰਕਬਾ ਢੇਸੀਆ ਕਾਹਨਾ, ਤਹਿਸੀਲ ਫਿਲੌਰ ਜਾਇਦਾਦ ਪਿੰਡ ਢੇਸੀਆਂ ਕਾਹਨਾ ਵਿਖੇ ਸਥਿਤ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-144311, ਹੱਦਾਂ: ਉੱਤਰ: ਹੋਰ ਜਾਇਦਾਦ 29 ਫੁੱਟ 3 ਤਿੰਨ, ਦੱਖਣ: ਸੜਕ 26 ਫੁੱਟ ਚੌੜੀ, 28 ਫੁੱਟ 1 ਇੰਚ, ਪੂਰਬ: ਗੁਰਮਨਪਾਲ ਸਿੰਘ ਦੀ ਜਾਇਦਾਦ 130 ਫੁੱਟ, ਪੱਛਮ: ਅਮਰੀਕ ਸਿੰਘ ਦੀ ਜਾਇਦਾਦ 130 ਫੁੱਟ। |

ਮਿਤੀ : 11 ਮਈ 2026
ਸਥਾਨ: ਪੰਜਾਬ

ਸੀ ਐੱਫ ਐੱਮ ਐਸਟ ਰੀਕੰਸਟ੍ਰਕਸ਼ਨ ਪ੍ਰਾਈਵੇਟ ਲਿਮਟਿਡ
[ਸੀ ਐੱਫ ਐੱਮ ਏ ਆਰ ਸੀ ਟਰੱਸਟ-193 ਦੇ ਟਰੱਸਟੀ ਦੀ ਹੈਸੀਅਤ ਵਜੋਂ ਕਾਰਜਸ਼ੀਲ]

# ਭਾਖਰਪੁਰ ਕਤਲ ਕਾਂਡ: ਦੋ ਦਿਨਾ ਰਿਮਾਂਡ ਤੋਂ ਬਾਅਦ ਮੁਲਜ਼ਮ ਪਿਓ-ਪੁੱਤ ਨੂੰ ਜੇਲ੍ਹ ਭੇਜਿਆ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਨੇੜਲੇ ਪਿੰਡ ਭਾਖਰਪੁਰ ਵਿਖੇ ਬੀਤੇ ਦਿਨੀਂ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਹੋਏ ਮਾਮੂਲੀ ਝਗੜੇ ਦੌਰਾਨ ਇੱਕ ਵਿਅਕਤੀ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪਿਓ-ਪੁੱਤ ਨੂੰ ਪੁਲਿਸ ਰਿਮਾਂਡ ਖ਼ਤਮ ਹੋਣ ਉਪਰੰਤ ਡੇਰਾਬੱਸੀ ਦੀ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਦੋਵਾਂ ਮੁਲਜ਼ਮਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਤਹਿਤ ਪਟਿਆਲਾ ਜੇਲ੍ਹ ਭੇਜਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਕਰਯੋਗ ਹੈ ਕਿ ਬੀਤੇ ਬੁੱਧਵਾਰ ਦੀ ਸ਼ਾਮ ਨੂੰ ਪਿੰਡ ਭਾਖਰਪੁਰ ਦੇ ਰਹਿਣ ਵਾਲੇ 52 ਸਾਲਾ ਤਰਸੇਮ ਸਿੰਘ ਪੁੱਤਰ ਪਾਲ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਮਿਲੀ ਜਾਣਕਾਰੀ ਅਨੁਸਾਰ, ਤਰਸੇਮ ਸਿੰਘ ਬੱਸ ਸਟੈਂਡ ਨੇੜੇ ਆਪਣਾ ਮੋਟਰਸਾਈਕਲ ਸਰਵਿਸ ਕਰਵਾਉਣ ਲਈ ਗਿਆ ਹੋਇਆ ਸੀ। ਉੱਥੇ ਹੀ ਮੌਜੂਦ ਮੁਲਜ਼ਮ ਮੋਹਨ ਸਿੰਘ ਅਤੇ ਉਸ ਦੇ ਪੁੱਤਰ ਬਲਜੀਤ ਸਿੰਘ, ਜੋ ਕਿ ਬਿਜਲੀ ਦਾ ਕੰਮ ਕਰਦੇ ਹਨ, ਨਾਲ ਤਰਸੇਮ ਸਿੰਘ ਦੀ ਬਹਿਸ ਹੋ ਗਈ। ਇਹ ਬਹਿਸ ਲਗਭਗ ਪੌਣੇ ਦੋ ਲੱਖ ਰੁਪਏ ਦੇ ਲੈਣ-ਦੇਣ ਨੂੰ ਲੈ ਕੇ ਹੋਈ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਪੈਸੇ ਤਰਸੇਮ ਸਿੰਘ ਨੇ ਨਹੀਂ, ਸਗੋਂ ਉਸ ਦੇ ਭਤੀਜੇ ਨੇ ਦੇਣੇ ਸਨ, ਪਰ ਤਕਰਾਰ ਇੰਨੀ ਵੱਧ ਗਈ ਕਿ ਗੁੱਸੇ ਵਿੱਚ ਆਏ ਮੁਲਜ਼ਮਾਂ ਨੇ ਤਰਸੇਮ ਸਿੰਘ 'ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਨੇੜੇ ਦੀ ਇੱਕ ਦੁਕਾਨ ਤੋਂ ਚਾਕੂ ਚੁੱਕ ਕੇ ਤਰਸੇਮ ਸਿੰਘ ਦੇ ਸਰੀਰ 'ਤੇ ਕਈ ਵਾਰ ਕੀਤੇ, ਜਿਸ ਕਾਰਨ ਉਹ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਡੇਰਾਬੱਸੀ ਥਾਣਾ ਮੁਖੀ ਇੰਸਪੈਕਟਰ ਸੁਮਿਤ ਮੋਰ ਨੇ ਦੱਸਿਆ ਕਿ ਦੋ ਦਿਨਾਂ ਦੇ ਪੁਲਿਸ ਰਿਮਾਂਡ ਦੌਰਾਨ ਮੁਲਜ਼ਮਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਗਈ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਚਾਕੂ ਨਾਲ ਘਾਤਕ ਵਾਰ ਬੇਟੇ ਬਲਜੀਤ ਸਿੰਘ ਨੇ ਨਹੀਂ, ਸਗੋਂ ਪਿਤਾ ਮੋਹਨ ਸਿੰਘ ਨੇ ਕੀਤੇ ਸਨ। ਪੁਲਿਸ ਨੇ ਵਾਰਦਾਤ ਵਿੱਚ ਵਰਤਿਆ ਗਿਆ ਹਥਿਆਰ (ਚਾਕੂ) ਪਹਿਲਾਂ ਹੀ ਬਰਾਮਦ ਕਰ ਲਿਆ ਸੀ। ਪੁਲਿਸ ਅਨੁਸਾਰ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਪਿਛਲੇ ਕੁਝ ਸਮੇਂ ਤੋਂ ਖਿਚੋਤਾਣ ਚੱਲ ਰਹੀ ਸੀ, ਜਿਸ ਨੇ ਬੁੱਧਵਾਰ ਸ਼ਾਮ ਨੂੰ ਹਿੰਸਕ ਰੂਪ ਲੈ ਲਿਆ। ਸ਼ਨੀਵਾਰ ਨੂੰ ਰਿਮਾਂਡ ਖ਼ਤਮ ਹੋਣ ਤੇ ਪੁਲਿਸ ਨੇ ਭਾਰੀ ਸੁਰੱਖਿਆ ਪ੍ਰਬੰਧਾਂ ਹੇਠ ਮੁਲਜ਼ਮ ਮੋਹਨ ਸਿੰਘ ਅਤੇ ਬਲਜੀਤ ਸਿੰਘ ਨੂੰ ਸਿਵਲ ਹਸਪਤਾਲ ਵਿੱਚ ਮੈਡੀਕਲ ਕਰਵਾਉਣ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕੀਤਾ। ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਕੋਲੋਂ ਮੁੱਢਲੀ ਪੁੱਛਗਿੱਛ ਮੁਕੰਮਲ ਹੋ ਚੁੱਕੀ ਹੈ। ਮਾਨਯੋਗ ਜੱਜ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜਣ ਦੇ ਹੁਕਮ ਦਿੱਤੇ।



# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਚੰਦੀ ਨੇ ਬੱਸ ਨੂੰ ਕੀਤਾ ਰਵਾਨਾ




**ਕਪੂਰਥਲਾ (ਮਨਜੀਤ ਮਾਨ)**-ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਸਿੰਘ ਸੰਘਾ, ਵਿਜੇ ਅਰੋੜਾ ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਤੇ ਸਰਬਨ ਸਿੰਘ ਸੰਘਾ, ਜਗਰੂਪ ਸਿੰਘ ਦੀ ਅਗਵਾਈ ਹੇਠ ਸੰਗਤਾਂ ਨੂੰ ਵੱਖ ਵੱਖ ਗੁਰਧਾਮਾਂ ਦੇ ਦਰਸ਼ਨ ਕਰਵਾਏ ਤੇ ਸੰਗਤਾਂ ਦੀ ਬੱਸ ਨੂੰ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਵੱਲੋਂ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਤੋਂ ਬੋਲੇ ਸੋ ਨਿਹਾਲ ਸਤਿ ਸ਼੍ਰੀ ਆਕਾਲ ਦੇ ਜੈਕਾਰਿਆਂ ਦੇ ਨਾਲ ਰਵਾਨਾ ਕੀਤਾ ਗਿਆ। ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੋ ਦਿਨ ਲਈ ਗੁਰਦੁਆਰਾ ਕੀਰਤ ਪੁਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਤੇ ਮਾਤਾ ਨੈਣਾ ਦੇਵੀ ਜੀ ਦੇ ਦਰਸ਼ਨ ਸੰਗਤਾਂ ਨੂੰ ਕਰਵਾਏ ਜਾਣਗੇ ਸੰਗਤਾਂ ਵਾਸਤੇ ਰਹਿਣ ਸਹਿਣ ਤੇ ਖਾਣੇ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਗਿਆ ਹੈ।

ਇਸ ਮੌਕੇ ਪਰਦੀਪ ਕੌਰ, ਅਰਸ਼ਦੀਪ ਸਿੰਘ, ਅੰਕੁਰ,ਜਸਕਰਨ ਕੌਰ, ਅਭਿਸ਼ੇਕ ਸਿੰਘ ਤੋਂ ਇਲਾਵਾ ਨਰਿੰਦਰ ਸਿੰਘ ਸੰਘਾ ਹਲਕਾ ਕੋਆਰਡੀਨੇਟਰ ਕਿਸਾਨ ਵਿੰਗ ਕਪੂਰਥਲਾ, ਜਗਰੂਪ ਸਿੰਘ ਇੰਚਾਰਜ ਸੋਸ਼ਲ ਮੀਡੀਆ ਕਪੂਰਥਲਾ, ਵਿਜੇ ਅਰੋੜਾ ਬਲਾਕ ਪ੍ਰਧਾਨ, ਡਾਕਟਰ ਬਲਰਾਮ ਸ਼ਰਮਾ ਉਰਫ਼ ਡਾਕਟਰ ਕਿੰਦੀ ਸੀਨੀਅਰ ਆਗੂ, ਡਾਕਟਰ ਬਲਕਾਰ ਲਾਲਕਾ ਪ੍ਰਧਾਨ ਬੀ ਸੀ ਵਿੰਗ , ਅਕਾਸ਼,ਸਰਬਨ ਸਿੰਘ ਸੰਘਾ , ਸੁਨੀਲ ਕੁਮਾਰ, ਤੀਰਥ ਸਿੰਘ ਸਕੱਤਰ,ਤੋਂ ਇਲਾਵਾ ਹੋਰ ਆਗੂ ਇਸ ਮੌਕੇ ਤੇ ਹਾਜ਼ਰ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਜਾਗਰੂਕਤਾ ਅਭਿਆਨ ਸ਼ੁਰੂ

**ਬੰਗਾ (ਅਵਤਾਰ ਕਲੇਰ)**- ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬੰਗਾ ਹਲਕੇ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਹਲਕੇ ਵਿੱਚ ਵਿਸ਼ੇਸ਼ ਜਾਗਰੂਕਤਾ ਅਭਿਆਨ ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਤਹਿਤ ਈ-ਰਿਕਸ਼ਾ ਰਾਹੀਂ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇਗਾ।ਡਾ ਸੁੱਖੀ ਨੇ ਬੰਗਾ ਵਿਖੇ ਈ-ਰਿਕਸ਼ਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਨ੍ਹਾਂ ਈ-ਰਿਕਸ਼ਾ 'ਤੇ ਨਸ਼ਾ ਵਿਰੋਧੀ ਸੰਦੇਸ਼, ਸਿਹਤ ਵਿਭਾਗ ਦਾ ਹੈਲਪਲਾਈਨ ਨੰਬਰ ਅਤੇ ਨਸ਼ਾ ਛੁਡਾਊ ਕੇਂਦਰਾਂ ਦੀ ਜਾਣਕਾਰੀ ਵਾਲੇ ਪੋਸਟਰ ਵੰਡੇ ਜਾਣਗੇ ਤੇ ਲਾਊਡ ਸਪੀਕਰ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸੁਖੀ ਨੇ ਕਿਹਾ ਕਿ ਨਸ਼ਾ ਸਾਡੀ ਨੌਜਵਾਨ ਪੀੜ੍ਹੀ ਨੂੰ ਖੋਖਲਾ ਕਰ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਦੇ ਨਾਲ-ਨਾਲ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ। ਇਸੇ ਲਈ ਬੰਗਾ ਹਲਕੇ ਦੇ ਹਰ ਪਿੰਡ ਤੱਕ ਇਹ ਸੰਦੇਸ਼ ਪਹੁੰਚਾਇਆ ਜਾਵੇਗਾ ਕਿ ਨਸ਼ਾ ਛੱਡੋ, ਜ਼ਿੰਦਗੀ ਚੁਣੋ। ਉਨ੍ਹਾਂ ਦੱਸਿਆ ਕਿ ਈ-ਰਿਕਸ਼ਾ ਰਾਹੀਂ ਪਿੰਡਾਂ ਦੀਆਂ ਗਲੀਆਂ, ਸਕੂਲਾਂ, ਕਾਲਜਾਂ ਅਤੇ ਭੀੜ-ਭਾੜ ਵਾਲੇ ਬਾਜ਼ਾਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਸੇਠੀ ਉਧਾਨਵਾਲ ਜ਼ਿਲ੍ਹਾ ਇੰਚਾਰਜ ਐੱਨ ਐੱਮ ਐੱਮ, ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪਵਨਜੀਤ ਸਿੰਘ ਸਿੱਧੂ ਸਿੱਧੂ ਹਲਕਾ ਸੰਗਠਨ ਇੰਚਾਰਜ ਅਤੇ ਲੋਕ ਹਾਜ਼ਰ ਸਨ।



# ਤਿੰਨ ਮਹੀਨਿਆਂ ਤੋਂ ਤਨਖਾਹਾਂ ਤੋਂ ਵਾਂਝੇ ਗੈਸਟ ਪ੍ਰੋਫੈਸਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਲਗਭਗ 800 ਗੈਸਟ ਫੈਕਲਟੀ ਸਹਾਇਕ ਪ੍ਰੋਫੈਸਰ ਕੰਮ ਕਰ ਰਹੇ ਹਨ।ਸਰਕਾਰ ਵੱਲੋਂ ਇਨ੍ਹਾਂ ਗੈਸਟ ਪ੍ਰੋਫੈਸਰਾਂ ਤੋਂ ਰੈਗੂਲਰ ਪ੍ਰੋਫੈਸਰਾਂ ਵਾਂਗ ਸਾਰੇ ਕੰਮ ਤਾਂ ਲਏ ਜਾ ਰਹੇ ਹਨ, ਪਰ ਬਦਲੇ ਵਿੱਚ ਬਹੁਤ ਹੀ ਨਿਗੂਣਾ ਮਾਣ ਭੱਤਾ ਦਿੱਤਾ ਜਾਂਦਾ ਹੈ। ਦੁਖਦਾਈ ਗੱਲ ਇਹ ਹੈ ਕਿ ਇਹ ਨਿਗੂਣਾ ਮਾਣ ਭੱਤਾ ਵੀ ਸਮੇਂ ਸਿਰ ਜਾਰੀ ਨਹੀਂ ਕੀਤਾ ਜਾਂਦਾ।ਇਲੀਜੀਬਲ ਸਹਾਇਕ ਪ੍ਰੋਫੈਸਰ ਗੈਸਟ ਫੈਕਲਟੀ ਐਸੋਸੀਏਸ਼ਨ ਸਰਕਾਰੀ ਕਾਲਜ ਪੰਜਾਬ ਦੇ ਨੁਮਾਇੰਦੇ ਅਤੇ ਸਰਕਾਰੀ ਕਾਲਜ ਡੇਰਾਬੱਸੀ ਦੇ ਰਾਜਨੀਤੀ ਵਿਗਿਆਨ ਵਿਭਾਗ ਦੇ ਗੈਸਟ ਫੈਕਲਟੀ ਪ੍ਰੋ. ਸੁਨੀਲ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੇ ਸਰਕਾਰੀ ਕਾਲਜਾਂ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਗੈਸਟ ਪ੍ਰੋਫੈਸਰਾਂ ਦੀ ਪਿਛਲੇ ਕਰੀਬ ਤਿੰਨ ਮਹੀਨਿਆਂ ਦੀ ਤਨਖਾਹ ਅਜੇ ਤੱਕ ਜਾਰੀ ਨਹੀਂ ਕੀਤੀ ਗਈ, ਜਿਸ ਕਾਰਨ ਗੈਸਟ ਪ੍ਰੋਫੈਸਰ ਭਾਰੀ ਆਰਥਿਕ ਤਣਾਅ ਦਾ ਸਾਹਮਣਾ ਕਰਨ ਲਈ ਮਜਬੂਰ ਹਨ।ਉਨ੍ਹਾਂ ਕਿਹਾ ਕਿ ਸਰਕਾਰ ਪਹਿਲਾਂ ਹੀ ਗੈਸਟ ਫੈਕਲਟੀ ਨੂੰ ਬੇਸਿਕ ਤਨਖਾਹ ਤੋਂ ਵਾਂਝਾ ਰੱਖ ਕੇ ਲਗਾਤਾਰ ਸ਼ੋਸ਼ਣ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਲਗਭਗ 180 ਸਹਾਇਕ ਪ੍ਰੋਫੈਸਰਾਂ ਨੂੰ ਕਰੀਬ ਇੱਕ ਸਾਲ ਬਾਅਦ ਤਨਖਾਹ ਨਸੀਬ ਹੋਈ ਸੀ।ਉਨ੍ਹਾਂ ਪੰਜਾਬ ਸਰਕਾਰ ਅਤੇ ਉੱਚੇਰੀ ਸਿੱਖਿਆ ਵਿਭਾਗ ਨੂੰ ਅਪੀਲ ਕਰਦਿਆਂ ਕਿਹਾ ਕਿ ਗੈਸਟ ਫੈਕਲਟੀ ਪ੍ਰੋਫੈਸਰਾਂ ਦੀ ਰੁਕੀ ਹੋਈ ਤਨਖਾਹ ਤੁਰੰਤ ਪਹਿਲ ਦੇ ਆਧਾਰ 'ਤੇ ਜਾਰੀ ਕੀਤੀ ਜਾਵੇ ਅਤੇ ਭਵਿੱਖ ਵਿੱਚ ਸਮੇਂ ਸਿਰ ਤਨਖਾਹ ਯਕੀਨੀ ਬਣਾਈ ਜਾਵੇ।



# ਸੰਤ ਬਾਬਾ ਨਰਿੰਦਰ ਸਿੰਘ ਨੇ ਗੁਰਦੁਆਰੇ 'ਚ ਚੱਲ ਰਹੇ ਕਾਰਜਾਂ ਦਾ ਲਿਆ ਜਾਇਜ਼ਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਸੰਪਰਦਾਇ ਕਾਰ ਸੇਵਾ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਮੁਖੀ ਬਾਬਾ ਨਰਿੰਦਰ ਸਿੰਘ ਜੀ ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ ਵਿਖੇ ਪਹੁੰਚੇ ਤੇ ਗੁਰਦੁਆਰਾ ਸਾਹਿਬ ਦੀ ਬਣ ਰਹੀ ਨਵੀਂ ਇਮਾਰਤ ਦੇ ਚੱਲ ਰਹੇ ਕਾਰ ਸੇਵਾ ਦੇ ਵੱਖ-ਵੱਖ ਕਾਰਜਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਅਸਥਾਨ ਦੇ ਜਥੇਦਾਰ ਬਾਬਾ ਗੁਰਮੀਤ ਸਿੰਘ ਜੀਆਂ ਨਾਲ ਅਗਲੇ ਕਾਰ ਸੇਵਾ ਦੇ ਕਾਰਜਾਂ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਤੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਤੋਂ ਪਹਿਲਾਂ ਉਹ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਬਾਬਾ ਦਲੇਰ ਸਿੰਘ, ਜਥੇਦਾਰ ਲਖਵਿੰਦਰ ਸਿੰਘ ਨਡਾਲੋਂ, ਬਾਬਾ ਪਰਮਜੀਤ ਸਿੰਘ ਹਰਿਆਣਾ, ਬਾਬਾ ਗੁਰਪਾਲ ਸਿੰਘ ਜੀ, ਜਥੇਦਾਰ ਇਕਬਾਲ ਸਿੰਘ ਖੇੜਾ, ਅਮਰਜੀਤ ਸਿੰਘ ਖਾਲਸਾ ਜਾਂਗਲੀਆਣਾ, ਭਾਈ ਰਣਜੋਧ ਸਿੰਘ ਨਡਾਲੋਂ, ਧਰਮਿੰਦਰ ਸਿੰਘ ਸੋਨੂੰ ਨਡਾਲੋਂ, ਬਾਬਾ ਜਰਨੈਲ ਸਿੰਘ ਨਡਾਲੋਂ, ਕਿਸ਼ਨ ਸਿੰਘ ਲਾਂਗਰੀ, ਬਿੰਦਰ ਬਾਬਾ, ਬਲਜਿੰਦਰ ਸਿੰਘ ਪੰਜੌੜ, ਪ੍ਰਭਦੀਪ ਸਿੰਘ ਪੰਜੌੜ, ਸੁਖਦੇਵ ਸਿੰਘ ਖਾਲਸਾ ਨਡਾਲੋਂ, ਸਾਹਿਬ ਸਿੰਘ ਹਰਿਆਣਾ, ਖੈਰਾ ਹਰਿਆਣਾ, ਗੁਲਾਬ ਸਿੰਘ, ਮਨਿੰਦਰ ਸਿੰਘ ਜਿੰਮੀ, ਊਧਮ ਸਿੰਘ, ਮਹਿੰਦਰ ਸਿੰਘ ਪਾਂਸ਼ਟਾ, ਮਨਵੀਰ ਸਿੰਘ, ਤਰਸੇਮ ਸਿੰਘ ਕੁੱਕੋਵਾਲ, ਜਗਤਾਰ ਸਿੰਘ ਦਿੱਲੀ, ਮੰਨਤ ਸਿੰਘ ਆਦਿ ਹਾਜ਼ਰ ਸਨ।



# ਪਲਸ ਮੰਚ ਵੱਲੋਂ ਬੈਂਸ ਨੂੰ ਕਿਤਾਬਾਂ ਭੇਟ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਦੇਸ਼ ਦੁਨੀਆਂ ਦੇ ਮੌਜੂਦਾ ਸੰਕਟਮਈ ਹਾਲਾਤਾਂ ਤੋਂ ਚਿੰਤਤ ਤੇ ਮਨੁੱਖਤਾ ਦੇ ਭਲਾਈ ਲਈ ਨਿਰੰਤਰ ਸਰਗਰਮ ਪਲਸ ਪੰਚ ਦੇ ਪ੍ਰਧਾਨ ਬਾਈ ਅਮੋਲਕ ਸਿੰਘ ਨੇ ਸੁਰਿੰਦਰ ਧੰਜਲ ਦੇ ਬੇਹੱਦ ਕਰੀਬੀ ਚੈਂਚਲ ਸਿੰਘ ਬੈਂਸ ਦੇ ਜੱਦੀ ਘਰ ਮਾਹਿਲਪੁਰ ਪਹੁੰਚੇ। ਜਿੱਥੇ ਕਾਫ਼ੀ ਲੰਬਾ ਸਮਾਂ ਦੇਸ਼ ਤੇ ਦੁਨੀਆਂ ਨੂੰ ਦਰਪੇਸ਼ ਮੌਜੂਦਾ ਸੰਕਟਮਈ ਹਾਲਾਤਾਂ ਚੋਂ ਸੁਰੱਖਿਅਤ ਕੱਢਣ ਲਈ ਗੰਭੀਰ ਵਿਚਾਰਾਂ ਹੋਈਆਂ ਤੇ ਮਨੁੱਖਤਾ ਦੇ ਵੈਰੀ ਜੰਗਬਾਜ਼ਾਂ ਵਿਰੁੱਧ ਰੋਸ ਪ੍ਰਗਟ ਕੀਤਾ ਗਿਆ। ਇਸ ਮੌਕੇ ਚੈਂਚਲ ਸਿੰਘ ਬੈਂਸ ਵਲੋਂ ਪ੍ਰਵਾਸੀ ਭਾਰਤੀਆਂ ਦੇ ਮਨਾਂ ਵਿੱਚ ਦੇਸ਼ ਪ੍ਰਤੀ ਤੜਫ਼ ਤੇ ਤਾਂਘ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਅਮੋਲਕ ਸਿੰਘ ਵਲੋਂ ਚੈਂਚਲ ਸਿੰਘ ਬੈਂਸ ਨੂੰ 'ਜੰਗ ਤੇ ਜ਼ਿੰਦਗੀ' 'ਜੰਗਲ ਜਾਈਆਂ ਕਵਿਤਾਵਾਂ' ਤੇ 'ਫਲਸਤੀਨ ਦੀ ਆਵਾਜ਼' ਨਾਮੀ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਹ ਜਾਣਕਾਰੀ ਸਾਂਝੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਚਾਰ ਸਕੱਤਰ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਹਾ ਕਿ ਬੇਸ਼ੱਕ ਜ਼ਾਲਮ ਹਾਕਮਾਂ ਤੇ ਲੁਟੇਰੇ ਸਰਮਾਏਦਾਰਾਂ ਵਲੋਂ ਕੁੱਲ ਦੁਨੀਆਂ ਦੇ ਕੁਦਰਤੀ ਸੋਮਿਆਂ ਨੂੰ ਹੜੱਪਣ ਲਈ ਮਨੁੱਖਤਾ ਨੂੰ ਬੇਵਜ੍ਹਾ ਜੰਗ ਦੀ ਭੱਠੀ ਵਿੱਚ ਝੋਕਿਆ ਜਾ ਰਿਹੈ ,ਪਰ ਦੁਨੀਆਂ ਭਰ ਦੇ ਮਿਹਨਤਕਸ਼, ਸੂਝਵਾਨ ਤੇ ਇਨਸਾਫ਼ਪਸੰਦ ਲੋਕਾਂ ਦਾ ਏਕਾ ਉਨ੍ਹਾਂ ਦੇ ਰਾਹ ਵਿੱਚ ਪਰਬਤ ਬਣ ਕੇ ਖੜੇਗਾ ਤੇ ਮਨੁੱਖਤਾ ਦੀ ਰਖਵਾਲੀ ਤੇ ਆਉਣ ਵਾਲੀਆਂ ਨਸਲਾਂ ਦਾ ਭਵਿੱਖ ਬਚਾਏਗਾ। ਇਸ ਮੌਕੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਪ੍ਰਵਾਸੀ ਭਾਰਤੀ ਚੈਂਚਲ ਸਿੰਘ ਬੈਂਸ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ, ਪਰਮਜੀਤ ਕੌਰ ਸ਼ੇਰਗਿੱਲ ਤੇ ਪਿੰਕੀ ਦੇਵੀ ਹਾਜ਼ਰ ਸਨ।



# ਵਿਧਾਇਕ ਨੇ ਸੜਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸ਼ਹਿਰ ਦੇ ਵਾਰਡ ਨੰਬਰ 32 ਤੇ 33 ਵਿਚ ਕਰੀਬ 14 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਅਤੇ ਲੋਕਾਂ ਨੂੰ ਬੇਹਤਰ ਬੁਨਿਆਦੀ ਸੁਵਿਧਾਵਾਂ ਉਪਲਬੱਧ ਕਰਵਾਉਣਾ ਪੰਜਾਬ ਸਰਕਾਰ ਦੀ ਪਹਿਲਕਦਮੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚ ਵਿਕਾਸ ਕਾਰਜ ਲਗਾਤਾਰ ਕਰਵਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਵਿਧਾਇਕ ਜਿੰਪਾ ਨੇ ਕਿਹਾ ਕਿ ਨਵੀਂਆਂ ਸੜਕਾਂ ਦੇ ਨਿਰਮਾਣ ਨਾਲ ਹਲਕਾ ਵਾਸੀਆਂ ਨੂੰ ਆਵਾਜਾਈ ਦੀਆਂ ਸੁਵਿਧਾਵਾਂ ਮਿਲਣਗੀਆਂ ਅਤੇ ਲੰਬੇ ਸਮੇਂ ਤੋਂ ਚਲੀ ਆ ਰਹੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਮਾਣ ਕਾਰਜ ਤੈਅ ਸਮੇਂ ਅੰਦਰ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਇਸ ਦਾ ਪੂਰਾ ਲਾਭ ਮਿਲ ਸਕੇ।ਉਨ੍ਹਾਂ ਕਿਹਾ ਕਿ ਜਨਤਾ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਹਰ ਵਾਰਡ ਵਿਚ ਪਹਿਲ ਦੇ ਆਧਾਰ 'ਤੇ ਕੰਮ ਕਰਵਾਏ ਜਾ ਰਹੇ ਹਨ। ਪ੍ਰੋਗਰਾਮ ਦੌਰਾਨ ਮੇਅਰ ਸੁਰਿੰਦਰ ਕੁਮਾਰ, ਬਲਰਾਜ ਸਿੰਘ ਚੌਹਾਨ, ਬਬਿਤਾ ਸ਼ਰਮਾ, ਬਲਬੀਰ ਸੈਣੀ ਸਮੇਤ ਹੋਰ ਪਤਵੰਤੇ ਵਿਅਕਤੀ ਅਤੇ ਹਲਕਾ ਵਾਸੀ ਵੀ ਮੌਜੂਦ ਰਹੇ।



# ਆਕਾਸ਼ਵਾਣੀ ਜਲੰਧਰ ਨੇ 90 ਸਾਲ ਪੂਰੇ ਹੋਣ 'ਤੇ ਵਾਕਾਥੌਨ ਕਰਵਾਈ

**ਜਲੰਧਰ, (ਸੁਰਿੰਦਰ ਕੁਮਾਰ)**- ਆਕਾਸ਼ਵਾਣੀ ਦੀ ਸਥਾਪਨਾ ਦੇ 90 ਸਾਲ ਪੂਰੇ ਹੋਣ 'ਤੇ, ਰਾਸ਼ਟਰੀ ਜਨਤਕ ਪ੍ਰਸਾਰਕ ਦੇ ਜਲੰਧਰ ਸਟੇਸ਼ਨ ਨੇ ਅੱਜ ਇੱਥੇ ਵਾਕਾਥੌਨ ਦਾ ਆਯੋਜਨ ਕੀਤਾ। ਸੈਂਕੜੇ ਸਰੋਤਿਆਂ, ਸਟਾਫ ਮੈਂਬਰਾਂ, ਐਂਕਰਾਂ ਅਤੇ ਪੇਸ਼ਕਾਰਾਂ ਨੇ ਇਸ ਵਿੱਚ ਹਿੱਸਾ ਲਿਆ। ਆਕਾਸ਼ਵਾਣੀ ਪੰਜਾਬ ਦੇ ਕਲੱਸਟਰ ਹੈੱਡ ਅਤੇ ਡਿਪਟੀ ਡਾਇਰੈਕਟਰ ਜਨਰਲ (ਡੀ ਡੀ ਜੀ), ਰਣਜੀਤ ਮੀਣਾ ਅਤੇ ਡੀਡੀਜੀ, ਜਲੰਧਰ ਦੂਰਦਰਸ਼ਨ, ਆਰ ਕੇ ਜਾਰੰਗਲ ਵਲੋਂ ਨਿਊਜ਼ ਅਤੇ ਪ੍ਰੋਗਰਾਮ ਮੁਖੀਆਂ ਦੇ ਨਾਲ ਵਾਕਾਥੌਨ ਨੂੰ ਹਰੀ ਝੰਡੀ ਦਿਖਾਈ ਅਤੇ ਵਾਕਾਥੌਨ ਨੂੰ ਆਕਾਸ਼ਵਾਣੀ ਐੱਫਐੱਮ ਸਟੂਡੀਓ ਨਾਲ ਲਾਈਵ ਜੋੜਿਆ ਗਿਆ। ਸਰੋਤਿਆਂ, ਸਾਬਕਾ ਕਰਮਚਾਰੀਆਂ ਅਤੇ ਹੋਰਾਂ ਨੇ ਐੱਫ ਐੱਮ ਸਟੂਡੀਓ ਵਿੱਚ ਐਂਕਰਾਂ ਵੱਲੋਂ ਸਰਬੋਤਮ ਗੀਤ ਵਜਾਏ ਜਾਣ 'ਤੇ ਆਪਣੇ ਤਜ਼ਰਬੇ ਸਾਂਝੇ ਕੀਤੇ। ਜਿਵੇਂ ਹੀ ਨੌਜਵਾਨ ਐਂਕਰ ਅਤੇ ਪੇਸ਼ਕਾਰ ਵੱਖ-ਵੱਖ ਗੀਤਾਂ ਦੀਆਂ ਧੁਨਾਂ 'ਤੇ ਨੱਚੇ, ਵਾਕਾਥੌਨ ਹੋਰ ਵੀ ਰੰਗੀਨ ਹੋ ਗਿਆ।




# ਇਨੋਸੈਂਟ ਹਾਰਟਸ ਸਕੂਲ 'ਚ ਮਨਾਇਆ ਮਦਰਜ਼ ਡੇ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਦੇ ਸਾਰੇ ਪੰਜ ਕੈਂਪਸ—ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ ਵਿੱਚ ਮਦਰਜ਼ ਡੇ ਬੜੇ ਉਤਸ਼ਾਹ, ਪਿਆਰ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਖ਼ਾਸ ਮੌਕੇ 'ਤੇ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਸੀਨੀਅਰ ਕਲਾਸਾਂ ਤੱਕ ਦੇ ਵਿਦਿਆਰਥੀਆਂ ਲਈ ਵੱਖ-ਵੱਖ ਭਾਵਨਾਤਮਕ ਅਤੇ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ। ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੇ ਆਪਣੀਆਂ ਮਾਵਾਂ ਅਤੇ ਅਭਿਭਾਵਕਾਂ ਪ੍ਰਤੀ ਪਿਆਰ, ਸਤਿਕਾਰ ਅਤੇ ਕ੍ਰਿਤਗਤਾ ਪ੍ਰਗਟ ਕੀਤੀ।ਨੰਨੇ-ਮੁੰਨੇ ਵਿਦਿਆਰਥੀਆਂ ਨੇ ਆਪਣੀਆਂ ਉਂਗਲੀਆਂ ਦੇ ਨਿਸ਼ਾਨਾਂ ਨਾਲ ਸੁੰਦਰ ਕਾਰਡ ਤਿਆਰ ਕਰਕੇ ਆਪਣੀਆਂ ਮਾਵਾਂ ਨੂੰ ਸਮਰਪਿਤ ਕੀਤੇ। ਬੱਚਿਆਂ ਵੱਲੋਂ ਬਣਾਏ ਗਏ ਇਹ ਹੱਥੀਂ ਤਿਆਰ ਤੋਹਫ਼ੇ ਮਾਵਾਂ ਪ੍ਰਤੀ ਉਨ੍ਹਾਂ ਦੇ ਨਿਸ਼ਕਪਟ ਪਿਆਰ ਅਤੇ ਸਨੇਹ ਦਾ ਪ੍ਰਤੀਕ ਬਣੇ। ਇਸ ਗਤੀਵਿਧੀ ਦਾ ਉਦੇਸ਼ ਬੱਚਿਆਂ ਵਿੱਚ ਪਿਆਰ, ਆਭਾਰ ਅਤੇ ਸਤਿਕਾਰ ਦੀ ਭਾਵਨਾ ਵਿਕਸਿਤ ਕਰਨਾ ਸੀ। ਪਹਿਲੀ ਅਤੇ ਦੂਜੀ ਕਲਾਸ ਦੇ ਵਿਦਿਆਰਥੀਆਂ ਨੇ ਸੈਲੀਬ੍ਰੇਸ਼ਨ ਆਫ ਇਟਰਨਲ ਬਾਂਡ ਵਿਸ਼ੇ ਹੇਠ ਲੈਟਰਜ਼ ਫਾਰ ਮੌਮ ਗਤੀਵਿਧੀ ਵਿੱਚ ਭਾਗ ਲੈਂਦੇ ਹੋਏ ਆਪਣੀਆਂ ਭਾਵਨਾਵਾਂ ਨੂੰ ਸ਼ਬਦਾਂ ਰਾਹੀਂ ਪ੍ਰਗਟ ਕੀਤਾ।




## ਸਾਲਾਨਾ ਬਰਸੀ ਸਮਾਗਮ ਭਲਕੇ

**ਆਦਮਪੁਰ (ਪਰਮਜੀਤ ਸਿੰਘ)**- ਫਗਵਾੜਾ ਤੋਂ ਹੁਸ਼ਿਆਰਪੁਰ ਰੋਡ ਤੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦਗੜ੍ਹ ਸਾਹਿਬ (ਭੋਗਪੁਰ) ਵਿਖੇ ਬ੍ਰਹਮ ਗਿਆਨੀ ਪਰਮ ਪੂਜਨੀਕ ਸੀਮਾਨ੍ ਸੰਤ ਬਾਬਾ ਰਣਜੀਤ ਸਿੰਘ ਦੀ ਸਾਲਾਨਾ 29 ਵੀਂ ਪਵਿੱਤਰ ਯਾਦ ਦੇ ਸੰਬੰਧ ਵਿੱਚ 13 ਮਈ ਨੂੰ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਪ੍ਰੈੱਸ ਨੂੰ ਉਕਤ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਤਲਵਿੰਦਰ ਸਿੰਘ (ਬਾਬਾ ਪਰਮੇਸ਼ਰ ਸਿੰਘ) ਨੇ ਦੱਸਿਆ ਕਿ ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਉਪਰੰਤ ਖੁੱਲੇ ਪੰਡਾਲ ਵਿੱਚ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਉੱਘੇ ਰਾਗੀ ਢਾਡੀ ਤੇ ਪ੍ਰਚਾਰਕ ਗੁਰਮਿਤ ਵਿਚਾਰਾਂ ਰਾਹੀਂ ਸ਼ਰਧਾਲੂਆ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਕਈ ਪ੍ਰਕਾਰ ਦੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਤੋਂ ਇਲਾਵਾ ਗੁਰੂ ਘਰ ਦੇ ਲੰਗਰ ਅਤੁੱਟ ਵਰਤਾਏ ਜਾਣਗੇ।



# ਪੇਂਡੂ ਮਜ਼ਦੂਰ ਯੂਨੀਅਨ ਦਾ ਡੈਲੀਗੇਟ ਇਜਲਾਸ

**ਬੰਗਾ (ਅਵਤਾਰ ਕਲੇਰ)**- ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਮਜ਼ਦੂਰ ਜਮਾਤ ਨੂੰ ਆਪਣੀਆਂ ਮੰਗਾਂ ਨੂੰ ਲੈਕੇ ਤਿੱਖੇ ਸੰਘਰਸ਼ ਛੇੜਨ ਦਾ ਸੱਦਾ ਦਿੱਤਾ ਹੈ।ਉਹ ਪਿੰਡ ਗੋਹਲੜੋਂ ਵਿਖੇ ਪੇਂਡੂ ਮਜ਼ਦੂਰ ਯੂਨੀਅਨ ਇਲਾਕਾ ਨਵਾਂਸ਼ਹਿਰ ਦੇ ਡੈਲੀਗੇਟ ਇਜਲਾਸ ਮੌਕੇ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਖੇਤਾਂ, ਸਨਅਤਾਂ, ਉਸਾਰੀ ਆਦਿ ਖੇਤਰਾਂ ਵਿੱਚ ਇਹ ਸਿਸਟਮ ਮਜ਼ਦੂਰਾਂ ਦੀ ਰੱਜਕੇ ਲੁੱਟ ਕਰਦਾ ਹੈ। ਮਜ਼ਦੂਰੀ ਦੀ ਦਿਹਾੜੀ ਦਾ ਸਮਾਂ 12 ਘੰਟੇ ਕਰਕੇ ਕਿਰਤ ਦੀ ਹੋਰ ਵੀ ਲੁੱਟ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ।ਨਾ ਤਾਂ ਯੋਗਤਾ ਅਨੁਸਾਰ ਕੰਮ ਮਿਲਦਾ ਹੈ ਅਤੇ ਨਾ ਹੀ ਤਨਖ਼ਾਹ।ਇੱਕ ਤੋਂ ਬਾਅਦ ਇੱਕ ਮਜ਼ਦੂਰ ਵਿਰੋਧੀ ਅਤੇ ਪੂੰਜੀਪਤੀਆਂ ਦੇ ਪੱਖੀ ਕਾਨੂੰਨ ਘੜੇ ਜਾ ਰਹੇ ਹਨ।ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਨੇ ਆਪਣੀ ਜਥੇਬੰਦੀ ਵਲੋਂ ਭਰਾਤਰੀ ਸੰਦੇਸ਼ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਮਜ਼ਦੂਰ ਜਮਾਤ ਉੱਤੇ ਚੌਤਰਫਾ ਹਮਲੇ ਹੋ ਰਹੇ ਹਨ। ਕਿਰਤ ਸ਼ਕਤੀ ਦੀ ਬੇਕਿਰਕ ਲੁੱਟ ਦੇ ਵਿਰੋਧ ਵਿੱਚ ਮਜਦੂਰਾਂ ਦੇ ਤਿੱਖੇ ਸੰਘਰਸ਼ ਫੁਟ ਰਹੇ ਹਨ ਪਰ ਸਰਕਾਰਾਂ ਉਲਟਾ ਮਜ਼ਦੂਰਾਂ ਦੇ ਵਿਰੁੱਧ ਭੁਗਤਦਿਆਂ ਉਹਨਾਂ ਉੱਤੇ ਜਬਰ ਢਾਹ ਰਹੀਆਂ ਹਨ ਜਿਸਦਾ ਮੁਕਾਬਲਾ ਜਥੇਬੰਦਕ ਤਾਕਤ ਅਤੇ ਸੰਘਰਸ਼ਾਂ ਨਾਲ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਇਜਲਾਸ ਦੀ ਕਾਰਵਾਈ ਦੇ ਸ਼ੁਰੂ ਵਿੱਚ ਜੱਥੇਬੰਦੀ ਦੀ ਬੀਤੇ ਦੀ ਸਰਗਰਮੀਆਂ ਦੀ ਰਿਪੋਰਟ ਕਿਰਨਜੀਤ ਕੌਰ ਨੇ ਪੇਸ਼ ਕੀਤੀ ਜਿਸ ਉੱਤੇ ਵਿਸਥਾਰ ਵਿਚ ਚਰਚਾ ਹੋਈ। ਡੈਲੀਗੇਟਾਂ ਨੇ ਭਵਿੱਖ ਲਈ ਅਹੁਦੇਦਾਰਾਂ ਦੀ ਚੋਣ ਕਰਦਿਆਂ ਕਿਰਨਜੀਤ ਕੌਰ ਨੂੰ ਇਲਾਕਾ ਕਮੇਟੀ ਦੀ ਪ੍ਰਧਾਨ, ਸੁਰਿੰਦਰ ਮੀਰਪੁਰੀ ਨੂੰ ਮੀਤ ਪ੍ਰਧਾਨ, ਸਤਨਾਮ ਸਿੰਘ ਲਾਡੀ ਨੂੰ ਸਕੱਤਰ, ਸੁਰਿੰਦਰ ਸਿੰਘ ਸਨਾਵਾ ਨੂੰ ਖਜ਼ਾਨਚੀ, ਪ੍ਰੇਮ ਸਿੰਘ ਸ਼ਹਾਬਪੁਰ, ਬਿੰਦਰ ਗੋਹਲੜੋਂ ਅਤੇ ਬਲਵਿੰਦਰ ਲੁੱਗੀ ਭਗੌਰਾਂ ਨੂੰ ਕਮੇਟੀ ਮੈਂਬਰ ਚੁਣਿਆ। ਅੰਤ ਵਿੱਚ ਯੂਨੀਅਨ ਦੇ ਸੀਨੀਅਰ ਆਗੂ ਕਮਲਜੀਤ ਸਨਾਵਾ ਵਲੋਂ ਪੇਸ਼ ਕੀਤੇ ਮਤੇ ਪਾਸ ਕਰਕੇ ਮਜ਼ਦੂਰ ਦੀ ਦਿਹਾੜੀ ਇੱਕ ਹਜ਼ਾਰ ਰੁਪਏ ਕਰਨ, ਮਾਸਿਕ ਤਨਖਾਹ 30 ਹਜ਼ਾਰ ਰੁਪਏ ਕਰਨ, ਪੰਚਾਇਤੀ ਜ਼ਮੀਨ ਦੇ ਠੇਕੇ ਦੀ ਰਾਸ਼ੀ ਵਿੱਚ ਕੀਤਾ 20 ਫ਼ੀਸਦੀ ਵਾਧਾ ਵਾਪਸ ਲੈਣ, ਸਹਿਕਾਰੀ ਸੁਸਾਇਟੀਆਂ ਦੇ ਕਰਜ਼ੇ ਦੇ ਨੋਟਿਸ ਭੇਜਣੇ ਬੰਦ ਕਰਕੇ ਕਰਜ਼ੇ ਮੁਆਫ ਕਰਨ, ਤੀਜੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਲਿਤਾਂ ਨੂੰ ਘੱਟ ਰਾਸ਼ੀ ਉੱਤੇ ਦੇਣ ,ਜਨਗਣਨਾ ਵਾਲੇ ਫਾਰਮਾਂ ਵਿੱਚੋਂ ਇਤਰਾਜ਼ਯੋਗ ਜਾਤੀ ਸੂਚਕ ਸ਼ਬਦ ਹਟਾਉਣ ਤੇ ਮਿਉਂਸਿਪਲਟੀਆਂ ਦੇ ਹੜਤਾਲੀ ਸਫ਼ਾਈ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਕਰਨ ਦੀ ਮੰਗ ਕੀਤੀ।




# ਪ੍ਰਿਤਪਾਲ ਕੌਰ ਲਾਂਬਾ ਵਾਰਡ ਨੰਬਰ 29 ਦੀ ਮਹਿਲਾ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਹੋਏ ਵਿਕਾਸ ਕਾਰਜ ਅਤੇ ਲੋਕ ਸਹੂਲਤਾਂ ਦੀ ਮਿਸਾਲ ਅੱਜ ਵੀ ਦਿੱਤੀ ਜਾਂਦੀ ਹੈ, ਜਿਸ ਦੀ ਬਰਾਬਰੀ ਕੋਈ ਹੋਰ ਸਰਕਾਰ ਨਹੀਂ ਕਰ ਸਕੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਲਾਲੀ ਬਾਜਵਾ ਨੇ ਵਾਰਡ ਨੰਬਰ 29 ਵਿਖੇ ਪ੍ਰਿਤਪਾਲ ਕੌਰ ਲਾਂਬਾ ਨੂੰ ਵਾਰਡ ਦੀ ਮਹਿਲਾ ਪ੍ਰਧਾਨ ਨਿਯੁਕਤ ਕਰਨ ਮੌਕੇ ਰੱਖੇ ਗਏ ਪ੍ਰੋਗਰਾਮ ਦੌਰਾਨ ਕੀਤਾ। ਇਸ ਮੌਕੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਾਰਡ ਨੰਬਰ 29 ਦੀ ਪ੍ਰਮੁੱਖ 40 ਫੁੱਟੀ ਸੜਕ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਦੌਰਾਨ ਹੀ ਬਣੀ ਸੀ। ਉਨ੍ਹਾਂ ਦੱਸਿਆ ਕਿ ਉਸ ਸਮੇਂ ਇਸ ਸੜਕ 'ਤੇ 73 ਲੱਖ ਰੁਪਏ ਖਰਚ ਕੀਤੇ ਗਏ ਸਨ ਅਤੇ ਇਹ ਵਿਕਾਸ ਕਾਰਜ ਅਕਾਲੀ ਦਲ ਦੇ ਕੌਂਸਲਰ ਸੰਤੋਖ ਸਿੰਘ ਔਜਲਾ ਦੀ ਦੇਖ-ਰੇਖ ਹੇਠ ਹੋਇਆ ਸੀ। ਇਸ ਮੌਕੇ ਮਹਿਲਾ ਨੇਤਾ ਨੀਤੀ ਤਲਵਾਰ, ਬਿਕਰਮਜੀਤ ਸਿੰਘ ਕਲਸੀ ਅਤੇ ਸੰਜੀਵ ਥਾਪਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਅਹਿਦ ਲਿਆ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਮਦਰ ਡੇ ਮਨਾਇਆ



**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਮਦਰ ਡੇ ਸੰਬੰਧੀ ਸਮਾਗਮ ਕਰਵਾਇਆ ਗਿਆ। ਸਕੂਲ ਡਾਇਰੈਕਟਰ ਇੰਜ. ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜ. ਨਿਮਰਤਾ ਕੌਰ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ, ਜਿਨਾਂ ਦਾ ਪ੍ਰਿੰਸੀਪਲ ਡਿੰਪਲ ਸ਼ਰਮਾ ਅਤੇ ਸਟਾਫ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਵਿੱਚ ਵਿਦਿਆਰਥੀਆਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਮਾਵਾਂ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਇਸ ਦੌਰਾਨ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਪੋਸਟਰ ਮੇਕਿੰਗ ਅਤੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਲਈ ਕਾਰਡ ਮੇਕਿੰਗ ਪ੍ਰਤੀਯੋਗਿਤਾ ਕਰਵਾਈ ਗਈ। ਸਾਰੇ ਹੀ ਵਿਦਿਆਰਥੀਆਂ ਨੇ ਬਹੁਤ ਸੋਹਣੇ ਕਾਰਡ ਬਣਾਏ ਅਤੇ ਆਪਣੀਆਂ ਮਾਵਾਂ ਨੂੰ ਸਮਰਪਤ ਦਿਲ ਛੂਹਣ ਵਾਲੇ ਸੰਦੇਸ਼ ਲਿਖੇ, ਉਹਨਾਂ ਮਾਵਾਂ ਦੀ ਬਿਨਾਂ ਸ਼ਰਤ ਦੇਖਭਾਲ, ਕੁਰਬਾਨੀਆਂ ਅਤੇ ਬੇਅੰਤ ਸਮਰਪਣ ਲਈ ਆਪਣੇ ਪਿਆਰ ਦਾ ਪ੍ਰਗਟਾਵਾ ਕੀਤਾ। ਕੇ .ਜੀ ਵਿੰਗ ਦੇ ਵਿਦਿਆਰਥੀ ਮਨਮੋਹਕ ਗੁਲਾਬੀ ਪਹਿਰਾਵੇ ਵਿੱਚ ਬਹੁਤ ਪਿਆਰੇ ਲੱਗ ਰਹੇ ਸਨ। ਇਸ ਮੌਕੇ ਬੋਲਦਿਆਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਮਾਂ ਦੇ ਚਰਨਾਂ ਵਿੱਚ ਸਵਰਗ ਹੈ। ਔਰਤ ਹੀ ਇਸ ਸੰਸਾਰ ਦਾ ਜਨਮ ਦਾਤਾ ਹੈ, ਇਸੇ ਲਈ ਹੀ ਮਾਂ ਨੂੰ ਰੱਬ ਦਾ ਰੂਪ ਵੀ ਕਿਹਾ ਜਾਂਦਾ ਹੈ।

# ਬੰਗੜ ਜਠੇਰਿਆਂ ਦਾ ਜੋੜ ਮੇਲਾ ਵਿਖੇ 17 ਨੂੰ

**ਫਗਵਾੜਾ (ਜਸਵਿੰਦਰ ਢੱਡਾ)**- ਜਠੇਰੇ ਬੰਗੜ ਵੈਲਫੇਅਰ ਕਮੇਟੀ (ਰਜਿ.) ਵੱਲੋਂ ਬੰਗੜ ਜਠੇਰਿਆਂ ਦਾ 29ਵਾਂ ਸਲਾਨਾ ਜੋੜ ਮੇਲਾ 17 ਮਈ ਦਿਨ ਐਤਵਾਰ ਨੂੰ ਪਿੰਡ ਸਾਹਨੀ ਤਹਿਸੀਲ ਫਗਵਾੜਾ ਵਿਖੇ ਕਮੇਟੀ ਪ੍ਰਧਾਨ ਬਹਾਦਰ ਸਿੰਘ ਬੰਗੜ ਪਿੰਡ ਕਿਸ਼ਨਪੁਰ ਦੀ ਅਗਵਾਈ ਹੇਠ ਸਮੂਹ ਬੰਗੜ ਪਰਵਾਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਪੂਰਵਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਪੋਸਟਰ ਰਿਲੀਜ ਕਰਦੇ ਹੋਏ ਕਮੇਟੀ ਪ੍ਰਧਾਨ ਬਹਾਦਰ ਸਿੰਘ ਬੰਗੜ, ਮੀਤ ਪ੍ਰਧਾਨ ਰਾਜਕੁਮਾਰ ਬੰਗੜ ਅਤੇ ਜਨਰਲ ਸਕੱਤਰ ਸੰਤੋਖ ਦਾਸ ਬੰਗੜ ਨੇ ਦੱਸਿਆ ਕਿ 17 ਮਈ ਨੂੰ ਸਵੇਰੇ 11.30 ਵਜੇ ਸ੍ਰੀ ਨਿਸ਼ਾਨ ਸਾਹਿਬ ਰਸਮ ਉਪਰੰਤ ਸਰਬੱਤ ਦੇ ਭਲੇ ਅਤੇ ਬੰਗੜ ਪਰਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਤੋਂ ਬਾਅਦ ਵੱਡੇ ਵਢੇਰਿਆਂ ਦਾ ਅਸ਼ੀਰਵਾਦ ਲਿਆ ਜਾਵੇਗਾ। ਉਪਰੰਤ ਧਾਰਮਿਕ ਅਤੇ ਸੱਭਿਆਚਾਰਕ ਸਟੇਜ ਸਜਾਈ ਜਾਵੇਗੀ। ਜਿਸ ਵਿਚ ਪੰਜਾਬ ਦੇ ਨਾਮਵਰ ਕਲਾਕਾਰ ਆਪਣੇ ਫਨ ਦਾ ਮੁਜਾਹਰਾ ਕਰਨਗੇ। ਪ੍ਰਬੰਧਕਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਚਾਹ ਪਕੌੜੇ, ਠੰਡੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਸਾਲਾਨਾ ਜੋੜ ਮੇਲੇ ਸਬੰਧੀ ਸੇਵਾਦਾਰਾਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ। ਉਹਨਾਂ ਸਮੂਹ ਬੰਗੜ ਪਰਵਾਰਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਇਸ ਸਲਾਨਾ ਜੋੜ ਮੇਲੇ ਵਿਚ ਪਰਿਵਾਰਾਂ ਸਮੇਤ ਹਾਜਰੀ ਲਗਵਾ ਕੇ ਵੱਡੇ ਵਢੇਰਿਆਂ ਦਾ ਅਸ਼ੀਰਵਾਦ ਪ੍ਰਾਪਤ ਕਰਨ। ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਰਾਕੇਸ਼ ਕੁਮਾਰ ਬੰਗੜ ਚੱਕ ਪ੍ਰੇਮਾ, ਸੰਤੋਖ ਦਾਸ ਬੰਗੜ ਜਨਰਲ ਸਕੱਤਰ, ਵਰਿੰਦਰ ਕੁਮਾਰ ਕੈਸ਼ੀਅਰ, ਸਹਿ ਸਕੱਤਰ ਪ੍ਰਿਥਵੀ ਪਾਲ ਬੰਗੜ, ਰਾਜਕੁਮਾਰ ਬੰਗੜ ਜੁਆਇੰਟ ਕੈਸ਼ੀਅਰ ਆਦਿ ਹਾਜ਼ਰ ਸਨ।



# ਰਾਸ਼ਟਰੀ ਲੋਕ ਅਦਾਲਤ 'ਚ 27,405 ਮਾਮਲਿਆਂ ਦਾ ਮੌਕੇ 'ਤੇ ਨਿਪਟਾਰਾ

**ਹੁਸ਼ਿਆਰਪੁਰ (ਓ ਪੀ ਰਾਣਾ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਸ਼ਨੀਵਾਰ ਨੂੰ ਜ਼ਿਲ੍ਹੇ ਵਿਚ ਸਾਲ ਦੀ ਦੂਜੀ ਰਾਸ਼ਟਰੀ ਲੋਕ ਅਦਾਲਤ ਲਗਾਈ ਗਈ। ਇਸ ਲੋਕ ਅਦਾਲਤ ਵਿਚ ਐਨ.ਆਈ. ਐਕਟ ਦੀ ਧਾਰਾ 138 ਤਹਿਤ ਮਾਮਲੇ (ਲੰਬਿਤ ਅਤੇ ਪ੍ਰੀ-ਲਿਟੀਗੇਸ਼ਨ ਬੈਂਕ ਰਿਕਵਰੀ ਕੇਸ ਅਤੇ ਲੇਬਰ ਵਿਵਾਦ ਮਾਮਲੇ), ਮੋਟਰ ਐਕਸੀਡੈਂਟ ਕਲੇਮ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਨਾਲ ਸਬੰਧਤ ਮਾਮਲੇ (ਗੈਰ-ਕੰਪਾਉਂਡੇਬਲ ਮਾਮਲਿਆਂ ਨੂੰ ਛੱਡ ਕੇ), ਵਿਆਹ ਵਿਵਾਦ, ਟ੍ਰੈਫਿਕ ਚਾਲਾਨ, ਮਾਲ ਮਾਮਲੇ ਅਤੇ ਹੋਰ ਸਿਵਲ ਅਤੇ ਘੱਟ ਗੰਭੀਰ ਅਪਰਾਧਿਕ ਮਾਮਲੇ ਤੇ ਘਰੇਲੂ ਵਿਵਾਦਾਂ ਨਾਲ ਸਬੰਧਤ ਕੇਸ ਰੱਖੇ ਗਏ। ਇਹ ਲੋਕ ਅਦਾਲਤ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੀ ਯੋਗ ਅਗਵਾਈ ਹੇਠ ਲਗਾਈ ਗਈ। ਇਸ ਲੋਕ ਅਦਾਲਤ ਵਿਚ ਹੁਸ਼ਿਆਰਪੁਰ ਵਿਚ ਕੁੱਲ 20 ਬੈਂਚ ਗਠਿਤ ਕੀਤੇ ਗਏ ਜਿਸ ਵਿਚ ਹੁਸ਼ਿਆਰਪੁਰ ਨਿਆਂਇਕ ਅਦਾਲਤਾਂ ਦੇ 9 ਬੈਂਚ, ਉਪ ਮੰਡਲ ਦਸੂਹਾ ਵਿਚ 2 ਬੈਂਚ, ਮੁਕੇਰੀਆਂ ਵਿਚ 2 ਬੈਂਚ, ਗੜ੍ਹਸ਼ੰਕਰ ਵਿਚ 2 ਬੈਂਚ ਅਤੇ ਮਾਲ ਅਦਾਲਤਾਂ ਦੇ 5 ਬੈਂਚ ਸ਼ਾਮਲ ਸਨ। ਜ਼ਿਲ੍ਹਾ ਹੁਸ਼ਿਆਰਪੁਰ ਦੀ ਲੋਕ ਅਦਾਲਤ ਵਿਚ 30912 ਮਾਮਲਿਆਂ ਦੀ ਸੁਣਵਾਈ ਹੋਈ ਅਤੇ 27,405 ਕੇਸਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ ਅਤੇ ਧਿਰਾਂ ਤੋਂ ਕੁੱਲ 78356946 ਰੁਪਏ ਦੇ ਅਵਾਰਡ ਪਾਸ ਕੀਤੇ ਗਏ।



# ਕੌਮੀ ਲੋਕ ਅਦਾਲਤ 'ਚ 10756 ਕੇਸਾਂ ਦਾ ਨਿਪਟਾਰਾ

**ਨਵਾਂਸ਼ਹਿਰ (ਮਨੋਜ ਲਾਡੀ)** ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਤੇ ਸ਼ੈਸਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਜਤਿੰਦਰ ਪਾਲ ਸਿੰਘ ਖੁਰਮੀ ਜੀਆਂ ਦੀ ਅਗਵਾਈ ਹੇਠ ਅਤੇ ਸਿਵਲ ਜੱਜ (ਸੀਨੀਅਰ ਡਿਵੀਜਨ)- ਕਮ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਡਾ. ਅਮਨਦੀਪ ਜੀਆਂ ਦੀ ਦੇਖ-ਰੇਖ ਹੇਠ ਜ਼ਿਲ੍ਹਾਂ ਕੋਰਟ ਕੰਪਲੈਕਸ, ਸ.ਭ.ਸ ਨਗਰ ਵਿਖੇ 9 ਮਈ ਨੂੰ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਮੌਕੇ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਜਤਿੰਦਰ ਪਾਲ ਸਿੰਘ ਖੁਰਮੀ ਜੀਆਂ ਵੱਲੋਂ ਕੌਮੀ ਲੋਕ ਅਦਾਲਤ ਦੇ ਸਾਰੇ ਬੈਂਚਾਂ ਦਾ ਜ਼ਾਇਜਾ ਲਿਆ ਗਿਆ। ਇਸ ਕੌਮੀ ਨੈਸ਼ਨਲ ਅਦਾਲਤ ਦੌਰਾਨ ਲਗਾਏ ਗਏ 9 ਬੈਚਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ 11245 ਕੇਸਾਂ ਵਿੱਚੋਂ 10756 ਕੇਸਾਂ ਦਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਮੌਕੇ ਤੇ ਨਿਪਟਾਰਾ ਕਰਦਿਆ 10 ਕਰੋੜ 54 ਲੱਖ 42 ਹਜ਼ਾਰ 8 ਸੌ 71 ਰੁਪਏ ਦੇ ਐਵਾਰਡ ਸੁਣਾਏ ਗਏ । ਇਹ ਜਾਣਕਾਰੀ ਦੇਂਦਿਆ ਹੋਇਆ ਜਿਲ੍ਹਾਂ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ੍ਰੀ ਜਤਿੰਦਰ ਪਾਲ ਸਿੰਘ ਖੁਰਮੀ ਵੱਲੋਂ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਦੌਰਾਨ ਵੱਖ-ਵੱਖ ਕੇਸਾਂ ਦੀ ਸੁਣਵਾਈ ਲਈ ਜ਼ਿਲ੍ਹਾਂ ਕੋਰਟ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਪੱਧਰ ਤੇ 9 ਬੈਂਚ ਲਗਾਏ ਗਏ ਸਨ ।

# ਜਾਤੀਗਤ ਜਨਗਣਨਾ 'ਚ ਵਰਤੇ ਜਾਤੀਸੂਚਕ ਸ਼ਬਦ ਬਰਦਾਸ਼ਤ ਨਹੀਂ : ਜਾਜਾ

**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**- ਸਰਕਾਰ ਵੱਲੋਂ ਪੰਜਾਬ ਵਿੱਚ ਕਰਵਾਈ ਜਾ ਰਹੀ ਜਾਤੀਗਤ ਜਨਗਣਨਾ ਦੌਰਾਨ ਦਲਿਤ ਸਮਾਜ ਸਬੰਧੀ ਵਰਤੀ ਗਈ ਮੰਦਭਾਗੀ ਸ਼ਬਦਾਂਵਲੀ ਕਾਰਨ ਪੰਜਾਬ ਦੇ ਦਲਿਤ ਸਮਾਜ ਤੇ ਪਿਛੜੀਆਂ ਜਾਤੀਆਂ ਦੇ ਮਨਾਂ ਵਿੱਚ ਵੱਧ ਰਹੇ ਰੋਸ ਨੂੰ ਸ਼ਾਂਤ ਕਰਨ ਅਤੇ ਅਜਿਹੀ ਸ਼ਬਦਾਵਲੀ ਦੀ ਵਰਤੋਂ ਨੂੰ ਰੋਕਣ ਸਬੰਧੀ ਭਾਵਾਧਸ ਦੇ ਰਾਸ਼ਟਰੀ ਸੰਚਾਲਕ ਸੁਰਿੰਦਰ ਜਾਜਾ ਦੀ ਅਗਵਾਈ ਵਿੱਚ ਸੰਜੀਵ ਅਟਵਾਲ ਅੰਮ੍ਰਿਤਸਰ, ਸੰਜੀਵ ਸਹੋਤਾ ਪਠਾਨਕੋਟ ਤੇ ਜਤਿੰਦਰ ਅਟਵਾਲ ਸ਼੍ਰੀ ਹਰਗੋਬਿੰਦਪੁਰ ਸਮੇਤ ਭਾਵਾਧਸ ਵਰਕਰਾਂ ਦੇ ਇੱਕ ਵਫਦ ਨੇ ਭਾਜਪਾ ਐੱਸ ਸੀ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਲਾਲ ਸਿੰਘ ਆਰਿਆ ਨਾਲ ਮੁਲਾਕਾਤ ਕੀਤੀ।ਇਸ ਮੁਲਾਕਾਤ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਰਿੰਦਰ ਜਾਜਾ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਕਰਵਾਈ ਜਾ ਰਹੀ ਜਾਤੀਗਤ ਜਨਗਣਨਾ ਵਿੱਚ ਜਾਤੀਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਵੀ ਅਜਿਹੇ ਸ਼ਬਦਾਂ ਦੀ ਵਰਤੋਂ ਕਰਨ ਤੇ ਰੋਕ ਲਗਾਈ ਹੋਈ ਹੈ, ਪਰ ਸਰਕਾਰ ਨੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਕੇ ਦਲਿਤ ਸਮਾਜ ਤੇ ਪਿਛੜੀਆਂ ਜਾਤੀਆਂ ਦੇ ਲੋਕਾਂ ਦੇ ਮਨਾਂ ਨੂੰ ਜਿਹੜੀ ਠੇਸ ਪਹੁੰਚਾਈ ਹੈ ਉਸਨੂੰ ਭਾਰਤੀਯ ਵਾਲਮੀਕਿ ਧਰਮ ਸਮਾਜ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰੇਗਾ।



# ਜ਼ਿਲ੍ਹੇ ਦੀਆਂ ਮੰਡੀਆਂ 'ਚ 489404 ਮੀਟ੍ਰਿਕ ਟਨ ਕਣਕ ਦੀ ਖ਼ਰੀਦ

**ਜਲੰਧਰ (ਸੁਰਿੰਦਰ ਕੁਮਾਰ)**- ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਕਣਕ ਦੇ ਖ਼ਰੀਦ ਕਾਰਜਾਂ ਨੂੰ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਪਹੁੰਚੀ 489428 ਮੀਟ੍ਰਿਕ ਟਨ ਕਣਕ ਵਿੱਚੋਂ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ 489404 ਮੀਟ੍ਰਿਕ ਟਨ ਫ਼ਸਲ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਖ਼ਰੀਦ ਕੀਤੀ ਫ਼ਸਲ ਦੀ ਨਿਰਧਾਰਤ ਸਮੇਂ ਦੇ ਅੰਦਰ ਅਦਾਇਗੀ ਯਕੀਨੀ ਬਣਾਈ ਜਾ ਰਹੀ ਹੈ ਅਤੇ ਜ਼ਿਲ੍ਹੇ ਵਿੱਚ ਕਿਸਾਨਾਂ ਨੂੰ ਹੁਣ ਤੱਕ 1241 ਕਰੋੜ ਰੁਪਏ ਦੀ ਅਦਾਇਦੀ ਕੀਤੀ ਜਾ ਚੁੱਕੀ ਹੈ। ਵਾਲੀਆ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਕੀਤੇ ਗਏ ਪੁਖ਼ਤਾ ਪ੍ਰਬੰਧਾਂ ਸਦਕਾ ਖ਼ਰੀਦ ਪ੍ਰਕਿਰਿਆ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਕਟਾਈ ਉਪਰੰਤ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਦੀ ਅਪੀਲ ਵੀ ਕੀਤੀ।

# ਚੈਰੀਟੇਬਲ ਹਸਪਤਾਲ ਅੱਤੋਵਾਲ ਦੇ ਨਵੀਨੀਕਰਨ ਦਾ ਉਦਘਾਟਨ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਅੱਤੋਵਾਲ ਵਿਖੇ ਸੰਤ ਬਾਬਾ ਜਵਾਲਾ ਸਿੰਘ ਚੈਰੀਟੇਬਲ ਹਸਪਤਾਲ ਅੱਤੋਵਾਲ ਦਾ ਨਵੀਨੀਕਰਨ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਪ੍ਰਬੰਧਕਾਂ ਨੇ ਦੱਸਿਆ ਕਿ ਸੰਤ ਬਾਬਾ ਅਮਰਜੀਤ ਸਿੰਘ ਜੀ ਹਰਖੋਵਾਲ ਸੰਪ੍ਰਦਾਏ ਗੁਰਦੁਆਰਾ ਸੰਤਗੜ੍ਹ ਹਰਖੋਵਾਲ ਹੁਸ਼ਿਆਰਪੁਰ ਦੇ ਯਤਨਾਂ ਸਦਕਾ ਸੰਤ ਬਾਬਾ ਜਵਾਲਾ ਸਿੰਘ ਜੀ ਚੈਰੀਟੇਬਲ ਹਸਪਤਾਲ ਅੱਤੋਵਾਲ ਦਾ ਨਵੀਨੀਕਰਨ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਸੰਤ ਬਾਬਾ ਜਵਾਲਾ ਸਿੰਘ ਚੈਰੀਟੇਬਲ ਹਸਪਤਾਲ ਅੱਤੋਵਾਲ ਦੇ ਨਵੀਨੀਕਰਨ ਦਾ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ ਵਾਲੇ ਅਰਦਾਸ ਕਰਨ ਉਪਰੰਤ ਆਪਣੇ ਕਰ ਕਮਲਾਂ ਨਾਲ ਉਦਘਾਟਨ ਕੀਤਾ। ਸਮਾਗਮ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਡਾਕਟਰਾ ਦੀ ਮਾਹਿਰ ਟੀਮ ਵੱਲੋਂ ਲੋੜਵੰਦ ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆ ਗਈਆਂ। ਇਸ ਮੌਕੇ ਉਦਘਾਟਨੀ ਸਮਾਰੋਹ ਦੌਰਾਨ ਸੰਤ ਬਾਬਾ ਅਮਰਜੀਤ ਸਿੰਘ ਹਰਖੋਵਾਲ, ਸੰਤ ਬਾਬਾ ਬ੍ਰਿਕਮਜੀਤ ਸਿੰਘ ਨੰਗਲ ਖੁਰਦ, ਬਾਬਾ ਸੁਮਿੱਤਰ ਸਿੰਘ, ਬਾਬਾ ਸੁਰਜੀਤ ਸਿੰਘ, ਜਥੇਦਾਰ ਹਰਜਾਪ ਸਿੰਘ ਮੱਖਣ ਰਾਜਪੁਰ ਭਾਈਆਂ, ਨੰਬਰਦਾਰ ਸੁਖਵਿੰਦਰ ਸਿੰਘ ਸੱਤਾ, ਜਸਪ੍ਰੀਤ ਸਿੰਘ ਸੰਘਾ, ਪ੍ਰਗਟ ਸਿੰਘ ਮੱਲ੍ਹੀ, ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਜਗਤਾਰ ਸਿੰਘ ਭੁੰਗਰਨੀ, ਸਰਪੰਚ ਰਘਬੀਰ ਸਿੰਘ, ਜੋਗਾ ਸਿੰਘ ਅੱਤੋਵਾਲ, ਬਲਵੀਰ ਸਿੰਘ, ਨੰਬਰਦਾਰ ਗੁਰਬਖਸ਼ ਸਿੰਘ, ਰਵੀ ਮੇਹਟੀਆਣਾ, ਕਰਨਜੀਤ ਸਿੰਘ ਰਿੱਕੀ ਸਿੰਬਲੀ, ਨੰਬਰਦਾਰ ਜਤਿੰਦਰ ਸਿੰਘ ਘੁੰਮਣ ਬੱਡਲਾ, ਕੁਲਦੀਪ ਕੁਮਾਰ ਸ਼ਰਮਾ ਬੱਡਲਾ, ਮਨਜਿੰਦਰ ਸਿੰਘ ਹਰਖੋਵਾਲ, ਕਿਸ਼ਨ ਸਿੰਘ ਪੰਚ ਤਨੂੰਲੀ ਆਦਿ ਹਾਜ਼ਰ ਸਨ।



# 79ਵੇਂ ਸਾਲਾਨਾ ਮਾਤਾ ਭੱਦਰਕਾਲੀ ਮੇਲੇ 'ਤੇ ਕਵੀ ਦਰਬਾਰ




**ਕਪੂਰਥਲਾ (ਮਨਜੀਤ ਮਾਨ)**-ਮਾਤਾ ਭੱਦਰਕਾਲੀ ਮੇਲਾ ਕਮੇਟੀ ਵੱਲੋਂ 79ਵੇਂ ਸਲਾਨਾ ਮੇਲੇ 'ਤੇ ਇਸ ਵਾਰ ਵੀ ਇੱਕ ਵਿਸ਼ਾਲ ਕਵੀ ਦਰਬਾਰ ਮਿਤੀ 13 ਮਈ ਨੂੰ ਸਵੇਰੇ ਠੀਕ 8 ਵਜੇ ਤੋਂ 10 ਵਜੇ ਤੱਕ ਮੰਦਰ ਦੀ ਮੁੱਖ ਸਟੇਜ 'ਤੇ ਕਰਵਾਇਆ ਜਾਵੇਗਾ। ਮੰਦਰ ਕਮੇਟੀ ਦੇ ਅਹੁਦੇਦਾਰਾਂ ਵਿੱਚ ਸ਼ਾਮਲ ਪ੍ਰਧਾਨ ਪਰਸ਼ੋਤਮ ਪਾਸੀ, ਚੇਅਰਮੈਨ ਰਾਧੇ ਸ਼ਾਮ ਸ਼ਰਮਾ, ਉੱਪ ਚੇਅਰਮੈਨ ਭੁਪਿੰਦਰ ਅਨੰਦ, ਜਨਰਲ ਸੈਕਟਰੀ ਬਿੰਨੀ ਆਨੰਦ ਅਤੇ ਨੌਜਵਾਨ ਆਗੂ ਰਾਹੁਲ ਆਨੰਦ ਜਿਹੇ ਮੈਂਬਰਾਂ ਸਮੇਤ ਸਮੁੱਚੇ ਕਮੇਟੀ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਫੈਸਲੇ ਅਨੁਸਾਰ ਕੌਮਾਂਤਰੀ ਕਵੀ ਕੰਵਰ ਇਕਬਾਲ ਸਿੰਘ (ਚੇਅਰਮੈਨ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ, ਐਕਸਾਈਜ ਅਤੇ ਟੈਕਸੇਸ਼ਨ ਵਿਭਾਗ ਕਪੂਰਥਲਾ) ਨੂੰ ਇਸ ਵਾਰ ਵੀ ਕਵੀ-ਦਰਬਾਰ ਦਾ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਲਾਈ ਗਈ ਹੈ। ਇਸ ਮੇਲੇ ਵਿੱਚ ਹਿੰਦੋਸਤਾਨ ਦੇ ਨਾਮਵਰ ਕਵੀ ਸਮੇਂ-ਸਮੇਂ ਕਰਵਾਏ ਜਾਂਦੇ ਰਹੇ ਕਵੀ ਦਰਬਾਰਾਂ ਵਿੱਚ ਹਾਜ਼ਰੀ ਲਗਵਾਉਂਦੇ ਰਹੇ ਹਨ। ਮੇਲਾ ਕਮੇਟੀ ਅਨੁਸਾਰ ਇਸ ਵਾਰ ਪੰਜਾਬ ਦੇ ਨਾਮਵਰ 11 ਕਵੀਆਂ ਵਿੱਚ ਸ਼ਾਮਲ ਸ਼ਾਇਰ ਕੰਵਰ ਇਕਬਾਲ ਸਿੰਘ, ਲਾਲੀ ਕਰਤਾਰਪੁਰੀ, ਲੱਕੀ ਮੱਲੀਆਂ ਵਾਲਾ, ਸੁਰਜੀਤ ਸਾਜਨ, ਦੀਸ਼ ਦਬੁਰਜੀ, ਆਸ਼ੂ ਕੁਮਰਾ, ਮੁਖ਼ਤਾਰ ਸਹੋਤਾ, ਗੁਰਦੀਪ ਗਿੱਲ, ਤੇਜਬੀਰ ਸਿੰਘ, ਰਜਨੀ ਵਾਲੀਆ ਅਤੇ ਅਮਨ ਗਾਂਧੀ ਆਦਿ ਕਵੀ ਆਪੋ-ਆਪਣੀ ਸ਼ਾਇਰੀ ਨਾਲ ਮਹਾਂਮਾਈ ਦਾ ਗੁਣਗਾਨ ਕਰ ਕੇ ਸੰਗਤਾਂ ਨੂੰ ਮੰਤਰ-ਮੁਗਧ ਕਰਨਗੇ ।

# ਜੱਸੀ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 17 ਨੂੰ

**ਬੰਗਾ (ਅਵਤਾਰ ਕਲੇਰ)**- ਦਰਬਾਰ ਧੰਨ ਧੰਨ ਬਾਬਾ ਫਤਿਹ ਚੰਦ ਜੱਸੀ ਜੀ ਕੁਲਥਮ ਵਿਖੇ ਸਾਲਾਨਾ ਜੋੜ ਮੇਲਾ 17 ਮਈ ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਚਮਨ ਲਾਲ ਜੱਸੀ, ਹੰਸ ਰਾਜ ਤੱਲ੍ਹਣ, ਕਰਨੈਲ ਚੰਦ ਇੰਦਨਾ, ਦੇਸ ਰਾਜ ਜਲੰਧਰ ਅਤੇ ਮਝੈਲ ਰਾਮ ਜੱਸੀ ਨੇ ਦੱਸਿਆ ਕਿ 17 ਮਈ ਦਿਨ ਐਤਵਾਰ ਨੂੰ ਬਾਣੀ ਦੇ ਭੋਗ ਪਾਏ ਜਾਣਗੇ। ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਜਾਵੇਗੀ ਉਪਰੰਤ ਨਾਮਵਰ ਕਲਾਕਾਰ ਬਲਵੀਰ ਰਾਗਨੀ, ਇੰਟਰਨੈਸ਼ਨਲ ਗਾਇਕ ਜੋੜੀ ਬਲਵਿੰਦਰ ਬਿੰਦਾ ਤੇ ਜੈਸਮੀਨ ਖਾਨ ਸੱਭਿਆਚਾਰਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਠੰਡੇ ਜਲ, ਚਾਹ ਪਕੌੜੇ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ । ਇਸ ਮੌਕੇ ਰਵੀ ਕੁਮਾਰ ਜਲੰਧਰ, ਮਨੀਸ਼ ਤੱਲ੍ਹਣ, ਪ੍ਰਿੰਸੀਪਲ ਗਿਆਨ ਚੰਦ, ਸ਼ਾਮ ਪਾਲ ਤੱਲ੍ਹਣ, ਬਖ਼ਸ਼ੀਸ਼ ਜੱਸੀ, ਸਤਨਾਮ ਇੰਦਨਾ, ਰਾਮ ਲਾਲ ਜਲੰਧਰ, ਜਸਪਾਲ ਸੇਮੀ, ਗੋਵਿੰਦ ਲਾਲ ਜੱਸੀ ਤੱਲ੍ਹਣ, ਨਿਰਵੈਰ ਸਿੰਘ ਕਪੂਰਥਲਾ , ਵਿਪਨ ਕੁਮਾਰ ਬਿੱਟੂ,ਚਰਨਦਾਸ ਕਾਕੂ ਆਦਿ ਹਾਜ਼ਰ ਸਨ।



## ਰਜਿੰਦਰਪਾਲ ਸਿੰਘ ਹੈੱਡ ਕਾਂਸਟੇਬਲ ਡੀ ਜੀ ਪੀ ਕਮੈਂਡੇਸ਼ਨ ਡਿਸਕ ਨਾਲ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੁਲਸ ਵਿਭਾਗ 'ਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਹੈੱਡ ਕਾਂਸਟੇਬਲ ਰਾਜਿੰਦਰਪਾਲ ਸਿੰਘ ਰਾਜਾ ਨੂੰ ਡੀਜੀਪੀ ਕਮੈਂਡੇਸ਼ਨ ਡਿਸਕ ਨਾਲ ਸਨਮਾਨਤ ਕੀਤਾ ਗਿਆ।ਇਹ ਸਨਮਾਨ ਤਤਕਾਲੀਨ ਐਸਐਸਪੀ ਮੋਗਾ ਆਈਪੀਐਸ ਅਜੇ ਗਾਂਧੀ ਵੱਲੋਂ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ।ਉਨ੍ਹਾਂ ਰਾਜਾ ਸਿੰਘ ਦੀ ਇਮਾਨਦਾਰੀ, ਕਰਤਵਨਿਸ਼ਠਾ ਤੇ ਲਗਾਤਾਰ ਮਿਹਨਤ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਐਸਐਸਪੀ ਅਜੇ ਗਾਂਧੀ ਨੇ ਕਿਹਾ ਕਿ ਰਾਜਾ ਸਿੰਘ ਨੇ ਆਪਣੇ ਫ਼ਰਜ਼ਾਂ ਨੂੰ ਨਿਭਾਉਂਦੇ ਹੋਏ ਹਮੇਸ਼ਾ ਉੱਚ ਮਿਆਰ ਕਾਇਮ ਕੀਤਾ ਹੈ ਤੇ ਵਿਭਾਗ ਦਾ ਨਾਂਅ ਰੌਸ਼ਨ ਕੀਤਾ ਹੈ।ਉਨ੍ਹਾਂ ਦੀ ਸੇਵਾ ਦੌਰਾਨ ਕੀਤੀਆਂ ਗਈਆਂ ਉਪਲਬਧੀਆਂ ਹੋਰ ਪੁਲਸ ਕ੍ਰਮਚਾਰੀਆਂ ਲਈ ਪ੍ਰੇਰਣਾ ਦਾ ਸਰੋਤ ਹਨ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਨਮਾਨ ਨਾਲ ਕ੍ਰਮਚਾਰੀਆਂ ਦਾ ਹੌਸਲਾ ਵਧਦਾ ਹੈ ਤੇ ਉਹ ਹੋਰ ਵੀ ਉਤਸ਼ਾਹ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ।ਇਸ ਮੌਕੇ ਹੋਰ ਅਧਿਕਾਰੀ ਤੇ ਪੁਲਸ ਕ੍ਰਮਚਾਰੀ ਵੀ ਮੌਜੂਦ ਸਨ, ਜਿਨ੍ਹਾਂ ਨੇ ਰਾਜਾ ਸਿੰਘ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ।ਸਾਰੇ ਸਹਿਕਰਮੀਆਂ ਨੇ ਉਨ੍ਹਾਂ ਦੀ ਭਵਿੱਖ ਲਈ ਚੰਗੀਆਂ ਕਾਮਨਾਵਾਂ ਜਤਾਈਆਂ।ਰਾਜਾ ਸਿੰਘ ਨੇ ਇਸ ਸਨਮਾਨ ਲਈ ਪੁਲਿਸ ਵਿਭਾਗ ਤੇ ਆਪਣੇ ਸੀਨੀਅਰ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ 'ਚ ਵੀ ਇਸੇ ਤਰ੍ਹਾਂ ਇਮਾਨਦਾਰੀ ਤੇ ਲਗਨ ਨਾਲ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ।

## ਮਾਤਾ ਗੁਜਰੀ ਕਾਲਜ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ 8,15,500 ਦੀ ਵਜ਼ੀਫ਼ਾ ਰਾਸ਼ੀ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਉੱਚਕੋਟੀ ਦੇ ਵਿੱਦਿਅਕ ਅਦਾਰੇ ਮਾਤਾ ਗੁਜਰੀ ਕਾਲਜ ਵਿੱਚ ਗ੍ਰੈਜੂਏਸ਼ਨ ਤੇ ਪੋਸਟ ਗ੍ਰੈਜੂਏਸ਼ਨ ਦੀ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਿੱਤੀ ਸਹਿਯੋਗ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਲਜ ਨੂੰ 8 ਲੱਖ 15 ਹਜ਼ਾਰ 500 ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ।ਇਸ ਗ੍ਰਾਂਟ ਦਾ ਲਾਭ ਕਾਲਜ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਗੁਰਸਿੱਖ ਵਿਦਿਆਰਥੀਆਂ ਨੂੰ ਮਿਲੇਗਾ, ਜਿਸ ਨਾਲ ਉਹ ਅਕਾਦਮਿਕ ਤੇ ਧਾਰਮਿਕ ਖੇਤਰ ਵਿੱਚ ਹੋਰ ਵਧੀਆ ਕਾਰਗੁਜ਼ਾਰੀ ਕਰ ਸਕਣਗੇ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਸੰਧੂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਕੱਤਰ ਵਿੱਦਿਆ ਇੰਜੀਨੀਅਰ ਸੁਖਮਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਵਜ਼ੀਫ਼ੇ ਵਿਦਿਆਰਥੀਆਂ ਨੂੰ ਸਿੱਖਿਆ ਵਿੱਚ ਸਹਾਇਤਾ ਦੇ ਨਾਲ-ਨਾਲ ਗੁਰਸਿੱਖੀ ਜੀਵਨ ਨਾਲ ਜੋੜਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।ਪ੍ਰਿੰਸੀਪਲ ਸੰਧੂ ਨੇ ਕਾਲਜ ਦੇ ਸਟਾਫ਼ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਧਿਆਪਕਾਂ ਵੱਲੋਂ ਸਮੇਂ-ਸਮੇਂ 'ਤੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਨਿਰੰਤਰ ਮਿਹਨਤ, ਸਵੈ ਅਨੁਸ਼ਾਸਨ ਅਤੇ ਨਿਸ਼ਕਾਮ ਸੇਵਾ ਦੇ ਮਹੱਤਵ ਸਬੰਧੀ ਵਿਸ਼ੇਸ਼ ਲੈਕਚਰ ਵੀ ਦਿੱਤੇ ਜਾਂਦੇ ਹਨ।ਜ਼ਿਕਰਯੋਗ ਹੈ ਕਿ ਮਾਤਾ ਗੁਜਰੀ ਕਾਲਜ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਬਿਲਕੁਲ ਸਾਹਮਣੇ ਸਥਿਤ ਹੈ, ਜਿੱਥੇ ਮਾਤਾ ਗੁਜਰੀ ਜੀ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਹੋਈ ਹੈ।ਇਸ ਕਾਲਜ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਗੁਰਬਾਣੀ ਨਾਲ ਜੁੜਨ ਤੇ ਹਰ ਸਾਲ ਸ਼ਹੀਦੀ ਸਭਾ ਦੌਰਾਨ ਵੱਖ-ਵੱਖ ਸੇਵਾ ਕਾਰਜਾਂ ਵਿੱਚ ਹਿੱਸਾ ਲੈਣ ਦਾ ਵਿਸ਼ੇਸ਼ ਮੌਕਾ ਵੀ ਮਿਲਦਾ ਹੈ, ਜਿਸ ਨਾਲ ਵਿਦਿਆਰਥੀਆਂ ਅੰਦਰ ਧਾਰਮਿਕ ਰੁਚੀਆਂ ਵੀ ਪੈਦਾ ਹੁੰਦੀਆਂ ਹਨ।ਕਾਲਜ ਵਿਖੇ ਵਿੱਦਿਅਕ ਸੈਸ਼ਨ 2026-27 ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ।

## ਕਈ ਪਰਵਾਰਾਂ ਨੇ ਫੜਿਆ ਭਾਜਪਾ ਦਾ ਪੱਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਵੱਡੀ ਗਿਣਤੀ ਵਿੱਚ ਵੱਖ-ਵੱਖ ਰਾਜਨੀਤਕ ਪਾਰਟੀਆਂ ਨੂੰ ਛੱਡ ਕੇ ਲੋਕਾਂ ਨੂੰ ਭਾਜਪਾ ਵਿੱਚ ਸ਼ਾਮਲ ਕੀਤਾ।ਇਸ ਮੌਕੇ ਸੰਦੀਪ ਕੌਰ ਚੜਿੱਕ, ਹਰਜਿੰਦਰ ਸਿੰਘ, ਸਿਮਰਨਜੀਤ ਕੌਰ, ਰਵੀ ਸਿੰਘ (ਵਾਰਡ ਨੰਬਰ 31), ਬਲਰਾਜ ਕੌਰ, ਕੁਲਵੰਤ ਕੌਰ (ਵਾਰਡ ਨੰਬਰ 22), ਰਾਹੁਲ ਸ਼ਰਮਾ, ਹਰਪ੍ਰੀਤ ਸਿੰਘ, ਬਲਪ੍ਰੀਤ ਸਿੰਘ, ਲਵਦੀਪ ਸਿੰਘ, ਜਗਜੀਤ ਸਿੰਘ, ਸੁਖਪ੍ਰੀਤ ਸਿੰਘ, ਗੁਰਦਿੱਤ ਸਿੰਘ, ਕੇਸ਼ਵ ਸਿੰਘ (ਵਾਰਡ ਨੰਬਰ 20), ਕਮਲ ਕੌਰ, ਚੰਦ ਸਿੰਘ, ਗੁਰਨਾਮ ਸਿੰਘ, ਆਕਾਸ਼ਦੀਪ ਸਿੰਘ, ਅਮਨਦੀਪ ਸਿੰਘ, ਅਰਸ਼ਦੀਪ ਸਿੰਘ, ਜਗਜੀਵਨ ਸਿੰਘ, ਲਵਪ੍ਰੀਤ ਸਿੰਘ, ਹਰਵੀਰ ਸਿੰਘ, ਗੁਰਵਿੰਦਰ ਸਿੰਘ, ਮਨਪ੍ਰੀਤ ਸਿੰਘ, ਮਹਿਕਦੀਪ ਸਿੰਘ, ਸਾਗਰ ਸਿੰਘ, ਸਤਪਾਲ ਸਿੰਘ, ਹਰਜਿੰਦਰ ਸਿੰਘ, ਮਨੀ ਸਿੰਘ, ਵਿਵੇਕ ਤਿਵਾੜੀ, ਗੁਰਪ੍ਰੀਤ ਸਿੰਘ, ਗੁਰਚਰਨ ਸਿੰਘ ਤੇ ਕੁਲਵੀਰ ਸਿੰਘ (ਵਾਰਡ ਨੰਬਰ 16) ਆਪਣੇ ਸਮਰਥਕਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਏ।ਇਸ ਮੌਕੇ ਨਵੇਂ ਸ਼ਾਮਲ ਹੋਏ ਪਰਵਾਰਾਂ ਨੂੰ ਭਾਜਪਾ ਦੀ ਮੈਂਬਰਸ਼ਿਪ ਵੀ ਦਿੱਤੀ ਗਈ।ਇਸ ਮੌਕੇ ਡਾ. ਹਰਜੋਤ ਕਮਲ ਨੇ ਨਵੇਂ ਸ਼ਾਮਲ ਹੋਏ ਸਾਥੀਆਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਭਾਜਪਾ ਦੀ ਨੀਤੀਆਂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਦੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਵੱਡੀ ਗਿਣਤੀ ਵਿੱਚ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਮੋਗਾ ਵਿੱਚ ਭਾਜਪਾ ਹੁਣ ਹਰ ਵਰਗ ਦੀ ਪਹਿਲੀ ਪਸੰਦ ਬਣਦੀ ਜਾ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਇਹ ਲਹਿਰ ਹੋਰ ਮਜ਼ਬੂਤ ਹੋਵੇਗੀ।ਉਨ੍ਹਾਂ ਵਿਸ਼ਵਾਸ ਜਤਾਇਆ ਕਿ ਨਵੇਂ ਸਾਥੀਆਂ ਦੇ ਸ਼ਾਮਲ ਹੋਣ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।ਇਸ ਮੌਕੇ ਜ਼ਿਲ੍ਹਾ ਮਹਾਮੰਤਰੀ ਸ਼ਮਸ਼ੇਰ ਸਿੰਘ ਕੈਲਾ, ਕਿਸਾਨ ਮੋਰਚਾ ਜ਼ਿਲ੍ਹਾ ਪ੍ਰਧਾਨ ਲਖਵੰਤ ਸਿੰਘ ਸਾਫੂਵਾਲਾ, ਐੱਸ ਸੀ ਮੋਰਚਾ ਪ੍ਰਧਾਨ ਸਤਿੰਦਰਪ੍ਰੀਤ ਸਿੰਘ ਰੱਤੀਆਂ, ਮਹਿਲਾ ਮੋਰਚਾ ਪ੍ਰਧਾਨ ਕਮਲਜੀਤ ਕੌਰ ਧੱਲੇਕੇ ਤੋਂ ਇਲਾਵਾ ਹੋਰ ਪਾਰਟੀ ਵਰਕਰ ਤੇ ਸਮਰਥਕ ਹਾਜ਼ਰ ਸਨ।

## ਮੰਗਾਂ ਸੰਬੰਧੀ ਕਿਸਾਨ 15 ਨੂੰ ਰਾਜ ਭਵਨ ਵੱਲ ਕਰਨਗੇ ਕੂਚ : ਲੱਖੋਵਾਲ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੀ ਮਹੀਨਾਵਾਰ ਮੀਟਿੰਗ ਯੂਨੀਅਨ ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਯੂਨੀਅਨ ਦੇ ਕਾਰਜਕਾਰੀ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਸ਼ਾਮਲ ਹੋਏ।ਮੀਟਿੰਗ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ।ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਤੇ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਨੇ ਸਾਂਝਾ ਬਿਆਨ ਦਿੰਦਿਆਂ ਕਿਹਾ ਕਿ 15 ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਦੀਆਂ ਮੰਗਾਂ ਵਾਸਤੇ ਇੱਕ ਵੱਡੀ ਰੈਲੀ ਮੋਹਾਲੀ ਵਿਖੇ ਕੀਤੀ ਜਾਵੇਗੀ।ਇਸ ਦੌਰਾਨ ਕਿਸਾਨਾਂ ਦੇ ਕਾਫਲੇ ਰਾਜ ਭਵਨ ਚੰਡੀਗੜ੍ਹ ਵੱਲ ਕੂਚ ਕਰਨਗੇ।ਯੂਨੀਅਨ ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਮੰਗਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦੇ ਹਵਾਲੇ ਕੀਤੀ ਜਾਵੇ, ਚੰਡੀਗੜ੍ਹ ਬਿਨਾਂ ਕਿਸੇ ਦੇਰੀ ਦੇ ਪੰਜਾਬ ਨੂੰ ਦਿੱਤਾ ਜਾਵੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਨਿਯਮਾਂ ਵਿੱਚ ਸੋਧ ਕਰਕੇ ਪੰਜਾਬ ਦੀ ਸਥਾਈ ਮੈਂਬਰਸ਼ਿਪ ਖਤਮ ਕਰਨ ਵਾਲਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ, ਦਰਿਆਈ ਪਾਣੀਆਂ ਦਾ ਮਾਮਲਾ ਰਿਪੇਰੀਅਨ ਬੇਸਿਨ ਸਿਧਾਂਤ ਅਨੁਸਾਰ ਹੱਲ ਕੀਤਾ ਜਾਵੇ, ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ ਰੱਦ ਕੀਤੀਆਂ ਜਾਣ, ਡੈਮ ਸੇਫਟੀ ਐਕਟ ਤੇ ਜਲ ਸੋਧ ਐਕਟ 2024 ਰੱਦ ਕੀਤਾ ਜਾਵੇ, ਦਰਿਆਵਾਂ, ਨਹਿਰਾਂ ਤੇ ਡਰੇਨਾਂ ਵਿੱਚ ਉਦਯੋਗਾਂ ਤੇ ਸੀਵਰੇਜ ਦਾ ਦੂਸ਼ਿਤ ਪਾਣੀ ਪੈਣ ਤੋਂ ਰੋਕਿਆ ਜਾਵੇ ਤੋਂ ਇਲਾਵਾ ਪੰਜਾਬ ਦੀਆਂ ਹੋਰ ਮੰਗਾਂ ਮੰਨਵਾਉਣ ਲਈ 15 ਮਈ ਦਾ ਚੰਡੀਗੜ੍ਹ ਕੂਚ ਦਾ ਪ੍ਰੋਗਰਾਮ ਰੱਖਿਆ ਹੈ, ਜਿਸ ਵਿੱਚ ਪੰਜਾਬ ਤੋਂ ਹਜ਼ਾਰਾ ਕਿਸਾਨ ਪਹੁੰਚ ਰਹੇ ਹਨ।

## ਹੋਲੀ ਹਾਰਟ ਸਕੂਲ 'ਚ 'ਮਾਂ ਦਿਵਸ' ਧੂਮ-ਧਾਮ ਨਾਲ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਵਿੱਚ 'ਮਾਂ ਦਿਵਸ' ਸੰਬੰਧੀ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਉਲੀਕਿਆ ਗਿਆ।ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਬੱਚਿਆਂ ਦੇ ਦਿਲਾਂ ਵਿੱਚ ਮਾਂ ਦੇ ਨਿਰਸਵਾਰਥ ਪਿਆਰ ਤੇ ਤਿਆਗ ਪ੍ਰਤੀ ਸਤਿਕਾਰ ਪੈਦਾ ਕਰਨਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ ਤੇ ਡਾਇਰੈਕਟਰ ਸ਼੍ਰੇਆ ਪਲਤਾ ਅਤੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।ਸਮਾਗਮ ਦੌਰਾਨ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ।ਛੋਟੇ ਬੱਚਿਆਂ ਨੇ 'ਮਾਂ' ਵਿਸ਼ੇ 'ਤੇ ਬਹੁਤ ਹੀ ਪਿਆਰੀਆਂ ਕਵਿਤਾਵਾਂ ਸੁਣਾਈਆਂ, ਜਿਨ੍ਹਾਂ ਨੇ ਸਭ ਦਾ ਮਨ ਮੋਹ ਲਿਆ।ਤੀਜੀ ਤੇ ਚੌਥੀ ਜਮਾਤ ਦੇ ਵਿਦਿਆਰਥੀਆਂ ਨੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਮਾਂ ਦੀ ਮਹਾਨਤਾ ਨੂੰ ਦਰਸਾਉਂਦੇ ਸਕਿੱਟ ਤੇ ਕੋਰੀਓਗ੍ਰਾਫੀ ਸ਼ਾਮਲ ਸਨ।ਵਿਦਿਆਰਥੀਆਂ ਨੇ ਆਪਣੇ ਹੱਥਾਂ ਨਾਲ ਸੁੰਦਰ 'ਗ੍ਰੀਟਿੰਗ ਕਾਰਡ' ਬਣਾ ਕੇ ਆਪਣੀਆਂ ਮਾਵਾਂ ਨੂੰ ਭੇਟ ਕੀਤੇ।ਸਕੂਲ ਵੱਲੋਂ ਮਾਵਾਂ ਲਈ ਵੀ ਵਿਸ਼ੇਸ਼ ਖੇਡਾਂ ਤੇ ਮੁਕਾਬਲੇ ਕਰਵਾਏ ਗਏ।ਪ੍ਰਿੰਸੀਪਲ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਮਾਂ ਰੱਬ ਦਾ ਦੂਜਾ ਰੂਪ ਹੈ।ਉਹ ਦੁਨੀਆ ਦੀ ਸਭ ਤੋਂ ਵੱਡੀ ਅਧਿਆਪਕ ਹੈ ਜੋ ਬੱਚੇ ਨੂੰ ਪਹਿਲਾ ਅੱਖਰ ਸਿਖਾਉਂਦੀ ਹੈ।ਉਨ੍ਹਾਂ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਸਿਰਫ਼ ਇੱਕ ਦਿਨ ਹੀ ਨਹੀਂ, ਸਗੋਂ ਹਰ ਦਿਨ ਆਪਣੀ ਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਪ੍ਰੋਗਰਾਮ ਦੇ ਅੰਤ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੀਆਂ ਮਾਵਾਂ ਨੂੰ ਸਨਮਾਨਤ ਕੀਤਾ ਗਿਆ।ਸਾਰਾ ਸਕੂਲ ਮਾਂ ਦੇ ਪਿਆਰ ਦੇ ਜਸ਼ਨ ਵਿੱਚ ਡੁੱਬਿਆ ਨਜ਼ਰ ਆ ਰਿਹਾ ਸੀ।ਇਹ ਦਿਨ ਸਭ ਦੇ ਮਨਾਂ 'ਤੇ ਇੱਕ ਅਮਿੱਟ ਛਾਪ ਛੱਡ ਗਿਆ।

## 5 ਕਿੱਲੋ 55 ਗ੍ਰਾਮ ਅਫੀਮ ਤੇ 50 ਗ੍ਰਾਮ ਹੈਰੋਇਨ ਬਰਾਮਦ

**ਮਾਨਸਾ (ਆਤਮਾ ਸਿੰਘ ਪਮਾਰ)**-ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਸ ਮਾਨਸਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ-ਮੁਕਤ ਕਰਨ ਲਈ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਖ਼ਤ ਨੀਤੀ ਅਪਣਾਈ ਗਈ ਹੈ, ਜਿਸ ਦੀ ਲੜੀ 'ਚ ਡਾਇਰੈਕਟਰ ਜਨਰਲ ਪੁਲਸ ਪੰਜਾਬ ਸ੍ਰੀ ਗੌਰਵ ਯਾਦਵ ਆਈ.ਪੀ.ਐੱਸ. ਦੇ ਆਦੇਸ਼ਾਂ ਅਨੁਸਾਰ ਤੇ ਸ੍ਰੀ ਹਰਜੀਤ ਸਿੰਘ ਆਈ.ਪੀ.ਐੱਸ. ਡਿਪਟੀ ਇੰਸਪੈਕਟਰ ਜਨਰਲ ਪੁਲਸ ਬਠਿੰਡਾ ਰੇਂਜ ਦੀ ਅਗਵਾਈ ਹੇਠ ਮਾਨਸਾ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਾਰਵਾਈ ਕਰਦਿਆਂ ਵੱਖ ਵੱਖ ਥਾਣਿਆਂ 'ਚ 2 ਮੁਕੱਦਮੇ ਦਰਜ ਕਰਕੇ 3 ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 5 ਕਿੱਲੋ 55 ਗ੍ਰਾਮ ਅਫੀਮ ਤੇ 50 ਗ੍ਰਾਮ ਹੈਰੋਇਨ (ਚਿੱਟਾ) ਬਰਾਮਦ ਕਰਨ 'ਚ ਸਫਲਤਾ ਹਾਸਲ ਕੀਤੀ ਹੈ।ਉਨ੍ਹਾਂ ਦੱਸਿਆ ਕਿ ਥਾਣਾ ਸਿਟੀ ਬੁਢਲਾਡਾ 'ਚ ਸੀ.ਆਈ.ਏ. ਸਟਾਫ ਮਾਨਸਾ ਦੀ ਪੁਲਸ ਟੀਮ ਨੇ ਚਰਨਜੀਤ ਸਿੰਘ ਪੁੱਤਰ ਬੂਟਾ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਖੰਜਨ ਨਗਰ ਝਾਲਾ ਖੰਜਨ ਨਗਰ ਖੀਰੀ ਉੱਤਰ ਪ੍ਰਦੇਸ਼ ਹਾਲ ਆਬਾਦ ਸੁੰਦਰ ਨਗਰ ਸਿਟੀ ਬੁਢਲਾਡਾ ਪਾਸੋਂ 5 ਕਿਲੋ 55 ਗ੍ਰਾਮ ਅਫੀਮ ਬਰਾਮਦ ਹੋਣ 'ਤੇ ਮੁਕੱਦਮਾ ਥਾਣਾ ਸਿਟੀ ਬੁਢਲਾਡਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ।ਇਸ ਤੋਂ ਇਲਾਵਾ ਥਾਣਾ ਬੋਹਾ ਵਿੱਚ ਐਂਟੀ ਨਾਰਕੋਟਿਕ ਸੈੱਲ ਮਾਨਸਾ ਦੀ ਪੁਲਸ ਟੀਮ ਨੇ ਬਲਜਿੰਦਰ ਸਿੰਘ ਉਰਫ ਵਿੱਕੀ ਪੁੱਤਰ ਅਵਤਾਰ ਸਿੰਘ, ਗੁਲਾਬ ਸਿੰਘ ਪੁੱਤਰ ਘੁੱਲਾ ਸਿੰਘ ਵਾਸੀ ਦਲੇਲ ਵਾਲਾ ਪਾਸੋਂ 50 ਗ੍ਰਾਮ ਹੈਰੋਇਨ (ਚਿੱਟਾ) ਬਰਾਮਦ ਹੋਣ 'ਤੇ ਮੁਕੱਦਮਾ ਥਾਣਾ ਬੋਹਾ ਤਹਿਤ ਦਰਜ ਕਰਕੇ ਤਫ਼ਤੀਸ਼ ਅਮਲ 'ਚ ਲਿਆਂਦੀ।

## ਕਿਰਤ ਤੇ ਮਿਹਨਤ ਹੀ ਕਾਮਯਾਬੀ ਦੀ ਕੁੰਜੀ : ਡਾ. ਤਰਲੋਚਨ ਕੌਰ



**ਭਵਾਨੀਗੜ੍ਹ (ਰਾਜ ਖੁਰਮੀ)**-ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਭਵਾਨੀਗੜ੍ਹ ਵਿਖੇ ਪ੍ਰਸਿੱਧ ਲੇਖਿਕਾ ਡਾ. ਤਰਲੋਚਨ ਕੌਰ ਪਟਿਆਲਾ ਨਾਲ਼ ਇਕ ਵਿਸ਼ੇਸ਼ ਰੂਬਰੂ ਸਮਾਗਮ ਕਰਵਾਇਆ ਗਿਆ।ਸਮਾਗਮ ਦੀ ਪ੍ਰਧਾਨਗੀ ਉੱਘੇ ਗਲਪਕਾਰ ਅਨੋਖ ਸਿੰਘ ਵਿਰਕ ਨੇ ਕੀਤੀ।ਸਮਾਗਮ ਦੌਰਾਨ ਡਾ. ਤਰਲੋਚਨ ਕੌਰ ਪਟਿਆਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਵੀ ਖੇਤਰ ਵਿੱਚ ਕਾਮਯਾਬੀ ਹਾਸਲ ਕਰਨ ਲਈ ਕਿਰਤ, ਮਿਹਨਤ ਤੇ ਮੁਸ਼ੱਕਤ ਬਹੁਤ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਦੀ ਬਾਣੀ ਵੀ ਮਨੁੱਖ ਨੂੰ ਸੱਚੀ ਕਿਰਤ ਕਰਨ ਤੇ ਇਮਾਨਦਾਰੀ ਨਾਲ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਦਿੰਦੀ ਹੈ।ਇਹ ਸਮਾਗਮ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿਨ ਭਗਤ ਭਾਈ ਲਾਲੋ ਨੂੰ ਸਮਰਪਤ ਕੀਤਾ ਗਿਆ।ਡਾ. ਤਰਲੋਚਨ ਕੌਰ ਪਟਿਆਲਾ ਵੱਲੋਂ ਪੰਜਾਬੀ ਸਾਹਿਤ ਨੂੰ ਦਿੱਤੇ ਯੋਗਦਾਨ ਦੀ ਵੀ ਖ਼ੂਬ ਸਰਾਹਨਾ ਹੋਈ। ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਭਾਸ਼ਾ ਵਿਗਿਆਨੀ ਜੰਗ ਸਿੰਘ ਫੱਟੜ ਨੇ ਕੀਤੀ।ਉਨ੍ਹਾਂ ਪੰਜਾਬੀ ਭਾਸ਼ਾ ਵਿੱਚ ਬਿੰਦੀ, ਟਿੱਪੀ ਤੇ ਅਧਕ ਦੀ ਵਰਤੋਂ ਸਬੰਧੀ ਆਪਣੇ ਨਵੇਂ ਵਿਚਾਰਾਂ ਰਾਹੀਂ ਸਰੋਤਿਆਂ ਨੂੰ ਜਾਣੂ ਕਰਵਾਇਆ।ਇਸ ਮੌਕੇ ਪਬਲਿਕ ਕਾਲਜ ਸਮਾਣਾ ਤੋਂ ਪ੍ਰੋਫੈਸਰ ਮਹਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸਮਾਗਮ ਦੌਰਾਨ ਇੱਕ ਵਿਸ਼ਾਲ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿੱਚ ਬਾਲ ਕਲਾਕਾਰ ਲਕਸ਼ਿਤਾ ਸ਼ਰਮਾ ਤੇ ਖੁਸ਼ਲੀਨ ਸ਼ਰਮਾ ਨੇ ਮਾਂ ਦਿਵਸ ਨੂੰ ਸਮਰਪਤ ਰਚਨਾਵਾਂ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।ਇਸ ਤੋਂ ਇਲਾਵਾ ਸਮਾਗਮ ਵਿੱਚ ਹਾਜ਼ਰ ਕਈ ਹੋਰ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ 'ਤੇ ਵਿਚਾਰ ਪੇਸ਼ ਕੀਤੇ।

## ਵੱਖ-ਵੱਖ ਖੇਡਾਂ 'ਚ ਵਿਦਿਆਰਥੀਆਂ ਦੀਆਂ ਮਾਵਾਂ ਨੇ ਜਿੱਤੀਆਂ ਟ੍ਰਾਫੀਆਂ : ਪ੍ਰਿੰਸੀਪਲ

**ਮੋਗਾ (ਇਕਬਾਲ ਸਿੰਘ ਖਹਿਰਾ)**

ਬਲੂਮਿੰਗ ਬਡਜ਼ ਸਕੂਲ ਵਿਖੇ ਗਰੁੱਪ ਚੇਅਰਮੈਨ ਸੰਜੀਵ ਕੁਮਾਰ ਸੈਣੀ ਤੇ ਚੇਅਰਪਰਸਨ ਕਮਲ ਸੈਣੀ ਦੀ ਅਗਵਾਈ ਹੇਠ ਸਕੂਲ਼ ਵਿੱਚ 'ਮਾਂ ਦਿਵਸ' ਬੜੇ ਹੀ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ।ਸਕੂਲ ਵਿੱਚ ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਵੱਲੋਂ ਇਸ ਸਬੰਧੀ ਬੜੇ ਹੀ ਸੁੰਦਰ ਚਾਰਟ ਤੇ ਪ੍ਰੇਰਨਾਦਾਈ ਆਰਟੀਕਲ ਪੇਸ਼ ਕੀਤੇ ਗਏ ਜੋ ਕਿ ਮਾਂ ਦੀ ਮਹੱਤਤਾ ਨੂੰ ਦਰਸਾਉਂਦੇ ਸਨ।ਸਕੂਲ ਵੱਲੋਂ ਹਰ ਇੱਕ ਮਾਂ ਦੇ ਸਨਮਾਨ ਵਿੱਚ ਇੱਕ ਪ੍ਰੋਗਰਾਮ ਕੀਤਾ ਗਿਆ, ਜਿਸ ਵਿੱਚ ਸਕੂਲ਼ ਕੁਆਇਰ ਵੱਲੋਂ ਇੱਕ ਮਾਂ ਨੂੰ ਸਮਰਪਤ ਗਾਣਾ ਸੁਣਾਇਆ ਗਿਆ ਤੇ ਵੱਖ-ਵੱਖ ਵਿਦਿਆਰਥੀਆਂ ਵੱਲੋਂ ਕਵਿਤਾਵਾਂ ਤੇ ਗਾਣੇ ਪੇਸ਼ ਕੀਤੇ ਗਏ।ਮੌਕੇ 'ਤੇ ਮੌਜੂਦ ਸਾਰੇ ਸਟਾਫ ਤੇ ਮਾਪਿਆਂ ਦਾ ਮਨ ਮੋਹ ਲਿਆ।ਕਲਾਸ ਪਹਿਲੀ ਤੇ ਦੂਸਰੀ ਦੇ ਬੱਚਿਆਂ ਨੇ 'ਮਾਂ' ਦੀ ਮਹਾਨਤਾ ਨੂੰ ਦਰਸਾਉਂਦਾ ਹੋਇਆ ਡਾਂਸ ਪੇਸ਼ ਕੀਤਾ ਤੇ ਆਪਣੇ ਡਾਂਸ ਨਾਲ ਸੱਭ ਦਾ ਧਿਆਨ ਆਕਰਸ਼ਿਤ ਕੀਤਾ।ਇਸੇ ਤਰਾਂ 5ਵੀਂ ਤੇ 6ਵੀਂ ਕਲਾਸ ਦੇ ਵਿਦਿਆਰਥੀਆਂ ਨੇ ਵੀ ਆਪਣੇ ਡਾਂਸ ਰਾਹੀਂ ਮਾਂ ਦੀ ਮਹਿਮਾ ਨੂੰ ਦਰਸਾਇਆ। ਸੀਨੀਅਰ ਕਲਾਸ ਦੀਆਂ ਵਿਦਿਆਰਥਣਾਂ ਵੱਲੋਂ ਡਾਂਸ ਪੇਸ਼ ਕੀਤਾ ਗਿਆ।ਸਕੂਲ ਦੇ ਸੰਗੀਤ ਅਧਿਆਪਕ ਅਭੀਸ਼ੇਕ ਤੂਰ ਨੇ ਮਾਂ ਉੱਪਰ ਬਹੁਤ ਹੀ ਸੋਹਣਾ ਗੀਤ ਪੇਸ਼ ਕੀਤਾ।ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਰਹੀਆਂ ਮਾਂਵਾਂ ਨੂੰ ਸਕੂਲ ਪ੍ਰਿੰਸਿਪਲ ਡਾ. ਹਮਲਿਆ ਰਾਣੀ ਵੱਲੋਂ ਟ੍ਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਵਿੱਚ ਮਾਵਾਂ ਲਈ ਸੈਲਫੀ ਕਾਰਨਰ ਵੀ ਤਿਆਰ ਕੀਤਾ ਗਿਆ, ਜਿਸ ਵਿੱਚ ਵਿਦਿਅਰਥੀਆਂ ਵੱਲੋਂ ਬਣਾਏ ਗਏ ਕਾਰਡ ਮਾਵਾਂ ਨੂੰ ਦਿੱਤੇ ਗਏ ਤੇ ਫੋਟੋ ਕਰਵਾਈ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਹਮੀਲੀਆ ਰਾਣੀ ਨੇ ਮੌਜੂਦ ਮਾਂਵਾ ਨੂੰ ਇਸ ਸ਼ੁੱਭ ਦਿਹਾੜੇ ਦੀਆਂ ਮੁਬਾਰਕਾਂ ਦਿੰਦੇ ਹੋਏ ਵਿਦਿਆਰਥੀਆਂ ਨੂੰ ਸੁਨੇਹਾ ਦਿੱਤਾ ਕਿ ਇਸ ਦੁਨੀਆ ਵਿੱਚ 'ਮਾਂ' ਇੱਕ ਐਸਾ ਰਿਸ਼ਤਾ ਹੈ, ਜਿਸ ਦੇ ਪਿਆਰ ਤੇ ਤਿਆਗ ਦੀ ਕੋਈ ਸੀਮਾ ਹੀ ਨਹੀਂ ਹੈ।ਇੱਕ ਮਾਂ ਆਪਣੀਆਂ ਸਾਰੀਆਂ ਰੀਝਾਂ ਅਤੇ ਖੁਸ਼ੀਆਂ ਦਾ ਆਪਣੀ ਔਲਾਦ ਲਈ ਖੁਸ਼ੀ-ਖੁਸ਼ੀ ਤਿਆਗ ਕਰ ਦਿੰਦੀ ਹੈ।

ਇਸ ਲਈ 'ਮਾਂ' ਸਾਡੇ ਸਭ ਲਈ ਪ੍ਰਮਾਤਮਾ ਤੋਂ ਵੀ ਵੱਧ ਕੇ ਹੈ ਇਸ ਲਈ ਮਾਂ ਪ੍ਰਮਾਤਮਾ ਤੋਂ ਵੀ ਵੱਧ ਸਤਿਕਾਰ ਦੀ ਹੱਕਦਾਰ ਹੈ।

## ਪੀਯੂ ਦਾ ਫੈਸਲਾ ਪੀ ਟੀ ਏ ਅਧਿਆਪਕਾਂ ਦਾ ਮਾਨਸਿਕ ਤੇ ਵਿੱਤੀ ਸ਼ੋਸ਼ਣ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਚੱਲ ਰਹੇ ਵੱਖ-ਵੱਖ ਕਾਂਸਟੀਚੂਐਂਟ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾ ਨਿਭਾ ਰਹੇ ਪੀਟੀਏ ਅਧਿਆਪਕਾਂ ਨਾਲ ਇਸ ਵੇਲੇ ਮਤਰੇਆ ਵਿਹਾਰ ਕੀਤਾ ਜਾ ਰਿਹਾ ਹੈ।ਯੂਨੀਵਰਸਿਟੀ ਵੱਲੋਂ 8 ਮਈ ਨੂੰ ਜਾਰੀ ਪੱਤਰ ਰਾਹੀਂ 16 ਮਈ ਤੋਂ ਪੀਟੀਏ ਅਧਿਆਪਕਾਂ ਨੂੰ ਕਾਲਜਾਂ ਤੋਂ ਰਿਲੀਵ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਇਸ ਫੈਸਲੇ ਕਾਰਨ ਸੰਬੰਧਤ ਅਧਿਆਪਕ ਗੰਭੀਰ ਮਾਨਸਿਕ ਤਣਾਅ ਤੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹਨ।ਦੱਸਣਯੋਗ ਹੈ ਕਿ 16 ਮਈ ਤੋਂ ਯੂਨੀਵਰਸਿਟੀ ਦੇ ਕਾਲਜਾਂ ਵਿੱਚ ਪ੍ਰੀਖਿਆਵਾਂ ਸ਼ੁਰੂ ਹੋ ਰਹੀਆਂ ਹਨ।ਜਾਣਕਾਰੀ ਅਨੁਸਾਰ ਅਧਿਆਪਕਾਂ ਤੋਂ ਪ੍ਰੀਖਿਆ ਡਿਊਟੀ, ਪੇਪਰ ਚੈਕਿੰਗ ਤੇ ਹੋਰ ਅਕਾਦਮਿਕ ਕੰਮ ਲੈਣ ਦੀ ਗੱਲ ਵੀ ਕੀਤੀ ਗਈ ਹੈ, ਜੋ ਕਿ ਰਿਲੀਵ ਕਰਨ ਦੇ ਫੈਸਲੇ ਨਾਲ ਵਿਰੋਧਭਾਸ਼ੀ ਹੈ, ਜਦੋਂ ਕਿ 27 ਮਾਰਚ ਨੂੰ ਹੋਏ ਸਿੰਡੀਕੇਟ ਫੈਸਲੇ ਅਨੁਸਾਰ ਜੂਨ ਮਹੀਨੇ ਦੀਆਂ ਛੁੱਟੀਆਂ ਤੋਂ ਇਲਾਵਾ ਪੀਟੀਏ ਅਧਿਆਪਕਾਂ ਨੂੰ ਰਿਲੀਵ ਕਰਨਾ ਉਚਿਤ ਨਹੀਂ ਹੈ, ਤਾਜ਼ਾ ਹੁਕਮ ਫੈਸਲੇ ਦੀ ਉਲੰਘਣਾ ਕਰਦਾ ਦਿੱਸਦਾ ਹੈ, ਜੋ ਪੀਟੀਏ ਅਧਿਆਪਕਾਂ ਦੇ ਅਧਿਕਾਰਾਂ 'ਤੇ ਸਿੱਧਾ ਸੱਟ ਹੈ।ਪੰਜਾਬੀ ਯੂਨੀਵਰਸਿਟੀ ਅਧੀਨ 13 ਕਾਂਸਟੀਚੂਐਂਟ ਕਾਲਜ ਹਨ, ਜਿੱਥੇ ਪੀਟੀਏ ਅਧਿਆਪਕ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।ਅਧਿਆਪਕਾਂ ਦੀ ਮੰਗ ਹੈ ਕਿ ਇਸ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ ਤਾਂ ਜੋ ਕਾਲਜਾਂ ਵਿੱਚ ਅਕਾਦਮਿਕ ਕਾਰਜ ਸੁਚਾਰੂ ਢੰਗ ਨਾਲ ਚੱਲ ਸਕਣ।ਇਸ ਦੌਰਾਨ ਕਾਲਜ ਅਧਿਆਪਕਾਂ ਨੇ ਕਿਹਾ ਹੈ ਕਿ ਜੇਕਰ ਯੂਨੀਵਰਸਿਟੀ ਪ੍ਰਸ਼ਾਸਨ ਜਾਇਜ਼ ਮੰਗਾਂ ਨੂੰ ਸਵੀਕਾਰ ਨਹੀਂ ਕਰਦਾ, ਤਾਂ ਅਧਿਆਪਕ ਸੰਘਰਸ਼ ਦੇ ਰੂਪ ਵਿੱਚ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀ ਪੱਧਰ 'ਤੇ ਧਰਨੇ, ਭੁੱਖ ਹੜਤਾਲ ਤੇ ਕਾਨੂੰਨੀ ਕਾਰਵਾਈ ਕਰਨ ਲਈ ਮਜਬੂਰ ਹੋਣਗੇ।

## ਮਾਂ ਦਿਵਸ ਨੂੰ ਸਮਰਪਤ ਲਗਾਇਆ ਮੈਡੀਕਲ ਕੈਂਪ

**ਮਾਨਸਾ (ਆਤਮਾ ਸਿੰਘ ਪਮਾਰ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਥਾਨਕ ਸ਼ਾਂਤੀ ਭਵਨ ਵਿਖੇ ਅੰਤਰਰਾਸ਼ਟਰੀ ਮਾਂ ਦਿਵਸ ਮਨਾਉਂਦਿਆਂ ਇਸ ਦਿਨ ਦੀ ਮਹੱਤਤਾ ਬਾਰੇ ਚਰਚਾ ਕੀਤੀ ਗਈ।ਇਸ ਤੋਂ ਇਲਾਵਾ ਇਸ ਮਹਾਨ ਦਿਵਸ ਨੂੰ ਸਮਰਪਤ ਇੱਕ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ।ਇਸ ਕੈਂਪ 'ਚ ਹੱਡੀਆਂ ਤੇ ਜੋੜਾਂ ਦੇ ਮਾਹਰ ਡਾ. ਪਵਨ ਬਾਂਸਲ ਦੀ ਦੇਖ-ਰੇਖ ਹੇਠ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ।ਇਸ ਸਮੇਂ ਡਾ. ਬਾਂਸਲ ਨੇ ਮਰੀਜ਼ਾਂ ਨੂੰ ਸੰਤੁਲਿਤ ਖ਼ੁਰਾਕ ਤੋਂ ਇਲਾਵਾ, ਬੈਠਣ, ਉੱਠਣ, ਚੱਲਣ ਫਿਰਨ ਦੇ ਸਰੀਰਕ ਪੋਸਟਰ ਬਾਰੇ ਵੀ ਜਾਣਕਾਰੀ ਦਿੱਤੀ।ਇਸ ਦੇ ਨਾਲ ਹੀ ਉਨ੍ਹਾਂ ਪ੍ਰਭਾਵਿਤ ਮਰੀਜ਼ਾਂ ਨੂੰ ਲੋੜੀਂਦੀ ਦਵਾਈ ਸੁਲਝਾਉਂਦਿਆਂ ਸਹੀ ਢੰਗ ਨਾਲ ਸਰੀਰਕ ਕਸਰਤਾਂ ਬਾਰੇ ਦੱਸਿਆ ਤਾਂ ਕਿ ਹੱਡੀਆਂ 'ਚ ਲਚਕੀਲਾਪਣ ਤੇ ਮਾਸ ਪੇਸ਼ੀਆਂ ਵੀ ਮਜ਼ਬੂਤ ਬਣੀਆਂ ਰਹਿਣ। ਉਨ੍ਹਾਂ ਮਰੀਜ਼ਾਂ ਨੂੰ ਰੋਜ਼ਾਨਾ ਸੈਰ ਕਰਨ ਦੀ ਸਲਾਹ ਵੀ ਦਿੱਤੀ।ਸ਼ਹਿਰ ਦੇ ਆਮ ਨਾਗਰਿਕਾਂ ਨੇ ਐਸੋਸੀਏਸ਼ਨ ਦੇ ਨੁਮਾਇੰਦਿਆਂ ਦਾ ਧੰਨਵਾਦ ਕਰਦਿਆਂ ਭਵਿੱਖ 'ਚ ਅਜਿਹੇ ਕੈਂਪ ਲਗਾਉਣ ਦੀ ਗੁਜਾਰਿਸ਼ ਕੀਤੀ।ਇਸ ਸਮੇਂ ਡਾ. ਬਾਂਸਲ ਨੇ ਕਿਹਾ ਕਿ ਉਹ ਆਪਣੇ ਕਲੀਨਿਕ 'ਤੇ ਓ ਪੀ ਡੀ ਚੈੱਕਅਪ ਸਮੇਂ ਲਈ ਜਾਣ ਵਾਲੀ ਸਲਾਹ ਦੀ ਫੀਸ 'ਚੋਂ ਪੰਜਾਹ ਪ੍ਰਤੀਸ਼ਤ ਦੀ ਛੋਟ ਆਪਣੇ ਮਰੀਜ਼ਾਂ ਨੂੰ ਦੇਣਗੇ।ਐਸੋਸੀਏਸ਼ਨ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸਰਾਂ ਤੇ ਜਨਰਲ ਸਕੱਤਰ ਪਰਮਜੀਤ ਕੌਰ ਨੇ ਡਾ. ਪਵਨ ਬਾਂਸਲ ਵੱਲੋਂ ਮੁਫ਼ਤ ਕੈਂਪ ਲਗਾਉਣ ਤੇ ਫੀਸ 'ਚ ਛੋਟ ਲਈ ਧੰਨਵਾਦ ਵੀ ਕੀਤਾ।



## ਕੇ ਕੇ ਯੂ ਦਾ ਕਾਫਲਾ 15 ਨੂੰ ਚੰਡੀਗੜ੍ਹ ਵੱਲ ਕਰੇਗਾ ਕੂਚ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਲੰਡੇ ਰੋਡੇ ਦੀ ਪ੍ਰਧਾਨਗੀ ਹੇਠ ਸ਼ਹੀਦ ਭਾਈ ਮਹਾਂ ਸਿੰਘ ਦੀਵਾਨ ਹਾਲ ਵਿਖੇ ਹੋਈ।ਮੀਟਿੰਗ ਵਿੱਚ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲਵਾਲੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਜ਼ਿਲ੍ਹਾ ਸਕੱਤਰ ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ ਨੇ ਭਾਰਤ ਦੀ ਭਾਜਪਾ ਮੋਦੀ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਪੰਜਾਬ ਦੀ ਪੱਕੀ ਨੁਮਾਇੰਦਗੀ ਦਾ ਹੱਕ ਖੋਹਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਉਨ੍ਹਾਂ ਕਿਹਾ ਕਿ ਇਸ ਤਾਨਾਸ਼ਾਹ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ 15 ਮਈ ਨੂੰ ਚੰਡੀਗੜ੍ਹ ਇਕੱਠੇ ਹੋ ਕੇ ਗਵਰਨਰ ਹਾਊਸ ਵੱਲ ਮਾਰਚ ਕੀਤਾ ਜਾਵੇਗਾ, ਜਿਸ ਦੀ ਤਿਆਰੀ ਵਜੋਂ ਮੀਟਿੰਗ ਕੀਤੀ ਗਈ।ਇਸ ਮੌਕੇ ਗੁਰਮੀਤ ਸਿੰਘ ਸੰਗਰਾਣਾਂ, ਜਸਵੰਤ ਸਿੰਘ ਡੋਡਾਂਵਾਲੀ, ਪ੍ਰਗਟ ਸਿੰਘ ਝਬੇਲਵਾਲੀ, ਦਵਿੰਦਰ ਸਿੰਘ ਲੁਬਾਣਿਆਂਵਾਲੀ ਨੇ ਬੋਲਦਿਆਂ ਕਿਹਾ ਕਿ ਸਰਕਾਰੀ ਖੇਤੀਬਾੜੀ ਸਭਾਵਾਂ ਦੇ ਮੈਂਬਰ ਕਿਸਾਨਾਂ ਲਈ ਇਸ ਸਾਲ ਨਵੇਂ ਲਾਗੂ ਕੀਤੇ ਹੱਦ ਕਰਜ਼ੇ ਮੁਤਾਬਿਕ ਸਹਿਕਾਰੀ ਬੈਂਕ ਵੱਲੋਂ ਕਰਜ਼ਾ ਦੇਣ ਤੋਂ ਜਵਾਬ ਦੇਣ ਲਈ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਤੁਰੰਤ ਨਵੇਂ ਹੱਦ ਕਰਜ਼ੇ ਅਨੁਸਾਰ ਸਾਉਣੀ ਸੀਜ਼ਨ ਲਈ ਫਸਲੀ ਕਰਜ਼ਾ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਗਈ।ਇਸ ਮੌਕੇ ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ 15 ਮਈ ਤੱਕ ਵਧੀ ਹੋਈ ਮਹਿੰਗਾਈ ਅਨੁਸਾਰ ਨਵੇਂ ਹੱਦ ਕਰਜ਼ੇ ਵਾਲਾ ਪੱਤਰ ਦੁਬਾਰਾ ਲਾਗੂ ਨਾ ਕੀਤਾ ਗਿਆ ਤਾਂ ਸੰਯੁਕਤ ਕਿਸਾਨ ਮੋਰਚਾ 15 ਮਈ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਮਾਰਚ ਕਰੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਵਿਧਾਇਕ ਦੇਵ ਮਾਨ ਨੇ 'ਆਪ' ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਇਆ

### ਦੀਪਕ ਨਾਗਪਾਲ ਦੇ ਦਫਤਰ 'ਚ ਸਹੂਲਤਾਂ ਦੇਣ ਲਈ ਲਗਾਇਆ ਕੈਂਪ

**ਨਾਭਾ (ਵਰਿੰਦਰ ਵਰਮਾ)**



ਆਮ ਆਦਮੀ ਪਾਰਟੀ ਪਾਰਟੀ ਵੱਲੋਂ ਚੋਣਾਂ ਨੂੰ ਲੈ ਕੇ ਸਰਗਰਮੀਆਂ ਵਧਾਈਆਂ ਗਈਆਂ ਹਨ ਤੇ ਵਾਰਡ ਦੇ ਮੁੱਖ ਸੇਵਾਦਾਰਾਂ ਵੱਲੋਂ ਲਗਾਤਾਰ ਮਿਹਨਤ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਵਾਰਡ ਨੰਬਰ 19 ਦੇ ਮੁਖ ਸੇਵਾਦਾਰ ਦੀਪਕ ਨਾਗਪਾਲ ਵੱਲੋਂ ਨਜ਼ਦੀਕ ਨਾਗਪਾਲ ਇੰਟਰਪ੍ਰਾਈਜ਼, ਬੈਂਕ ਸਟਰੀਟ, ਬੁੱਧ ਰਾਮ ਵਾਲੀ ਗਲੀ ਵਿੱਚ ਦਫਤਰ ਵਿਖੇ ਲੋਕਾਂ ਨੂੰ ਸਹੂਲਤਾਂ ਦੇਣ ਲਈ ਕੈਂਪ ਲਗਾਇਆ ਗਿਆ।ਇਸ ਮੌਕੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਵਾਰਡ ਵਾਸੀਆਂ ਨੂੰ ਮਾਨ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣੂ ਕਰਵਾਇਆ ਤੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ, ਔਰਤਾਂ, ਕਿਸਾਨਾਂ ਤੇ ਨੌਜਵਾਨਾਂ ਲਈ ਕਈ ਅਹਿਮ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਦੇਵ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਲੋਕ ਭਲਾਈ ਸਕੀਮਾਂ ਵਿੱਚ ਮਾਵਾਂ ਧੀਆਂ ਸਤਿਕਾਰ ਯੋਜਨਾ ਦੇ ਤਹਿਤ 1000/1500 ਰੁਪਏ ਮਹਿਲਾਵਾਂ ਨੂੰ ਮਿਲਣਗੇ।ਮੁੱਖ ਮੰਤਰੀ ਸਿਹਤ ਯੋਜਨਾ (10 ਲੱਖ ਤੱਕ ਮੁਫ਼ਤ ਇਲਾਜ) ਪੰਜਾਬ ਸਰਕਾਰ ਹਰ ਪਰਵਾਰ ਨੂੰ 10 ਲੱਖ ਰੁਪਏ ਤੱਕ ਦਾ ਸਾਲਾਨਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾ ਰਹੀ ਹੈ।ਇਸ ਵਿੱਚ ਸਰਕਾਰੀ ਤੇ ਪ੍ਰਾਈਵੇਟ ਹਸਪਤਾਲ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਮੇਰੀ ਰਸੋਈ ਯੋਜਨਾ (ਮੁਫ਼ਤ ਰਾਸ਼ਨ ਕਿੱਟ) 40 ਲੱਖ ਗਰੀਬ ਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਨੂੰ ਪੌਸ਼ਟਿਕ ਖੁਰਾਕ ਮੁਹੱਈਆ ਕਰਵਾਉਣ ਲਈ, ਹਰ ਤਿੰਨ ਮਹੀਨਿਆਂ ਵਿੱਚ ਮੁਫ਼ਤ ਰਾਸ਼ਨ ਕਿੱਟ (ਦਾਲ, ਤੇਲ, ਖੰਡ ਆਦਿ) ਦਿੱਤੀ ਜਾ ਰਹੀ ਹੈ।ਘਰ-ਘਰ ਰਾਸ਼ਨ ਯੋਜਨਾ ਤਹਿਤ ਰਾਸ਼ਨ ਡਿੱਪੂਆਂ 'ਤੇ ਲਾਈਨਾਂ ਲਗਾਉਣ ਦੀ ਬਜਾਏ ਲੋਕਾਂ ਦੇ ਘਰਾਂ ਤੱਕ ਰਾਸ਼ਨ ਪਹੁੰਚਾਇਆ ਜਾ ਰਿਹਾ ਹੈ।ਮੁਫ਼ਤ ਬਿਜਲੀ ਸਕੀਮ ਦੇ ਤਹਿਤ 90 ਫ਼ੀਸਦ ਤੋਂ ਵੱਧ ਘਰਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਮਿਲ ਰਹੀ ਹੈ।ਸਰਕਾਰੀ ਸਕੂਲਾਂ ਨੂੰ ਆਧੁਨਿਕ ਬੁਨਿਆਦੀ ਢਾਂਚੇ ਤੇ ਡਿਜੀਟਲ ਸਿਖਲਾਈ ਨਾਲ ਲੈਸ ਕੀਤਾ ਜਾ ਰਿਹਾ ਹੈ।'ਮਿਸ਼ਨ ਰੁਜ਼ਗਾਰ' ਤਹਿਤ ਵੱਧ ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।ਬਜ਼ੁਰਗਾਂ ਨੂੰ ਘਰ-ਘਰ ਸਿਹਤ ਸਹੂਲਤਾਂ ਦੇਣ ਲਈ 'ਸਾਡੇ ਬਜ਼ੁਰਗ, ਸਾਡਾ ਮਾਣ' ਮੁਹਿੰਮ ਚਲਾਈ ਗਈ ਹੈ ਅਤੇ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬਜ਼ੁਰਗਾਂ ਤੇ ਮਹਿਲਾਵਾਂ ਨੂੰ ਧਾਰਮਿਕ ਸਥਾਨਾਂ ਦੇ ਮੁਫਤ ਦਰਸ਼ਨ ਕਰਵਾਏ ਜਾ ਰਹੇ ਹਨ।ਇਸ ਮੌਕੇ ਮੁੱਖ ਸੇਵਾਦਾਰ ਵਾਰਡ ਨੰਬਰ 19 ਦੇ ਦੀਪਕ ਨਾਗਪਾਲ ਤੇ ਉਨ੍ਹਾਂ ਦੀ ਸਪੁਤਨੀ ਕੌਂਸਲਰ ਰੋਜ਼ੀ ਨਾਗਪਾਲ ਨੇ ਦਫਤਰ ਵਿਖੇ ਪਹੁੰਚਣ 'ਤੇ ਹਲਕਾ ਵਿਧਾਇਕ ਦੇਵ ਮਾਨ ਦਾ ਧੰਨਵਾਦ ਤੇ ਸਨਮਾਨ ਕੀਤਾ।ਇਸ ਮੌਕੇ ਤੇਜਿੰਦਰ ਖਹਿਰਾ, ਸੁਰਿੰਦਰ ਜੀਤ ਨਾਗਪਾਲ, ਨੀਲਮ ਰਾਣੀ, ਰਿਤਿਕ ਨਾਗਪਾਲ, ਗੁਰਇੰਦਰ ਸਿੰਘ ਸ਼ਾਨ, ਭੁਪਿੰਦਰ ਸਿੰਘ ਕਲਰਮਾਜਰੀ, ਸਿਮਰਨ ਅੜਕ ਚੌਹਾਨ, ਆਦਰਸ਼ ਜੈਨ, ਦੀਪਕ ਅਗਰਵਾਲ, ਸੋਨੂ, ਇਮਤਿਆਜ਼ ਖਾਂ ਆਦਿ ਹਾਜ਼ਰ ਸਨ।

## ਚੌਧਰੀ ਰਘਵੀਰ ਸਿੰਘ ਨੂੰ ਸੈਂਕੜੇ ਲੋਕਾਂ ਵੱਲੋਂ ਸ਼ਰਧਾ ਸੁਮਨ ਭੇਟ

**ਤਲਵੰਡੀ ਸਾਬੋ (ਜਗਦੀਪ ਗਿੱਲ)**



ਬੀਤੇ ਦਿਨੀਂ ਚੌਧਰੀ ਰਘਵੀਰ ਸਿੰਘ ਮਿੱਤਲ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ ਸਨ।ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਲੰਗਰ ਬੁੰਗਾ ਮਸਤੂਆਣਾ ਸਾਹਿਬ ਵਿਖੇ ਹੋਈ।ਇਸ ਮੌਕੇ ਵੱਖ ਵੱਖ ਧਾਰਮਿਕ, ਰਾਜਨੀਤਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਰਿਸ਼ਤੇਦਾਰ ਤੇ ਇਲਾਕਾ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ।ਸਵਰਗਵਾਸੀ ਚੌਧਰੀ ਰਘਵੀਰ ਸਿੰਘ ਮਿੱਤਲ ਨੂੰ ਸ਼ਰਧਾਂਜਲੀ ਦਿੰਦਿਆਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾਕਟਰ ਬੂਟਾ ਸਿੰਘ ਸਿੱਧੂ ਨੇ ਕਿਹਾ ਕਿ ਜਿੱਥੇ ਉਹ ਵਾਤਾਵਰਨ ਪ੍ਰੇਮੀ, ਸਮਾਜ ਸੇਵੀ ਤੇ ਧਾਰਮਿਕ ਪ੍ਰਵਿਰਤੀ ਵਾਲੇ ਇਨਸਾਨ ਸਨ, ਇਸ ਦੇ ਨਾਲ ਹੀ ਉਹ ਸਿੱਖਿਆ ਨੂੰ ਬਹੁਤ ਤਰਜੀਹ ਦਿੰਦੇ ਸਨ।ਲੋੜਵੰਦ ਬੱਚਿਆਂ ਦੀ ਸਿੱਖਿਆ ਲਈ ਬਣੀ ਸੰਸਥਾ ਉਡਾਨ ਐਜੂਕੇਸ਼ਨ ਸੁਸਾਇਟੀ ਦੇ ਉਹ ਮੋਢੀ ਮੈਂਬਰ ਰਹੇ।ਜਦੋਂ ਇਲਾਕੇ ਵਿੱਚ ਲੜਕੀਆਂ ਦੀ ਪੜ੍ਹਾਈ ਲਈ ਕੋਈ ਵੀ ਸਕੂਲ ਨਹੀਂ ਸੀ ਤਾਂ ਚੌਧਰੀ ਖਾਨਦਾਨ ਨੇ ਆਰੀਆ ਪੁੱਤਰੀ ਪਾਠਸ਼ਾਲਾ ਦੀ ਸਥਾਪਨਾ ਕਰਨ ਵਿੱਚ ਅਹਿਮ ਯੋਗਦਾਨ ਪਾਇਆ।ਸਟੇਜ ਦੀ ਕਾਰਵਾਈ ਚਲਾਉਂਦਿਆਂ ਸੀਨੀਅਰ ਪੱਤਰਕਾਰ ਜਗਦੀਪ ਸਿੰਘ ਗਿੱਲ ਨੇ ਜਿੱਥੇ ਸਵਰਗਵਾਸੀ ਚੌਧਰੀ ਰਘਵੀਰ ਸਿੰਘ ਦੇ ਜੀਵਨ ਬਾਰੇ ਚਾਨਣਾ ਪਾਇਆ, ਉੱਥੇ ਨਾਲ ਹੀ ਉਨ੍ਹਾਂ ਨੇ ਚੌਧਰੀ ਖਾਨਦਾਨ ਦੇ ਸਮਾਜ ਸੇਵਾ ਵਿੱਚ ਪਾਏ ਸਮੁੱਚੇ ਯੋਗਦਾਨ ਦਾ ਵਿਸਥਾਰ ਪੂਰਵਕ ਖੁਲਾਸਾ ਕੀਤਾ।ਉਨ੍ਹਾਂ ਦੱਸਿਆ ਕਿ ਚੌਧਰੀ ਰਘਵੀਰ ਸਿੰਘ ਨੇ 36 ਵਾਰ ਖੂਨ ਦਾਨ ਕਰਕੇ ਲੋੜਵੰਦਾਂ ਦੀ ਜਾਨ ਬਚਾਈ।ਗੁਰਦੁਆਰਾ ਬੁੰਗਾ ਮਸਤੂਆਣਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਕਾਕਾ ਸਿੰਘ ਜੀ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਚੌਧਰੀ ਰਘਵੀਰ ਸਿੰਘ ਮਿੱਤਲ ਬਹੁਤ ਹੀ ਧਾਰਮਿਕ ਪ੍ਰਵਿਰਤੀ ਦੇ ਮਾਲਕ ਸਨ ਤੇ ਗੁਰੂ ਘਰ ਦੀ ਸੇਵਾ ਲਈ ਹਮੇਸ਼ਾ ਹਾਜ਼ਰ ਨਾਜ਼ਰ ਰਹਿੰਦੇ ਸਨ।ਉਨ੍ਹਾਂ ਦੱਸਿਆ ਕਿ ਚੌਧਰੀ ਖਾਨਦਾਨ ਦਾ ਪਿਛੋਕੜ ਗੁਰੂ ਤੇਗ ਬਹਾਦਰ ਜੀ ਦੀ ਤਲਵੰਡੀ ਸਾਬੋ ਫੇਰੀ ਨਾਲ ਵੀ ਜੁੜਿਆ ਹੈ।ਇਸ ਮੌਕੇ ਦੁੱਖ ਦੀ ਘੜੀ ਵਿੱਚ ਸ਼ਾਮਲ ਉਕਤ ਸ਼ਖ਼ਸੀਅਤਾਂ ਤੋਂ ਇਲਾਵਾ ਹਲਕਾ ਤਲਵੰਡੀ ਸਾਬੋ ਦੀ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਚੀਫ ਵ੍ਹਿਪ, ਸੀਨੀਅਰ ਕਾਂਗਰਸ ਆਗੂ ਬਲਵੀਰ ਸਿੰਘ ਸਿੱਧੂ, ਖੁਸ਼ਦੀਪ ਸਿੰਘ ਬੱਬੀ ਚੱਠਾ, ਹਰਬੰਸ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ, ਦਵਿੰਦਰ ਸਿੰਘ ਸੂਬਾ ਐੱਮਸੀ, ਕ੍ਰਿਸ਼ਨ ਸਿੰਘ ਭਾਗੀਵਾਂਦਰ, ਦਰਸ਼ਨ ਸਿੰਘ ਜਗਾਰਾਮ ਤੀਰਥ, ਅਕਾਲੀ ਆਗੂ ਰਵੀ ਪ੍ਰੀਤ ਸਿੰਘ ਸਿੱਧੂ, ਕਾਂਗਰਸ ਆਗੂ ਜੀਤਮਹਿੰਦਰ ਸਿੰਘ ਸਿੱਧੂ, ਬਾਰ ਕੌਂਸਲ ਦੇ ਪ੍ਰਧਾਨ ਐਡਵੋਕੇਟ ਸਤਿੰਦਰ ਸਿੰਘ ਸਿੱਧੂ, ਸੇਵਾ ਮੁਕਤ ਕਰ ਅਧਿਕਾਰੀ ਗੁਰਤੇਜ ਸਿੰਘ ਸਿੱਧੂ, ਸੀਨੀਅਰ ਐਡਵੋਕੇਟ ਚੌਧਰੀ ਗੋਪਾਲ ਸਿੰਘ, ਚੌਧਰੀ ਸ਼ੇਖਰ ਤਲਵੰਡੀ, ਨਰਿੰਦਰਜੀਤ ਸਿੰਘ ਮੈਨੇਜਰ ਤਖਤ ਸ੍ਰੀ ਦਮਦਮਾ ਸਾਹਿਬ ,ਅਸ਼ੋਕ ਵਾਲਿਆਂਵਾਲੀ ਪ੍ਰਧਾਨ ਤੇ ਰੁਪਿੰਦਰ ਕੁਮਾਰ ਸੈਕਟਰੀ ਜਿਲ੍ਹਾ ਕੈਮਿਸਟ ਐਸੋਸੀਏਸ਼ਨ, ਹਰਪਾਲ ਸਿੰਘ, ਡਾ. ਰਵੀਕਾਂਤ ਗੁਪਤਾ ਆਦਿ ਸ਼ਾਮਲ ਹੋਏ।

## ਸ਼ਹੀਦ ਸੁਖਦੇਵ ਦੇ ਜਨਮ ਦਿਨ ਮੌਕੇ ਕੀਤਾ ਜਾਵੇਗਾ ਇਨਕਲਾਬੀ ਮਾਰਚ



**ਲੁਧਿਆਣਾ (ਸਤੀਸ਼ ਸਚਦੇਵਾ)**-ਲੋਕ ਮੋਰਚਾ ਤੇ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਹੋਰ ਜਨਤਕ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹੀਦ ਸੁਖਦੇਵ ਦਾ ਜਨਮ ਦਿਨ ਹਰ ਸਾਲ ਦੀ ਤਰ੍ਹਾਂ ਉਨ੍ਹਾਂ ਦੇ ਜਨਮ ਸਥਾਨ ਮਹੱਲਾ ਨੌਂ ਘਰਾਂ ਵਿਖੇ ਮਨਾਇਆ ਜਾਵੇਗਾ।ਉਪਰੋਕਤ ਜਥੇਬੰਦੀਆਂ ਦੇ ਆਗੂਆਂ ਕਸਤੂਰੀ ਲਾਲ ਤੇ ਜਸਵੰਤ ਜ਼ੀਰਖ ਨੇ ਦੱਸਿਆ ਕਿ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਹੋਈ ਮੀਟਿੰਗ ਵਿੱਚ ਇਸ ਦੀ ਤਿਆਰੀ ਸਬੰਧੀ ਰੂਪ-ਰੇਖਾ ਤੈਅ ਕੀਤੀ ਗਈ, ਜਿਸ ਵਿੱਚ ਕਾ. ਸੁਰਿੰਦਰ ਸਿੰਘ, ਸਤੀਸ਼ ਸੱਚਦੇਵਾ ਤੇ ਹਿੰਮਤ ਸਿੰਘ ਸ਼ਾਮਲ ਸਨ।ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 15 ਮਈ ਨੂੰ ਸ਼ਹੀਦ ਭਗਤ ਸਿੰਘ ਤੇ ਰਾਜਗੁਰੂ ਦੇ ਨਾਲ ਸ਼ਹੀਦ ਹੋਣ ਵਾਲੇ ਸਾਥੀ ਸ਼ਹੀਦ ਸੁਖਦੇਵ ਦੇ ਜਨਮ ਸਥਾਨ ਮੁਹੱਲਾ ਨੌਂ ਘਰਾਂ (ਲਧਿਆਣਾ) ਤੱਕ ਜਥੇਬੰਦੀਆਂ ਦੇ ਕਾਰਕੁੰਨਾਂ ਵੱਲੋਂ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਪੈਦਲ ਮਾਰਚ ਕੀਤਾ ਜਾਵੇਗਾ, ਜੋ ਸ਼ਾਮ 4 ਵਜੇ ਨਗਰ ਨਿਗਮ ਕਾਰ ਪਾਰਕਿੰਗ ਤੋਂ ਰਵਾਨਾ ਹੋਵੇਗਾ।ਸ਼ਹੀਦਾਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਦੇ ਨਾਅਰਿਆਂ ਰਾਹੀਂ ਹੱਥਾਂ ਵਿੱਚ ਝੰਡੇ, ਮਾਟੋ ਲੈ ਕੇ ਚੌੜੇ ਬਜ਼ਾਰ ਰਾਹੀਂ ਹੁੰਦਾ ਹੋਇਆ। ਇਹ ਮਾਰਚ ਸ਼ਹੀਦ ਸੁਖਦੇਵ ਦੇ ਜਨਮ ਸਥਾਨ ਤੱਕ ਜਾਵੇਗਾ। ਵੱਖ-ਵੱਖ ਆਗੂਆਂ ਵੱਲੋਂ ਸ਼ਹੀਦਾਂ ਦੀ ਕੁਰਬਾਨੀਆਂ ਤੇ ਉਨ੍ਹਾਂ ਵੱਲੋਂ ਚਿਤਵੇ ਸਮਾਜ ਦੀ ਸਿਰਜਣਾ ਦੇ ਪ੍ਰਣ ਨੂੰ ਦੁਹਰਾਇਆ ਜਾਵੇਗਾ।ਰੰਗਮੰਚ ਰੰਗ ਨਗਰੀ ਨਾਟਕ ਟੀਮ ਵੱਲੋਂ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਨਾਟਕ ਤਰਲੋਚਨ ਸਿੰਘ ਪਨੇਸਰ ਦੀ ਨਿਰਦੇਸ਼ਨਾ ਵਿੱਚ ਖੇਡਿਆ ਜਾਵੇਗਾ।

## ਟੈੱਟ ਪਾਸ ਸਪੈਸ਼ਲ ਕਾਡਰ ਅਧਿਆਪਕਾਂ ਨੇ ਸੰਘਰਸ਼ ਦਾ ਵਜਾਇਆ ਬਿਗਲ



**ਮਾਨਸਾ (ਆਤਮਾ ਸਿੰਘ ਪਮਾਰ)**-ਟੈੱਟ ਪਾਸ ਸਪੈਸ਼ਲ ਕੇਡਰ ਅਧਿਆਪਕਾਂ ਦੀ ਮੀਟਿੰਗ ਸਥਾਨਕ ਬਾਲ ਭਵਨ ਵਿਖੇ ਸਮਰਜੀਤ ਅਤਲਾ, ਕੁਲਦੀਪ ਹੀਰੋ, ਜਸਵਿੰਦਰ ਕਾਮਰੇਡ ਤੇ ਜਗਸੀਰ ਸਿੰਘ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਆਗੂਆਂ ਨੇ ਆਪਣੀਆਂ ਹੱਕੀ ਮੰਗਾਂ ਲਈ ਸਰਕਾਰ ਨੂੰ ਘੇਰਨ ਦਾ ਫੈਸਲਾ ਕੀਤਾ।ਉਨ੍ਹਾਂ ਕਿਹਾ ਕਿ ਸਪੈਸ਼ਲ ਕਾਡਰ ਅਧਿਆਪਕਾਂ ਨੂੰ ਪੱਕਾ ਨਾ ਕਰਕੇ ਤੇ ਸਿਰਫ ਤਨਖ਼ਾਹਾਂ 'ਚ ਨਿਗੂਣਾ ਵਾਧਾ ਕਰਕੇ ਸਰਕਾਰ ਨੇ ਇਨ੍ਹਾਂ ਮੁਲਾਜ਼ਮਾਂ ਨਾਲ ਵੱਡਾ ਧੋਖਾ ਕੀਤਾ ਹੈ।ਲਗਭਗ 20 ਸਾਲ ਦੇ ਲੰਬੇ ਸਮੇਂ ਤੋਂ ਇਹ ਅਧਿਆਪਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ।ਜਥੇਬੰਦੀ ਨੇ ਮੰਗ ਕੀਤੀ ਕਿ ਸਪੈਸ਼ਲ ਕਾਡਰ 'ਚ ਉਨ੍ਹਾਂ ਨੂੰ ਸੇਵਾ ਕਰਦਿਆਂ ਤਿੰਨ ਸਾਲ ਪੂਰੇ ਹੋ ਚੁੱਕੇ ਹਨ, ਇਸ ਨੂੰ ਪ੍ਰਵੇਸ਼ਨ ਪੀਰੀਅਡ ਮੰਨਦਿਆਂ ਸਰਕਾਰ ਉਨ੍ਹਾਂ ਨੂੰ ਰੈਗੂਲਰ ਕਰੇ ਤੇ ਈਟੀਟੀ ਅਧਿਆਪਕ ਦਾ ਦਰਜਾ ਦੇ ਕੇ ਪੂਰਾ ਗ੍ਰੇਡ ਤੇ ਤਨਖਾਹ ਦੇਵੇ ਅਤੇ ਉਨ੍ਹਾਂ ਨੂੰ ਰੈਗੂਲਰ ਕਰਮਚਾਰੀਆਂ ਵਾਲੇ ਸਾਰੇ ਲਾਭ ਵੀ ਦਿੱਤੇ ਜਾਣ।ਆਗੂਆਂ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਮੋਸ਼ਨ ਚੈਨਲ ਵੀ ਬਣਾਇਆ ਜਾਵੇ।ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਮੁੱਖ ਮੰਤਰੀ ਤੇ ਸਰਕਾਰ ਦੇ ਮੰਤਰੀਆਂ ਦਾ ਘਿਰਾਓ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰ ਸਰਕਾਰ ਖੁਦ ਹੋਵੇਗੀ।ਮੀਟਿੰਗ 'ਚ ਸ਼ਮਿੰਦਰ ਕੌਰ, ਸੁਨੀਤਾ ਰਾਣੀ, ਸੁਦਾਗਰ ਸਿੰਘ, ਮੇਜ਼ਰ ਸਿੰਘ, ਬਲਕਰਨ ਸਿੰਘ, ਸ਼ੰਕਰ ਦਾਸ, ਕੇਵਲ ਸਿੰਘ, ਰਾਣੀ ਕੌਰ, ਰਾਜਵਿੰਦਰ ਕੌਰ, ਨਿਰਮਲ ਕੌਰ, ਚਰਨਜੀਤ ਕੌਰ, ਸੰਦੀਪ ਕੌਰ, ਹਰਪ੍ਰੀਤ ਕੌਰ, ਮਮਤਾ ਰਾਣੀ, ਰਿੰਪੀ ਕੁਮਾਰ, ਅਨੀਤਾ ਰਾਣੀ, ਚਰਨਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

## ਪਿੰਡ ਦੀ ਹਰ ਲੜਕੀ ਦੇ ਵਿਆਹ 'ਤੇ ਸ਼ਗਨ ਵਜੋਂ ਦਿੱਤੇ ਜਾਣਗੇ 11 ਹਜ਼ਾਰ ਰੁਪਏ : ਦਲਜਿੰਦਰ ਸਮਰਾ ਯੂਕੇ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਸਮਾਜ ਸੇਵਾ ਦੇ ਖੇਤਰ ਵਿੱਚ ਹਮੇਸ਼ਾ ਅੱਗੇ ਰਹਿਣ ਵਾਲੇ ਪ੍ਰਵਾਸੀ ਪੰਜਾਬੀ ਦਲਜਿੰਦਰ ਸਿੰਘ ਸਮਰਾ ਤੇ ਕੁਲਦੀਪ ਕੌਰ ਸਮਰਾ ਯੂ ਕੇ ਸਕਾਟਲੈਂਡ ਵੱਲੋਂ ਇੱਕ ਹੋਰ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ।ਸਮਰਾ ਪਰਵਾਰ ਨੇ ਐਲਾਨ ਕੀਤਾ ਕਿ ਉਹ ਆਪਣੇ ਜੱਦੀ ਪਿੰਡ ਗੋਰਸੀਆਂ ਮੱਖਣ ਦੀ ਹਰ ਲੜਕੀ ਦੇ ਵਿਆਹ ਮੌਕੇ 11 ਹਜ਼ਾਰ ਰੁਪਏ ਦੀ ਸ਼ਗਨ ਸਕੀਮ ਦੇਣਗੇ।ਇਹ ਰਾਸ਼ੀ ਉਹ ਆਪਣੇ ਨਿੱਜੀ ਫੰਡ ਵਿੱਚੋਂ ਤਕਸੀਮ ਕਰਨਗੇ, ਤਾਂ ਜੋ ਲੋੜਵੰਦ ਪਰਵਾਰਾਂ ਨੂੰ ਧੀਆਂ ਦੇ ਵਿਆਹ ਸਮੇਂ ਆਰਥਿਕ ਸਹਾਇਤਾ ਮਿਲ ਸਕੇ।ਦਲਜਿੰਦਰ ਸਿੰਘ ਸਮਰਾ ਨੇ ਕਿਹਾ ਕਿ ਧੀਆਂ ਘਰ ਦੀਆਂ ਰੌਣਕਾਂ ਹੁੰਦੀਆਂ ਹਨ ਤੇ ਉਨ੍ਹਾਂ ਦੇ ਵਿਆਹ ਮੌਕੇ ਪਰਵਾਰਾਂ ਦੀ ਮਦਦ ਕਰਨਾ ਇੱਕ ਪਵਿੱਤਰ ਫਰਜ਼ ਹੈ।ਉਨ੍ਹਾਂ ਕਿਹਾ ਕਿ ਸਮਾਜ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ ਤੇ ਭਵਿੱਖ ਵਿੱਚ ਵੀ ਲੋਕ ਭਲਾਈ ਦੇ ਕੰਮ ਜਾਰੀ ਰਹਿਣਗੇ।ਉਨ੍ਹਾਂ ਦੱਸਿਆ ਕਿ ਇਸ ਸ਼ੁੱਭ ਕਾਰਜ ਦੀ ਵਾਗਡੋਰ ਉਨ੍ਹਾਂ ਦੇ ਚਾਚਾ ਸਾਬਕਾ ਸਰਪੰਚ ਸੁਰਜੀਤ ਸਿੰਘ ਸਮਰਾ ਦੇ ਹੱਥ ਹੋਵੇਗੀ, ਜੋ ਪੂਰੀ ਸਕੀਮ ਦੀ ਦੇਖ-ਰੇਖ ਕਰਨਗੇ।ਇਲਾਕੇ ਦੇ ਲੋਕਾਂ ਵੱਲੋਂ ਸਮਰਾ ਪਰਿਵਾਰ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।ਲੋਕਾਂ ਦਾ ਕਹਿਣਾ ਹੈ ਕਿ ਵਿਦੇਸ਼ ਵਿੱਚ ਰਹਿ ਕੇ ਵੀ ਸਮਰਾ ਪਰਵਾਰ ਆਪਣੀ ਮਿੱਟੀ ਤੇ ਲੋਕਾਂ ਨਾਲ ਜੁੜਿਆ ਹੋਇਆ ਹੈ ਅਤੇ ਹਮੇਸ਼ਾ ਮਨੁੱਖਤਾ ਦੀ ਸੇਵਾ ਲਈ ਤਤਪਰ ਰਹਿੰਦਾ ਹੈ।

## ਬੰਗਾਲ ਦੀ ਜਿੱਤ ਦਾ ਅਸਰ ਪੰਜਾਬ 'ਚ ਵੀ ਦਿਖੇਗਾ : ਪ੍ਰਿੰ. ਮੋਹਨ ਲਾਲ



**ਸਮਾਣਾ (ਇਕਬਾਲ ਸਿੰਘ ਬੱਲ)**-ਭਾਜਪਾ ਦੇ ਸੀਨੀਅਰ ਆਗੂ ਤੇ ਉੱਘੇ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਮੋਹਨ ਲਾਲ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੱਛਮੀ ਬੰਗਾਲ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਦਾ ਸਿੱਧਾ ਅਸਰ ਪੰਜਾਬ ਦੀ ਸਿਆਸਤ 'ਤੇ ਦੇਖਣ ਨੂੰ ਮਿਲੇਗਾ।ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਅੰਦਰ ਵੀ ਭਾਜਪਾ ਦੀ ਮਜ਼ਬੂਤ ਸਰਕਾਰ ਬਣੇਗੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਿੰ. ਮੋਹਨ ਲਾਲ ਨੇ ਕਿਹਾ ਕਿ ਬੰਗਾਲ ਦੇ ਨਤੀਜਿਆਂ ਨੇ ਸਾਬਿਤ ਕਰ ਦਿੱਤਾ ਹੈ ਕਿ ਦੇਸ਼ ਦੇ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਵਿਕਾਸਵਾਦੀ ਨੀਤੀਆਂ ਤੇ 'ਸਭ ਦਾ ਸਾਥ, ਸਭ ਦਾ ਵਿਕਾਸ' ਦੇ ਨਾਅਰੇ 'ਤੇ ਮੋਹਰ ਲਗਾ ਰਹੇ ਹਨ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਭਾਜਪਾ ਨੇ ਬੰਗਾਲ ਵਰਗੇ ਚੁਣੌਤੀਪੂਰਨ ਸੂਬੇ ਵਿੱਚ ਆਪਣੀ ਪਕੜ ਮਜ਼ਬੂਤ ਕੀਤੀ ਹੈ, ਉਸੇ ਤਰ੍ਹਾਂ ਪੰਜਾਬ ਦੇ ਲੋਕ ਵੀ ਹੁਣ ਰਵਾਇਤੀ ਪਾਰਟੀਆਂ ਤੋਂ ਅੱਕ ਕੇ ਭਾਜਪਾ ਵੱਲ ਉਮੀਦ ਦੀ ਨਜ਼ਰ ਨਾਲ ਦੇਖ ਰਹੇ ਹਨ।ਪ੍ਰਿੰ. ਮੋਹਨ ਲਾਲ ਨੇ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਘਰ-ਘਰ ਜਾ ਕੇ ਕੇਂਦਰ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਸਿਆਸੀ ਤਬਦੀਲੀ ਲਈ ਤਿਆਰ ਹਨ ਤੇ ਭਾਜਪਾ ਹਰ ਵਰਗ ਦੇ ਹਿੱਤਾਂ ਦੀ ਰਾਖੀ ਕਰਨ ਲਈ ਵਚਨਬੱਧ ਹੈ।

## ਸੰਤ ਹਰਭਜਨ ਸਿੰਘ ਦੀ ਯਾਦ 'ਚ ਕਰਵਾਇਆ ਗੁਰਮਤਿ ਸਮਾਗਮ



**ਨਾਭਾ (ਵਰਿੰਦਰ ਵਰਮਾ)**-ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਰਾਜਗੜ੍ਹ ਵਿਖੇ ਸੁਸ਼ੋਭਿਤ ਗੁਰਦੁਆਰਾ ਸਾਹਿਬ ਵਿਖੇ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ ਜੀ ਦੀ ਸਾਲਾਨਾ ਨਿੱਘੀ ਤੇ ਮਿੱਠੀ ਯਾਦ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਦੌਰਾਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਵਿੱਤਰ ਬਾਣੀ ਦੇ ਸਹਿਜ ਪਾਠ ਦੇ ਭੋਗ ਪਾਉਣ ਉਪਰੰਤ ਸਵੇਰੇ 9 ਵਜੇ ਤੋਂ ਲੈ ਕੇ ਦੁਪਹਿਰ 12 ਵਜੇ ਤੱਕ ਦੀਵਾਨ ਸਜਾਏ ਗਏ। ਇਸ ਮੌਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਦਿਆਂ ਗੁਰਦੁਆਰਾ ਸੰਤ ਈਸਰ ਸਿੰਘ ਆਸ਼ਰਮ ਸੁਰਾਜਪੁਰ ਦੇ ਮੌਜੂਦਾ ਮੁਖੀ ਸੰਤ ਬਾਬਾ ਬਲਬੀਰ ਸਿੰਘ ਜੀ ਨੇ ਸੰਤ ਬਾਬਾ ਹਰਭਜਨ ਸਿੰਘ ਜੀ ਦੇ ਜਨਮ ਤੇ ਸਮੁੱਚੇ ਜੀਵਨ ਬਾਰੇ ਚਾਨਣਾ ਪਾਇਆ।ਇਸ ਮੌਕੇ ਗਿਆਨੀ ਜਸਵਿੰਦਰ ਸਿੰਘ, ਬਾਬਾ ਮੋਹਨ ਸਿੰਘ ਰਾਜਗੜ੍ਹ, ਬਾਬਾ ਹਰਕੀਰਤ ਸਿੰਘ ਨੇ ਵੀ ਸੰਗਤਾਂ ਨੂੰ ਗੁਰਮਤ ਵਿਚਾਰਾਂ ਤੇ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ।ਇਸ ਮੌਕੇ ਸਟੇਜ ਸਕੱਤਰ ਦੀ ਸੇਵਾ ਗੁਰਮੁੱਖ ਸਿੰਘ ਭੋਜੋ ਮਾਜਰੀ ਦੁਆਰਾ ਬਾਖੂਬੀ ਨਿਭਾਈ ਗਈ ਤੇ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਨਾਭਾ ਦੇ ਸੀਨੀਅਰ ਆਗੂ ਖੁਸ਼ਹਾਲ ਸਿੰਘ ਬਬਲੂ ਖੋਰਾ, ਮੇਜਰ ਸਿੰਘ ਮਸਾਣੀ, ਬਾਬਾ ਭੁਪਿੰਦਰ ਸਿੰਘ, ਹਰਬੰਸ ਸਿੰਘ ਖਟੜਾ, ਹਰਦੀਪ ਸਿੰਘ ਕਾਲਾ, ਪ੍ਰਦੀਪ ਸਿੰਘ ਮਿੱਠੂ, ਜਸਵੀਰ ਸਿੰਘ, ਜੁਝਾਰ ਸਿੰਘ ਖਜ਼ਾਨਚੀ, ਜਤਿੰਦਰ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ, ਜਗਪਾਲ ਸਿੰਘ ਮਾਸਟਰ, ਕੁਲਵੰਤ ਸਿੰਘ ਵੈਦ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਮੁੱਖ ਮੰਤਰੀ ਦੀ ਫੇਰੀ ਤੋਂ ਪਹਿਲਾਂ ਮਜ਼ਦੂਰ ਆਗੂ ਨੂੰ ਗ੍ਰਿਫ਼ਤਾਰ ਕਰਨ ਦੀ ਨਿੰਦਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਮਾਨ ਦੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਸਾਹਿਬ ਚੰਦ ਵਿਖੇ ਆਮਦ ਤੋਂ ਪਹਿਲਾਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਰਾਜਾ ਸਿੰਘ ਖੂਨਣ ਖੁਰਦ ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕਰਨ ਲਈ ਮਾਰੇ ਛਾਪੇ ਦੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਸਖ਼ਤ ਨਿਖੇਧੀ ਕੀਤੀ ਹੈ।ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਖੇਤ ਮਜ਼ਦੂਰ ਆਗੂਆਂ ਨੇ ਆਖਿਆ ਕਿ ਆਪ ਸਰਕਾਰ ਦੇ ਹੁਕਮਾਂ 'ਤੇ ਪੁਲਸ ਦੀ ਇਹ ਕਾਰਵਾਈ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ ਆਪ ਸਰਕਾਰ ਵੱਲੋਂ ਮਜ਼ਦੂਰ ਕਿਸਾਨ ਤੇ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਸਦਕਾ ਇਹ ਸਰਕਾਰ ਲੋਕ ਰੋਹ ਤੋਂ ਡਰੀ ਤੇ ਘਬਰਾਈ ਹੋਈ ਹੈ।ਉਨ੍ਹਾਂ ਆਖਿਆ ਕਿ ਪਿੰਡ ਖੂਨਣ ਖੁਰਦ ਦੇ ਲੋਕਾਂ ਵੱਲੋਂ ਮਜ਼ਦੂਰ ਆਗੂ ਦੀ ਗ੍ਰਿਫਤਾਰੀ ਦਾ ਡੱਟਵਾਂ ਵਿਰੋਧ ਕਰਨ ਪਿੱਛੋਂ ਪੁਲਸ ਨੂੰ ਖਾਲੀ ਪਰਤਣਾ ਪਿਆ, ਜੋ ਲੋਕ ਤਾਕਤ ਦੀ ਜਿੱਤ ਹੈ।ਮਜ਼ਦੂਰ ਆਗੂਆਂ ਨੇ ਆਖਿਆ ਕਿ ਪਿੰਡਾਂ 'ਚੋਂ ਸਰਕਾਰ ਚਲਾਉਣ ਦੇ ਵਾਅਦੇ ਨਾਲ਼ ਸੱਤਾ 'ਚ ਆਈ ਸਰਕਾਰ ਹੁਣ ਪਿੰਡਾਂ ਦੇ ਕਿਰਤੀ ਲੋਕਾਂ 'ਚ ਵਿਚਰਨ ਤੋਂ ਘਬਰਾਹਟ ਮਹਿਸੂਸ ਕਰ ਰਹੀ ਹੈ।ਉਨ੍ਹਾਂ ਆਖਿਆ ਕਿ ਆਪ ਸਰਕਾਰ ਆਪਣੀਆਂ ਸਿਆਸੀ ਲੋੜਾਂ ਤਹਿਤ ਲੋਕ ਮਿਲਣੀਆਂ ਦਾ ਵਿਖਾਵਾ ਤਾਂ ਕਰ ਰਹੀ ਹੈ, ਪ੍ਰੰਤੂ ਆਮ ਲੋਕਾਂ ਤੇ ਲੋਕ ਆਗੂਆਂ ਦਾ ਸਾਹਮਣਾ ਕਰਨ ਤੋਂ ਕੰਨੀ ਕਤਰਾ ਰਹੀ ਹੈ।ਮਜ਼ਦੂਰ ਆਗੂਆਂ ਨੇ ਇਹ ਵੀ ਦੋਸ਼ ਲਾਇਆ ਕਿ ਮੁੱਖ ਮੰਤਰੀ ਦੀ ਫੇਰੀ ਦੌਰਾਨ ਮਜ਼ਦੂਰ ਆਗੂ ਤੋਂ ਇਲਾਵਾ ਹੋਰ ਵੀ ਕਈ ਜਥੇਬੰਦੀਆਂ ਦੀਆਂ ਆਗੂਆਂ ਨੂੰ ਪੁਲਸ ਵੱਲੋਂ ਜਾਂ ਤਾਂ ਹਿਰਾਸਤ ਵਿੱਚ ਲੈ ਲਿਆ ਗਿਆ ਜਾਂ ਘਰਾਂ ਦੇ ਅੰਦਰ ਹੀ ਨਜ਼ਰਬੰਦ ਕਰ ਦਿੱਤਾ ਗਿਆ।

# ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਵੱਲੋਂ ਰੋਸ ਮਾਰਚ 17 ਨੂੰ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਪੁਰਾਣੀ ਪੈਨਸ਼ਨ, ਸਕੇਲਾਂ ਤੇ ਡੀ.ਏ. ਜਿਹੀਆਂ ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਦੇ ਹੱਲ ਕਰਨ ਤੋਂ ਇਨਕਾਰੀ ਸਰਕਾਰ ਖ਼ਿਲਾਫ਼ ਸੰਘਰਸ਼ ਨੂੰ ਹੋਰ ਮਘਾਉਣ ਲਈ 'ਪੁਰਾਣੇ ਸਕੇਲ, ਪੁਰਾਣੀ ਪੈਨਸ਼ਨ ਤੇ ਭੱਤੇ ਬਹਾਲੀ ਮੋਰਚੇ' ਦੀ ਮੀਟਿੰਗ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਡਾਨਸੀਵਾਲ ਦੀ ਪ੍ਰਧਾਨਗੀ ਹੇਠ ਗਾਂਧੀ ਪਾਰਕ ਗੜ੍ਹਸ਼ੰਕਰ ਵਿਖੇ ਹੋਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੋਰਚੇ ਦੇ ਸੂਬਾ ਆਗੂ ਕਨਵੀਨਰ ਸੰਦੀਪ ਗਿੱਲ ਅਤੇ ਡੀ ਟੀ ਐਫ ਦੇ ਸੂਬਾ ਸੰਯੁਕਤ ਸਕੱਤਰ ਮੁਕੇਸ਼ ਗੁਜਰਾਤੀ ਨੇ ਦੱਸਿਆ ਕਿ ਪੰਜਾਬ ਦੀ 'ਆਪ' ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਪ੍ਰਤੀ ਅਪਣਾਈ ਬੇਰੁਖੀ ਦਾ ਬਣਦਾ ਜਵਾਬ ਵੱਡੇ ਸੰਘਰਸ਼ਾਂ ਰਾਹੀਂ ਦਿੱਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਨਵੇਂ ਕੇਂਦਰੀ ਸਕੇਲਾਂ ਅਧਾਰਿਤ 17-7-2020 ਦਾ ਨੋਟੀਫਿਕੇਸ਼ਨ ਮੁੱਢੋਂ ਰੱਦ ਕਰਵਾਕੇ ਛੇਵੇਂ ਪੰਜਾਬ ਤਨਖਾਹ ਕਮਿਸ਼ਨ ਸਮੇਤ 15% ਵਾਧੇ ਅਨੁਸਾਰ ਤਨਖਾਹਾਂ ਫਿਕਸ ਕਰਵਾਉਣ, ਡਾ. ਸੌਰਵ ਸ਼ਰਮਾ ਤੇ ਬਾਕੀ ਸਮਾਨ ਅਦਾਲਤੀ ਕੇਸਾਂ ਵਿੱਚ ਸੇਵਾ ਨਿਯਮਾਂ ਅਨੁਸਾਰ ਸਹੀ ਅਰਥਾਂ 'ਚ ਪੰਜਾਬ ਤਨਖਾਹ ਸਕੇਲ ਲਾਗੂ ਕਰਵਾਉਣ, ਸਮੱਗਰ ਸਿੱਖਿਆ ਅਭਿਆਨ ਤੋਂ ਸਿੱਖਿਆ ਵਿਭਾਗ ਵਿੱਚ ਤਨਖਾਹ ਕਟੌਤੀ ਕਰਦੇ ਹੋਏ ਨਵੇਂ ਸਕੇਲਾਂ ਵਿੱਚ ਰੈਗੂਲਰ ਕੀਤੇ ਨਾਨ ਟੀਚਿੰਗ ਕਰਮਚਾਰੀਆਂ ਨੂੰ ਸਾਲ 2018 ਤੋਂ ਬਣਦੀ ਰੈਗੂਲਰਾਈਜੇਸ਼ਨ ਅਨੁਸਾਰ ਪੰਜਾਬ ਤਨਖਾਹ ਸਕੇਲਾਂ ਦੇ ਸਾਰੇ ਲਾਭ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ਾਂ ਨੂੰ ਜਰਬਾਂ ਦੇਣ ਫੈਸਲੇ ਕੀਤੇ ਗਏ ਅਨੁਸਾਰ 17 ਮਈ ਨੂੰ ਮੋਹਾਲੀ ਵਿਖੇ ਹਜ਼ਾਰਾਂ ਮੁਲਾਜ਼ਮਾਂ ਦੀ ਸ਼ਮੂਲੀਅਤ ਕਰਵਾਉਂਦੇ ਹੋਏ ਵਿਸ਼ਾਲ ਸੂਬਾਈ ਰੈਲੀ ਕੀਤੀ ਜਾਵੇਗੀ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੰਡੀਗੜ੍ਹ ਰਿਹਾਇਸ਼ ਵੱਲ ਮਾਰਚ ਕੀਤਾ ਜਾਵੇਗਾ। ਇਸ ਮੌਕੇ ਜਰਨੈਲ ਸਿੰਘ, ਮਨਜੀਤ ਸਿੰਘ ਬੰਗਾ, ਜਸਵਿੰਦਰ ਸਿੰਘ, ਰਮੇਸ਼ ਮਲਕੋਵਾਲ, ਹੰਸ ਰਾਜ ਗੜ੍ਹਸ਼ੰਕਰ, ਸਤਪਾਲ ਸਿੰਘ ਕਲੇਰ ਆਦਿ ਵੀ ਹਾਜ਼ਰ ਸਨ।

# ਨੌਜਵਾਨ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ

**ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ)**-ਅਮਰੀਕਾ ਵਿਖੇ ਰੋਜ਼ੀ-ਰੋਟੀ ਕਮਾਉਣ ਗਏ ਸ਼ਾਹਕੋਟ ਦੇ ਇੰਪਲਾਈਜ਼ ਕਲੋਨੀ ਨਿਵਾਸੀ ਨੌਜਵਾਨ ਰਣਜੋਧ ਸਿੰਘ ਜੋਧਾ ਪੁੱਤਰ ਨਛੱਤਰ ਸਿੰਘ ਦਾ ਬੀਤੇ ਐਤਵਾਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਦਿਹਾਂਤ ਹੋ ਗਿਆ। ਰਣਜੋਧ ਸਿੰਘ ਵਿਆਹਿਆ ਹੋਇਆ ਸੀ ਤੇ ਉਸ ਦੇ 2 ਬੱਚੇ ਹਨ। ਇਸ ਦੁੱਖ ਭਰੀ ਖ਼ਬਰ ਬਾਰੇ ਪਤਾ ਲੱਗਣ 'ਤੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ ਅਤੇ ਵੱਡੀ ਗਿਣਤੀ 'ਚ ਲੋਕ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ।



# ਸੂਬੇ ਦੀਆਂ ਮੰਡੀਆਂ 'ਚੋਂ 123.20 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ : ਬਰਸਟ

**ਮੁਹਾਲੀ (ਗੁਰਜੀਤ ਬਿੱਲਾ)**

ਹਾੜ੍ਹੀ ਸੀਜਨ 2026-27 ਆਖਰੀ ਪੜਾਅ ਵਿੱਚ ਪਹੁੰਚ ਗਿਆ ਹੈ ਤੇ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਦੇ ਕਾਰਜ ਤੇਜੀ ਨਾਲ ਨੇਪਰੇ ਚਾੜ੍ਹੇ ਜਾ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਹੁਣ ਤੱਕ 123.20 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ ਅਤੇ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਨਾਲੋਂ-ਨਾਲ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਬਰਸਟ ਨੇ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 123.50 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 123.20 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਸਰਕਾਰੀ ਏਜੰਸੀਆਂ ਵੱਲੋਂ 121.61 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ, ਜਿਸਦੇ ਤਹਿਤ ਪਨਗ੍ਰੇਨ ਵੱਲੋਂ 39,90,264 ਮੀਟ੍ਰਿਕ ਟਨ, ਐੱਫ ਸੀ ਆਈ ਵੱਲੋਂ 2,55,561 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 31,25,455 ਮੀਟ੍ਰਿਕ ਟਨ, ਪਨਸਪ ਵੱਲੋਂ 28,30,814 ਮੀਟ੍ਰਿਕ ਟਨ, ਵੇਅਰ ਹਾਊਸ ਵੱਲੋਂ 19,58,799 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਸਦੇ ਨਾਲ ਹੀ ਪ੍ਰਾਈਵੇਟ ਪੱਧਰ ਤੇ 1,59,172 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ।

# ਐੱਲ ਪੀ ਯੂ ਨੇ ਚੌਥੀ ਪ੍ਰਾਈਵੇਟ 'ਵਰਸਿਟੀ ਦਾ ਦਰਜਾ ਕੀਤਾ ਪ੍ਰਾਪਤ

**ਜਲੰਧਰ (ਸ਼ੈਲੀ ਐਲਬਰਟ)**

ਆਪਣੇ ਵਧਦੇ ਗਲੋਬਲ ਅਕਾਦਮਿਕ ਪ੍ਰਭਾਵ ਦੀ ਇੱਕ ਸ਼ਾਨਦਾਰ ਮਾਨਤਾ ਵਿੱਚ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਨੂੰ ਪ੍ਰਤਿਸ਼ਠਾਵਾਨ ਟਾਈਮਜ਼ ਹਾਇਰ ਐਜੂਕੇਸ਼ਨ ਏਸ਼ੀਆ ਯੂਨੀਵਰਸਿਟੀ ਰੈਂਕਿੰਗਜ਼ 2026 ਵਿੱਚ ਸਾਰੀਆਂ ਸਰਕਾਰੀ ਅਤੇ ਨਿੱਜੀ ਯੂਨੀਵਰਸਿਟੀਆਂ ਵਿੱਚੋਂ ਰਾਸ਼ਟਰੀ ਪੱਧਰ 'ਤੇ 9ਵਾਂ ਸਥਾਨ ਪ੍ਰਾਪਤ ਹੋਇਆ ਹੈ। ਇਹ ਭਾਰਤ ਵਿੱਚ ਚੌਥੀ ਸਭ ਤੋਂ ਉੱਚੀ ਦਰਜਾ ਪ੍ਰਾਪਤ ਪ੍ਰਾਈਵੇਟ ਯੂਨੀਵਰਸਿਟੀ ਵਜੋਂ ਵੀ ਉਭਰਿਆ ਹੈ। ਇਸ ਪ੍ਰਾਪਤੀ ਦੇ ਨਾਲ, ਐੱਲ ਪੀ ਯੂ ਨੇ ਆਈ ਆਈ ਟੀ ਪਟਨਾ, ਆਈ ਆਈ ਟੀ ਗਾਂਧੀਨਗਰ, ਆਈ ਆਈ ਟੀ ਰੋਪੜ, ਆਈ ਆਈ ਟੀ ਮੰਡੀ, ਐੱਨ ਆਈ ਟੀ ਤਿਰੂਚਿਰਾਪੱਲੀ, ਐੱਨ ਆਈ ਟੀ ਦਿੱਲੀ, ਐੱਨ ਆਈ ਟੀ ਸ੍ਰੀਨਗਰ ਤੇ ਐੱਨ ਆਈ ਟੀ ਮੇਘਾਲਿਆ ਸਮੇਤ ਕਈ ਸੰਸਥਾਵਾਂ ਨੂੰ ਪਛਾੜ ਦਿੱਤਾ ਹੈ। ਇਹ ਅਕਾਦਮਿਕ ਉੱਤਮਤਾ, ਪ੍ਰਭਾਵਸ਼ਾਲੀ ਖੋਜ, ਨਵੀਨਤਾ, ਅੰਤਰਰਾਸ਼ਟਰੀ ਵਿਭਿੰਨਤਾ ਅਤੇ ਮਜ਼ਬੂਤ ?ਉਦਯੋਗ ਏਕੀਕਰਨ ਦੁਆਰਾ ਸੰਚਾਲਿਤ ਇੱਕ ਵਿਸ਼ਵ ਪੱਧਰ 'ਤੇ ਜੁੜੀ ਯੂਨੀਵਰਸਿਟੀ ਵਜੋਂ ਇਸਦੇ ਨਿਰੰਤਰ ਵਿਕਾਸ ਨੂੰ ਦਰਸਾਉਂਦਾ ਹੈ।ਐੱਲਪੀਯੂ ਦੀ ਪਿਛਲੇ ਸਾਲ 201-250 ਬੈਂਡ ਤੋਂ ਇਸ ਸਾਲ ਏਸ਼ੀਆ ਵਿੱਚ 197ਵੇਂ ਸਥਾਨ ਤੇ ਪ੍ਰਭਾਵਸ਼ਾਲੀ ਤਰੱਕੀ ਦੂਰਦਰਸ਼ੀ ਲੀਡਰਸ਼ਿਪ, ਅਕਾਦਮਿਕ ਨਵੀਨਤਾ ਅਤੇ ਨਿਰੰਤਰ ਸੰਸਥਾਗਤ ਵਿਕਾਸ ਦੁਆਰਾ ਸੰਚਾਲਿਤ ਇੱਕ ਉਦੇਸ਼ਪੂਰਨ ਪਰਿਵਰਤਨ ਯਾਤਰਾ ਨੂੰ ਦਰਸਾਉਂਦੀ ਹੈ।ਸੰਸਦ ਮੈਂਬਰ (ਰਾਜ ਸਭਾ) ਤੇ ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, 'ਐੱਲ ਪੀ ਯੂ ਵਿਖੇ ਅਸੀਂ ਸਿਰਫ਼ ਸਿੱਖਿਆ ਪ੍ਰਦਾਨ ਨਹੀਂ ਕਰ ਰਹੇ ਹਾਂ; ਅਸੀਂ ਚਿੰਤਕਾਂ, ਖੋਜਕਰਤਾਵਾਂ, ਉੱਦਮੀਆਂ ਅਤੇ ਵਿਸ਼ਵ ਨੇਤਾਵਾਂ ਦੀ ਇੱਕ ਪੀੜ੍ਹੀ ਦਾ ਨਿਰਮਾਣ ਕਰ ਰਹੇ ਹਾਂ ਜੋ ਵੱਖ-ਵੱਖ ਉਦਯੋਗਾਂ ਅਤੇ ਸਮਾਜਾਂ ਵਿੱਚ ਇੱਕ ਅਰਥਪੂਰਨ ਪ੍ਰਭਾਵ ਪਾਉਣ ਦੇ ਸਮਰੱਥ ਹਨ। ਇਹ ਮਾਨਤਾ ਸਾਡੇ ਫੈਕਲਟੀ ਮੈਂਬਰਾਂ, ਖੋਜਕਰਤਾਵਾਂ, ਵਿਦਿਆਰਥੀਆਂ, ਸਾਬਕਾ ਵਿਦਿਆਰਥੀਆਂ ਅਤੇ ਵਿਸ਼ਵਵਿਆਪੀ ਸਹਿਯੋਗੀਆਂ ਦੇ ਸਮਰਪਣ ਦਾ ਪ੍ਰਮਾਣ ਹੈ, ਜਿਨ੍ਹਾਂ ਨੇ ਮਿਲ ਕੇ ਉੱਤਮਤਾ, ਸਮਾਵੇਸ਼ਤਾ 'ਤੇ ਅਧਾਰਤ ਅਤੇ 'ਐਡਿਊਰਵੋਲਿਊਸ਼ਨ' ਦੁਆਰਾ ਸੰਚਾਲਿਤ ਇੱਕ ਸਿੱਖਿਆ ਈਕੋਸਿਸਟਮ ਬਣਾਉਣ ਵਿੱਚ ਯੋਗਦਾਨ ਪਾਇਆ ਹੈ।'



# ਦਸਵੀਂ ਦੇ ਨਤੀਜੇ 'ਚ ਸੁਖਮਨ ਨੇ ਸਕੂਲ ਦਾ ਨਾਂਅ ਰੌਸ਼ਨ ਕੀਤਾ



**ਫਿਲੌਰ (ਹਰਜਿੰਦਰ ਕੌਰ ਚਾਹਲ)**

ਸ਼੍ਰੀ ਦਸ਼ਮੇਸ਼ ਕਾਨਮੈਂਟ ਹਾਈ ਸਕੂਲ ਅੱਟੀ ਦੇ ਹੋਣਹਾਰ ਵਿਦਿਆਰਥੀ ਸੁਖਮਨ ਸਿੰਘ ਨੇ ਦਸਵੀਂ ਬੋਰਡ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਪਰਵਾਰ ਦਾ ਨਾਂਅ ਰੌਸ਼ਨ ਕੀਤਾ। ਸੁਖਮਨ ਸਿੰਘ ਨੇ 650 'ਚੋਂ 634 ਅੰਕ ਹਾਸਲ ਕਰਕੇ ਪੰਜਾਬ 'ਚੋਂ ਗਿਆਰਵਾਂ ਜਿਲ੍ਹਾ ਜਲੰਧਰ 'ਚੋਂ ਛੇਵਾਂ ਅਤੇ ਤਹਿਸੀਲ ਫਿਲੌਰ 'ਚੋਂ ਦੂਸਰਾ ਸਥਾਨ ਹਾਸਲ ਕੀਤਾ।ਇਸ ਮੌਕੇ ਅਧਿਆਪਕ, ਵਿਦਿਆਰਥੀ ਅਤੇ ਮਾਪਿਆਂ ਨੇ ਮਠਿਆਈਆਂ ਵੰਡ ਕੇ ਖ਼ੁਸ਼ੀ ਮਨਾਈ ਅਤੇ ਸੁਖਮਨ ਸਿੰਘ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਪ੍ਰਿੰਸੀਪਲ ਬਲਜਿੰਦਰ ਕੁਮਾਰ ਨੇ ਦੱਸਿਆ ਕਿ ਇਸ ਦਾ ਸਿਹਰਾ ਸਮੁੱਚੀ ਮਿਹਨਤੀ ਟੀਮ ਅਤੇ ਮਾਤਾ ਪਿਤਾ ਦੇ ਸਹਿਯੋਗ ਨੂੰ ਜਾਂਦਾ ਹੈ।ਇਸ ਮੌਕੇ ਸੁਖਮਨ ਦੇ ਪਿਤਾ ਲੈਕਚਰਾਰ ਅਵਤਾਰ ਲਾਲ, ਮਾਤਾ ਲੈਕਚਰਾਰ ਸੀਤਾ ਰਾਣੀ ਵੀ ਮੌਜੂਦ ਸਨ। ਇਸ ਮੌਕੇ ਸੁਖਮਨ ਸਿੰਘ ਨੇ ਦੱਸਿਆ ਕਿ ਕਿ ਉਸ ਨੇ ਨਾਨ ਮੈਡੀਕਲ ਸਟਰੀਮ ਚੁਣਿਆ ਹੈ।ਉਪਰੰਤ ਉਹ ਜੇ ਈ ਈ ਦੀ ਪ੍ਰੀਖਿਆ ਦਵੇਗਾ ਅਤੇ ਇੰਜੀਨੀਅਰ ਬਣਨਾ ਚਾਹੁੰਦਾ ਹੈ।ਇਸ ਮੌਕੇ ਸਕੂਲ ਐਮ ਡੀ ਸੁਖਦੀਪ ਸਿੰਘ, ਰਵਿੰਦਰਜੀਤ ਕੌਰ, ਮੈਡਮ ਸੁਨੀਤਾ, ਸੰਦੀਪ ਕੌਰ, ਮੈਡਮ ਜੋਤੀ, ਮੈਡਮ ਮਨਪ੍ਰੀਤ ਕੌਰ ਅਤੇ ਸਮੁੱਚਾ ਸਕੂਲ ਸਟਾਫ ਹਾਜ਼ਰ ਸੀ।

# ਏ ਜੀ ਆਈ ਜਲੰਧਰ ਹਾਈਟਸ ਕਲੱਬ-1 ਨੇ ਵੀਕਲੀ ਲੀਗ ਮੈਚ ਜਿੱਤਿਆ

**ਜਲੰਧਰ (ਰਾਜੇਸ਼ ਥਾਪਾ)**

ਹਾਈਟਸ-1, 66 ਫੁੱਟ ਰੋਡ, ਜਲੰਧਰ ਸਥਿਤ ਗਰਾਊਂਡ ਵਿੱਚ ਖੇਡੇ ਗਏ ਏ ਜੀ ਆਈ ਵੀਕਲੀ ਕ੍ਰਿਕਟ ਲੀਗ ਮੈਚ ਵਿੱਚ ਜਲੰਧਰ ਹਾਈਟਸ-1 ਦੀ ਕ੍ਰਿਕਟ ਟੀਮ ਦੇ ਸੁਰਿੰਦਰ ਨੂੰ ਮੈਚ ਦਾ ਸਰਵੋਤਮ ਆਲਰਾਊਂਡਰ ਘੋਸ਼ਿਤ ਕੀਤਾ ਗਿਆ। ਮੁਕਾਬਲਾ ਏ ਜੀ ਆਈ ਕਲੱਬ ਜਲੰਧਰ ਹਾਈਟਸ-1 ਅਤੇ ਅਰਬਾਨਾ ਕ੍ਰਿਕਟ ਟੀਮਾਂ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਏ ਜੀ ਆਈ ਜਲੰਧਰ ਹਾਈਟਸ-1 ਕਲੱਬ ਨੇ 41 ਦੌੜਾਂ ਨਾਲ ਜਿੱਤ ਹਾਸਲ ਕੀਤੀ।ਏ ਜੀ ਆਈ ਜਲੰਧਰ ਹਾਈਟਸ-1 ਕ੍ਰਿਕਟ ਟੀਮ ਨੇ 99 ਦੌੜਾਂ ਬਣਾਈਆਂ, ਜਦਕਿ ਅਰਬਾਨਾ ਕ੍ਰਿਕਟ ਟੀਮ ਸਿਰਫ਼ 58 ਦੌੜਾਂ ਹੀ ਬਣਾ ਸਕੀ।ਟਾਸ ਜਿੱਤਣ ਤੋਂ ਬਾਅਦ ਏ ਜੀ ਆਈ ਜਲੰਧਰ ਹਾਈਟਸ-1 ਕਲੱਬ ਨੇ ਬੱਲੇਬਾਜ਼ੀ ਦੀ ਸ਼ੁਰੂਆਤ ਕੀਤੀ। ਟੀਮ ਦੇ ਬੱਲੇਬਾਜ਼ ਸ਼੍ਰੀ ਸੁਰਿੰਦਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਇਕੱਲੇ 24 ਦੌੜਾਂ ਬਣਾਈਆਂ, ਜਿਸ ਵਿੱਚ ਦੋ ਛੱਕੇ ਅਤੇ ਚਾਰ ਚੌਕੇ ਸ਼ਾਮਲ ਸਨ।ਸ਼੍ਰੀ ਕੋਮਲ ਨੇ 17 ਦੌੜਾਂ, ਕੁਲਦੀਪ ਨੇ 13 ਦੌੜਾਂ, ਪ੍ਰਕਾਸ਼ ਨੇ 6 ਦੌੜਾਂ ਅਤੇ ਦਿਲਾਵਰ ਤੇ ਲਲਿਤ ਨੇ 5-5 ਦੌੜਾਂ ਬਣਾਈਆਂ।99 ਦੌੜਾਂ ਦੇ ਲਕਸ਼ ਦਾ ਪਿੱਛਾ ਕਰਦਿਆਂ ਅਰਬਾਨਾ ਕ੍ਰਿਕਟ ਟੀਮ ਸਿਰਫ਼ 58 ਦੌੜਾਂ ਹੀ ਬਣਾ ਸਕੀ। ਟੀਮ ਵੱਲੋਂ ਸ਼੍ਰੀ ਸੁਖਪਾਲ ਨੇ ਸਭ ਤੋਂ ਵੱਧ 20 ਦੌੜਾਂ ਬਣਾਈਆਂ। ਇਸ ਤੋਂ ਇਲਾਵਾ ਪਵਨ ਨੇ 11 ਦੌੜਾਂ, ਬਲਬੀਰ ਨੇ 6 ਦੌੜਾਂ, ਜਸਮਿਨ ਨੇ 3 ਅਤੇ ਸੌਰਵ ਨੇ 2 ਦੌੜਾਂ ਬਣਾਈਆਂ।ਏ ਜੀ ਆਈ ਜਲੰਧਰ ਹਾਈਟਸ-1 ਕਲੱਬ ਦੇ ਅਰਜੁਨ ਨੇ ਦੋ ਵਿਕਟਾਂ ਹਾਸਲ ਕਰਕੇ ਮੈਚ ਦੇ ਸਰਵੋਤਮ ਗੇਂਦਬਾਜ਼ ਦਾ ਖਿਤਾਬ ਜਿੱਤਿਆ। ਅਰਬਾਨਾ ਟੀਮ ਦੇ ਬਲਬੀਰ ਨੇ ਵੀ 2 ਵਿਕਟਾਂ ਲਈਆਂ।ਏ ਜੀ ਆਈ ਇੰਫਰਾ ਲਿਮਿਟਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਆਪਣੀ ਹਾਜ਼ਰੀ ਨਾਲ ਦੋਵੇਂ ਟੀਮਾਂ ਦਾ ਹੌਸਲਾ ਵਧਾਇਆ ਤੇ ਭਾਗ ਲੈ ਰਹੀਆਂ ਟੀਮਾਂ ਨੂੰ ਹਰ ਤਰ੍ਹਾਂ ਦੀ ਮਦਦ ਦੇਣ ਦਾ ਭਰੋਸਾ ਦਿੱਤਾ।



# ਰਾਜੀਵ ਮਿਸਰ ਨਮਿਤ ਅੰਤਿਮ ਅਰਦਾਸ 'ਚ ਸ਼ਰਧਾ ਦੇ ਫੁੱਲ ਕੀਤੇ ਭੇਟ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿਛਲੇ ਦਿਨੀ ਨੂਰਮਹਿਲ ਦੇ ਵਸਨੀਕ ਮਰਹੂਮ ਕੌਂਸਲਰ ਰਾਜੀਵ ਮਿਸ਼ਰ ਰਾਜਾ ਦਾ ਦਿਹਾਂਤ ਹੋ ਗਿਆ ਸੀ । ਉਨ੍ਹਾਂ ਦੀ ਅੰਤਿਮ ਅਰਦਾਸ ਮੰਦਿਰ ਬਾਬਾ ਭੂਤ ਨਾਥ ਵਿਖੇ ਹੋਈ ਜਿਥੇ ਸੈਂਕੜਿਆਂ ਦੀ ਗਿਣਤੀ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਿਕ ਲੋਕਾਂ ਨੇ ਰਾਜੀਵ ਮਿਸ਼ਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ।ਅੰਤਿਮ ਅਰਦਾਸ ਵੇਲੇ ਰਾਜੇ ਨੂੰ ਆਏ ਪਿਆਰ ਕਰਨ ਵਾਲੇ ਹਰ ਇਕ ਦੀ ਅੱਖ ਨਮ ਹੋਈ । ਅੰਤਿਮ ਅਰਦਾਸ ਵਿੱਚ ਹਲਕਾ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਕੇ ਐੱਸ ਮੱਖਣ, ਰਾਜਾ ਅਟਵਾਲ, ਡਾਕਟਰ ਨਵਜੋਤ ਦਾਹੀਆ, ਮੁਨੀਸ਼ ਧੀਰ , ਅਭਿਸ਼ੇਕ ਸ਼ਰਮਾ, ਰਜਿੰਦਰ ਕਾਲੜਾ, ਮਨੂੰ ਭਾਰਦਵਾਜ ਭਾਜਪਾ ਆਗੂ ਤੇ ਹੋਰ ਰਾਜਨੀਤਿਕ ਪਾਰਟੀ ਦੇ ਆਗੂਆਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।



# ਇਲਾਕੇ 'ਚ ਖੇਤਾਂ 'ਚ ਨਾੜ ਨੂੰ ਅੱਗ ਲਗਾਉਣ ਦਾ ਸਿਲਸਿਲਾ ਜਾਰੀ

**ਅਲਾਵਲਪੁਰ (ਮਦਨ ਬੰਗੜ)**

ਕਸਬਾ ਅਲਾਵਲਪੁਰ ਅਤੇ ਆਸ ਪਾਸ ਦੇ ਪਿੰਡਾਂ ਵਿੱਚ ਕਣਕ ਦੀ ਕਟਾਈ ਤੋਂ ਬਾਅਦ ਖੇਤਾਂ ਵਿੱਚ ਬਚੇ ਹੋਏ ਨਾੜ ਅਤੇ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਸ਼ਾਮ ਢਲਦਿਆਂ ਹੀ ਪਿੰਡਾਂ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਕਈ ਥਾਵਾਂ 'ਤੇ ਧੂੰਏਂ ਦੇ ਗੁਬਾਰ ਨਜ਼ਰ ਆਉਂਦੇ ਹਨ, ਜਿੱਥੇ ਕਿਸਾਨਾਂ ਵੱਲੋਂ ਖੇਤਾਂ ਵਿੱਚ ਬਚੀ ਫਸਲੀ ਰਹਿੰਦ-ਖੂੰਹਦ ਨੂੰ ਅੱਗ ਹਵਾਲੇ ਕੀਤਾ ਜਾ ਰਿਹਾ ਹੈ।ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਸਬੰਧੀ ਵਾਰ-ਵਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ, ਪਰ ਜ਼ਮੀਨੀ ਪੱਧਰ 'ਤੇ ਇਨ੍ਹਾਂ ਹਦਾਇਤਾਂ ਦੀ ਖੁੱਲ੍ਹੇਆਮ ਉਲੰਘਣਾ ਹੋ ਰਹੀ ਹੈ। ਕਈ ਥਾਵਾਂ 'ਤੇ ਕਿਸਾਨਾਂ ਵੱਲੋਂ ਕਾਨੂੰਨੀ ਨਿਯਮਾਂ ਨੂੰ ਅਣਡਿੱਠਾ ਕਰਦੇ ਹੋਏ ਨਾੜ ਨੂੰ ਅੱਗ ਲਗਾਈ ਜਾ ਰਹੀ ਹੈ, ਜਿਸ ਨਾਲ ਵਾਤਾਵਰਣ ਪ੍ਰਦੂਸ਼ਣ ਵਿੱਚ ਵਾਧਾ ਹੋ ਰਿਹਾ ਹੈ।ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਖੇਤਾਂ ਵਿੱਚ ਧੂੰਏਂ ਨਾਲ ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਆ ਰਹੀ ਹੈ ਅਤੇ ਸੜਕਾਂ 'ਤੇ ਵੀ ਕਈ ਵਾਰ ਵਾਹਨ ਚਾਲਕਾਂ ਨੂੰ ਪਰੇਸ਼ਾਨੀ ਪੇਸ਼ ਆਉਂਦੀ ਹੈ ਜਿਸ ਕਾਰਨ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਵਾਤਾਵਰਣ ਅਤੇ ਮਿੱਟੀ ਦੀ ਉਪਜਾਊ ਸ਼ਕਤੀ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਲੋਕਾਂ ਨੇ ਪ੍ਰਸ਼ਾਸਨ ਦੀ ਕਾਰਵਾਈ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰੀ ਹੁਕਮਾਂ ਦੇ ਬਾਵਜੂਦ ਖੁੱਲ੍ਹੇਆਮ ਨਾੜ ਸਾੜੀ ਜਾ ਰਹੀ ਹੈ ਪਰ ਸੰਬੰਧਤ ਵਿਭਾਗ ਅਤੇ ਪ੍ਰਸ਼ਾਸਨ ਮੌਨ ਧਾਰਨ ਕਰੀ ਬੈਠੇ ਹਨ। ਲੋਕਾਂ ਨੇ ਮੰਗ ਕੀਤੀ ਕਿ ਪ੍ਰਸ਼ਾਸਨ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਨਾੜ ਸਾੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਅਤੇ ਕਿਸਾਨਾਂ ਨੂੰ ਇਸ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਜਾਵੇ।



# ਪੰਜ ਪਿਆਰਿਆਂ ਵੱਲੋਂ ਗੁਰੂ ਗੋਬਿੰਦ ਸਿੰਘ ਮਾਰਗ ਦਾ ਉਦਘਾਟਨ



**ਜਲੰਧਰ (ਰਾਜੇਸ਼ ਥਾਪਾ)**

ਸਥਾਨਕ ਗੁਰੂ ਗੋਬਿੰਦ ਸਿੰਘ ਐਵੇਨਿਊ ਦੇ ਰਾਸ਼ਟਰੀ ਮਾਰਗ 'ਤੇ ਸਥਿਤ ਮੁੱਖ ਪ੍ਰਵੇਸ਼ ਗੇਟ ਤੋਂ ਕਾਜ਼ੀ ਮੰਡੀ ਤੱਕ 120 ਫੁੱਟੀ ਚਾਰ ਮਾਰਗੀ ਸੜਕ ਦਾ ਨਾਅ ਗੁਰੂ ਗੋਬਿੰਦ ਸਿੰਘ ਮਾਰਗ ਰੱਖਣ ਦਾ ਉਦਘਾਟਨ ਪੰਜ ਪਿਆਰਿਆਂ ਵੱਲੋਂ ਭਾਈ ਬਲਵਿੰਦਰ ਸਿੰਘ ਦੇ ਅਰਦਾਸ ਕਰਨ ਉਪਰੰਤ ਜੈਕਾਰਿਆ ਦੀ ਗੂੰਜ ਵਿਚ ਕੀਤਾ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਐਵੇਨਿਊ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਬੀਬੀਆਂ ਦੇ ਜਥੇ ਵੱਲੋਂ ਕੀਰਤਨ ਕੀਤਾ ਗਿਆ। ਹੁਕਮਨਾਮਾ ਸਰਵਣ ਕਰਨ ਮਗਰੋਂ ਪ੍ਰਭਾਤ ਫੇਰੀ ਦੇ ਰੂਪ ਵਿਚ ਪੰਜ ਪਿਆਰਿਆਂ ਦੀ ਅਗਵਾਈ ਵਿਚ ਕੀਰਤਨ ਕਰਦੀਆਂ ਖੰਡਾ ਚੌਕ ਵਿਚ ਪੁੱਜੀਆਂ, ਜਿਥੇ ਇਸ ਮਾਰਗ ਦਾ ਉਦਘਾਟਨ ਕੀਤਾ ਗਿਆ। ਸੂਰੀਆ ਐਨਕਲੇਵ, ਗੁਰੂ ਗੋਬਿੰਦ ਸਿੰਘ ਐਵੇਨਿਊ, ਮਹਾਰਾਜਾ ਰਣਜੀਤ ਸਿੰਘ ਐਵੇਨਿਊ ਅਤੇ ਨਾਲ ਲਗਦੀਆਂ ਹੋਰ ਕਲੋਨੀਆਂ ਦੀ ਇਹ ਮਹੱਤਵਪੂਰਨ ਸੜਕ ਲੰਬੇ ਸਮੇਂ ਤੋਂ ਅਣਦੇਖੀ ਦਾ ਸ਼ਿਕਾਰ ਸੀ। ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ, ਕੌਂਸਲਰ ਮਨਮੋਹਨ ਸਿੰਘ ਰਾਜੂ, ਕੌਂਸਲਰ ਰੌਬਿਨ ਲਵ ਤੇ ਪਤਵੰਤੇ ਸੱਜਣਾਂ ਦੀ ਕੋਸ਼ਿਸ਼ਾਂ ਸਦਕਾ ਨਗਰ ਨਿਗਮ ਵੱਲੋਂ ਇਸ ਮਾਰਗ ਦੇ ਨਾਂਅ ਸਬੰਧੀ ਮਤਾ ਪਾਸ ਕਰਕੇ ਰਾਜ ਸਰਕਾਰ ਨੂੰ ਭੇਜਿਆ ਗਿਆ ਸੀ, ਜਿਸ ਦੀ ਪ੍ਰਵਾਨਗੀ ਮਿਲਣ 'ਤੇ ਹੋਏ ਇਸ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਹਰਜਿੰਦਰ ਸਿੰਘ ਨੇ ਕਿਹਾ ਕਿ ਇਸ ਮਾਰਗ ਦੇ ਨਾਮਕਰਨ ਲਈ ਮੇਅਰ ਵਿਨੀਤ ਧੀਰ, ਆਪ ਆਗੂ ਨਿਤਿਨ ਕੋਹਲੀ, ਕੌਂਸਲਰ ਮਨਮੋਹਨ ਸਿੰਘ ਰਾਜੂ ਤੇ ਰੌਬਿਨ ਲਵ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਹੁਣ ਸੰਗਤਾਂ ਦੇ ਸਹਿਯੋਗ ਨਾਲ ਇਸ ਮਾਰਗ ਦੇ ਸੁੰਦਰੀਕਰਨ ਅਤੇ ਵਾਤਾਵਰਨ ਅਨੁਕੂਲ ਬਣਾਉਣ ਲਈ ਯਤਨ ਕੀਤੇ ਜਾਣਗੇ। ਪੰਜਾਬ ਪ੍ਰੈੱਸ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਸ ਮਾਰਗ ਨੂੰ ਸਾਫ-ਸੁਥਰਾ ਤੇ ਸੁੰਦਰ ਰੱਖਣ ਲਈ ਹਰ ਸ਼ਰਧਾਲੂ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਮੌਕੇ ਉਪ ਪ੍ਰਧਾਨ ਕੇ ਐੱਸ ਲੱਡੂ, ਤਲਵਿੰਦਰ ਸਿੰਘ ਖਜ਼ਾਨਚੀ, ਇਕਬਾਲ ਸਿੰਘ ਜਨਰਲ ਸਕੱਤਰ, ਡਾ. ਐੱਨ ਪੀ ਸਿੰਘ, ਕਰਨਲ ਵੀ.ਪੀ. ਸਿੰਘ, ਲਖਬੀਰ ਸਿੰਘ, ਨਵਤੇਜ ਸਿੰਘ, ਜੁਗਰਾਜ ਸਿੰਘ, ਸਵਰਨ ਸਿੰਘ, ਤਰਲੋਚਨ ਸਿੰਘ, ਗੁਰਵਿੰਦਰਪਾਲ ਸਿੰਘ, ਅਮਰੀਕ ਸਿੰਘ ਸੈਣੀ, ਗੁਰਨਾਮ ਸਿੰਘ ਡੀ.ਐਸ.ਪੀ., ਗੁਰਦੇਵ ਸਿੰਘ, ਸਤਨਾਮ ਸਿੰਘ, ਦਵਿੰਦਰਪਾਲ ਸਿੰਘ, ਮਨਜੀਤ ਸਿੰਘ ਬੌਬੀ, ਰਤਨ ਸਿੰਘ, ਜਸਜੀਤ ਸਿੰਘ, ਜੋਗਾ ਸਿੰਘ ਪ੍ਰਧਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਲੰਮਾ ਪਿੰਡ ਅਤੇ ਹੋਰ ਹਾਜ਼ਰ ਸਨ।

# ਮਹਿੰਗਾਈ ਕਈ ਗੁਣਾ ਵਧ ਗਈ, ਪਰ ਪੇਂਟਰਾਂ ਦੀ ਮਜ਼ਦੂਰੀ ਓਥੇ ਦੀ ਓਥੇ : ਅਜੇ ਪਾਰਸ

**ਜਲੰਧਰ ( ਲਖਵਿੰਦਰ ਸਿੰਘ ਆਧੀ)**

ਪੇਂਟਰ ਅਤੇ ਆਰਟਿਸਟ ਐਸੋਸੀਏਸ਼ਨ ਪੰਜਾਬ ਵੱਲੋਂ ਵਧਦੀ ਮਹਿੰਗਾਈ ਅਤੇ ਕੰਮ ਦੇ ਵਾਜਿਬ ਰੇਟਾਂ ਨੂੰ ਲੈ ਕੇ ਸਰਕਾਰ ਅਤੇ ਸਮਾਜ ਅੱਗੇ ਇੱਕ ਵੱਡੀ ਗੁਹਾਰ ਲਗਾਈ ਗਈ ਹੈ। ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਅਜੇ ਪਾਰਸ ਨੇ ਦੱਸਿਆ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਕੰਪਨੀਆਂ ਅੱਜ ਵੀ 25 ਸਾਲ ਪਹਿਲਾਂ ਵਾਲੀਆਂ ਕੀਮਤਾਂ ਤੋਂ 1.5% ਵਧਾ ਕੇ ਹੀ ਵਾਲ ਪੇਂਟਿੰਗ ਦਾ ਕੰਮ ਕਰਵਾ ਰਹੀਆਂ ਹਨ। ਪਿਛਲੇ 25 ਸਾਲਾਂ ਵਿੱਚ ਮਹਿੰਗਾਈ ਕਈ ਗੁਣਾ ਵਧ ਗਈ ਹੈ, ਪਰ ਪੇਂਟਰਾਂ ਦੀ ਮਜ਼ਦੂਰੀ ਓਥੇ ਦੀ ਓਥੇ ਹੀ ਹੈ। ਕੰਪਨੀਆਂ ਸਿੱਧਾ ਪੇਂਟਰਾਂ ਨੂੰ ਕੰਮ ਨਾ ਦੇ ਕੇ ਠੇਕੇਦਾਰਾਂ ਨੂੰ ਕੰਮ ਦੇ ਦਿੰਦੀਆਂ ਹਨ। ਇਹ ਵਿਚੋਲੀਏ ਬਹੁਤ ਘੱਟ ਰੇਟਾਂ 'ਤੇ ਪੇਂਟਰ ਭਰਾਵਾਂ ਨੂੰ ਕੰਮ ਕਰਨ ਲਈ ਮਜਬੂਰ ਕਰਦੇ ਹਨ। ਰੰਗਾਂ ਦੀਆਂ ਡੱਬੀਆਂ, ਬੁਰਸ਼ਾਂ ਦੀ ਚਮਕ ਅਤੇ ਮਿਹਨਤ ਦੀ ਕੂਚੀ—ਇਹ ਸਭ ਹੁਣ ਮਹਿੰਗਾਈ ਦੀ ਭੇਟ ਚੜ੍ਹਦੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਐਸੋਸੀਏਸ਼ਨ ਦੀਆਂ ਮੀਟਿੰਗਾਂ ਦਾ ਦੌਰ ਜਾਰੀ ਹੈ। ਕਲਾਕਾਰਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਰੰਗਾਂ ਅਤੇ ਹੋਰ ਸਮਾਨ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ, ਪਰ ਉਨ੍ਹਾਂ ਦੀ ਮਿਹਨਤ ਦਾ ਮੁੱਲ ਅਜੇ ਵੀ ਉਹੀ ਪੁਰਾਣਾ ਹੈ।ਉਨ੍ਹਾਂ ਸਰਕਾਰ ਅਤੇ ਸਬੰਧਿਤ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਦਖ਼ਲ ਦੇ ਕੇ ਪੇਂਟਰ ਲਈ ਘੱਟੋ ਘੱਟ ਮਜ਼ਦੂਰੀ ਦਰ ਨਿਰਧਾਰਤ ਕਰੇ ਅਤੇ ਸਹੀ ਮੁਲ ਦੇਣ ਤਾਂ ਕਿ ਪੇਂਟਰ ਅਤੇ ਆਰਟਿਸਟ ਵੀਰਾਂ ਨੂੰ ਕੰਮ ਦਾ ਸਹੀ ਮੁੱਲ ਮਿਲ ਸਕੇ।




# ਬਰਖਾਸਤ ਕਰਮਚਾਰੀਆਂ ਦੀ ਬਹਾਲੀ ਲਈ ਰੋਸ ਪ੍ਰਦਰਸ਼ਨ 22 ਨੂੰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸ੍ਰੀ ਸੁਖਮਨੀ ਇੰਟਰਨੈਸ਼ਨਲ ਸਕੂਲ ਡੇਰਾਬੱਸੀ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਨੌਕਰੀ ਤੋਂ ਕੱਢੇ ਗਏ ਕਰਮਚਾਰੀਆਂ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਤੇਜ਼ ਕਰਨ ਵਾਸਤੇ ਪਿੰਡ ਦੱਪਰ ਸਥਿਤ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਦਫ਼ਤਰ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਪ੍ਰਬੰਧਕਾਂ ਖ਼ਿਲਾਫ਼ ਸਖ਼ਤ ਰੁਖ਼ ਅਖਤਿਆਰ ਕਰਦਿਆਂ ਐਲਾਨ ਕੀਤਾ ਕਿ ਆਉਣ ਵਾਲੀ 22 ਮਈ ਨੂੰ ਸਵੇਰੇ 11 ਵਜੇ ਸ੍ਰੀ ਸੁਖਮਨੀ ਇੰਟਰਨੈਸ਼ਨਲ ਕਾਲਜ ਕੈਂਪਸ ਦੇ ਬਾਹਰ ਇੱਕ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਇਹ ਮੀਟਿੰਗ ਮਨਪ੍ਰੀਤ ਸਿੰਘ ਅਮਲਾਲਾ (ਸੂਬਾ ਮੀਤ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ), ਗੁਰਬਿੰਦਰ ਸਿੰਘ ਚੌਂਹਦੇੜੀ (ਮੁਲਾਜ਼ਮ ਆਗੂ), ਵਿਨੋਦ ਚੁੱਘ (ਉਪ ਪ੍ਰਧਾਨ ਪੰਜਾਬ ਏਟਕ), ਜਗਤਾਰ ਸਿੰਘ ਝਰਮੜੀ (ਜਨਰਲ ਸਕੱਤਰ ਜ਼ਿਲ੍ਹਾ ਮੋਹਾਲੀ ਬੀਕੇਯੂ. ਲੱਖੋਵਾਲ), ਐਡਵੋਕੇਟ ਜਸਪਾਲ ਸਿੰਘ ਦੱਪਰ, ਰਣਜੀਤ ਸਿੰਘ ਰਾਣਾ (ਬਲਾਕ ਪ੍ਰਧਾਨ ਬੀ.ਕੇ.ਯੂ. ਲੱਖੋਵਾਲ), ਹਰਨਾਮ ਸਿੰਘ (ਆਗੂ ਬੀ.ਕੇ.ਯੂ. ਲੱਖੋਵਾਲ ਡੇਰਾਬੱਸੀ), ਬਲਜੀਤ ਸਿੰਘ (ਚੇਅਰਮੈਨ), ਕਮਲਜੀਤ ਸਿੰਘ (ਉਪ ਪ੍ਰਧਾਨ ਸਿੱਖਿਆ ਸੰਸਥਾਨ ਵਰਕਰ ਯੂਨੀਅਨ ਏਟਕ), ਸੁਰਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਜੜੌਤ (ਆਗੂ ਕੁਲ ਹਿੰਦ ਕਿਸਾਨ ਸਭਾ) ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਇਸ ਮਾਮਲੇ ਵਿੱਚ ਤੁਰੰਤ ਦਖ਼ਲ ਦੇ ਕੇ ਗੈਰ-ਕਾਨੂੰਨੀ ਤਰੀਕੇ ਨਾਲ ਕੱਢੇ ਗਏ ਕਰਮਚਾਰੀਆਂ ਨੂੰ ਵਾਪਸ ਨੌਕਰੀ 'ਤੇ ਬਹਾਲ ਕਰਵਾਏ।



# ਸਾਨੂੰ ਸੰਤ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣ ਕੇ ਉਸ 'ਤੇ ਅਮਲ ਕਰਨਾ ਚਾਹੀਦੈ : ਬਹਿਲ



**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**

ਬੰਗੜ ਪਰਵਾਰ ਵੱਲੋਂ ਸਨਾਤਨ ਧਰਮ ਸਭਾ ਉੜਮੁੜ ਅਤੇ ਇਲਾਕੇ ਦੀਆਂ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਸਹਿਯੋਗ ਨਾਲ ਸਭਾ ਦੇ ਪ੍ਰਧਾਨ ਦੀਪਕ ਬਹਿਲ ਦੀ ਅਗਵਾਈ ਵਿੱਚ ਅਚਾਰੀਆ ਪੰਡਿਤ ਰਾਮ ਮੋਹਨ ਪਰਾਸ਼ਰ ਵਰਿੰਦਾਵਨ ਵਾਲਿਆਂ ਦੀ ਦੇਖ-ਰੇਖ ਵਿੱਚ 10 ਮਈ ਤੋਂ 17 ਮਈ ਤੱਕ 8 ਰੋਜ਼ਾ ਸ਼੍ਰੀਮਦ ਭਗਵਤ ਕਥਾ ਅਤੇ ਕੀਰਤਨ ਦਰਬਾਰ ਮਹਾਦੇਵ ਮੰਦਰ ਵਿਖੇ ਅੱਜ ਤੋਂ ਸ਼ੁਰੂ ਕੀਤੇ ਗਏ ਦੇ ਸੰਬੰਧ ਵਿੱਚ ਮੰਦਰ ਵਿਖੇ ਇੱਕ ਅਨੋਖੀ ਸ਼ਾਨਮੱਤੇ ਵਾਲੀ ਕਲਸ਼ ਯਾਤਰਾ ਸਜਾਈ ਗਈ। ਇਸ ਕਲਸ਼ ਯਾਤਰਾ ਤੋਂ ਪਹਿਲਾਂ ਮੰਦਰ ਵਿਖੇ ਅਚਾਰੀਆ ਪੰਡਿਤ ਰਾਮ ਮੋਹਨ ਪਰਾਸ਼ਰ ਵਰਿੰਦਾਵਨ ਵੱਲੋਂ ਪੂਰੀ ਵਿਧੀ ਪੂਰਵਕ ਪੂਜਾ ਅਰਚਨਾ ਕੀਤੀ ਗਈ। ਇਸ ਕਲਸ਼ ਯਾਤਰਾ ਵਿੱਚ ਅਚਾਰੀਆ ਪੰਡਿਤ ਰਾਮ ਮੋਹਨ, ਸਨਾਤਨ ਧਰਮ ਸਭਾ ਦੇ ਪ੍ਰਧਾਨ ਦੀਪਕ ਬਹਿਲ, ਅਸ਼ੋਕ ਬਹਿਲ, ਸੁਰਿੰਦਰ ਨਈਅਰ, ਰਣਜੀਤ ਸਿੰਘ ਜੀਤਾ, ਡਾਕਟਰ ਵਿਨੋਦ, ਮੋਹਿਤ ਬੱਬਲ, ਦਿਲਬਾਗ ਰਾਏ, ਜੀਵਨ ਬਬਲੀ, ਅਨਿਲ ਕੁਮਾਰ, ਮਹਿਲਾ ਕੀਰਤਨ ਮੰਡਲੀ ਪ੍ਰਧਾਨ ਸ਼ਾਮਾਂ ਜੋਸ਼ੀ, ਸੁਮਨ ਨਈਅਰ, ਲਖਵੀਰ ਸਿੰਘ, ਕੰਚਨ ਬਾਲਾ, ਮਮਤਾ ਰਾਣੀ, ਰੋਜ਼ੀ ਨਈਅਰ, ਰਚਨਾ ਬਹਿਲ ਅਤੇ ਅਰੁਣ ਟੰਡਨ ਤੋਂ ਇਲਾਵਾ ਹੋਰ ਸੰਸਥਾਵਾਂ ਦੇ ਆਗੂਆਂ ਨੇ ਆਪਣੀ ਹਾਜ਼ਰੀ ਲਗਵਾਈ। ਕਲਸ਼ ਯਾਤਰਾ ਪ੍ਰਭੂ ਦਾ ਸਿਮਰਨ ਕਰਦੀ ਹੋਈ ਮਹਾਦੇਵ ਮੰਦਰ ਦੀ ਪਰਿਕਰਮਾ ਕਰਕੇ ਸੰਪੰਨ ਹੋਈ। ਇਸ 8 ਰੋਜ਼ਾ ਸ਼੍ਰੀਮਦ ਭਗਵਤ ਕਥਾ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ ਅਚਾਰੀਆ ਪੰਡਿਤ ਰਾਮ ਮੋਹਨ ਪਰਾਸ਼ਰ ਵਰਿੰਦਾਵਨ ਵਾਲੇ 10 ਮਈ ਤੋਂ 17 ਮਈ ਤੱਕ ਰੋਜ਼ਾਨਾ ਸ਼ਾਮ 4 ਵਜੇ ਤੋਂ 7 ਵਜੇ ਤੱਕ ਸ਼੍ਰੀਮਦ ਭਗਵਤ ਕਥਾ ਕਰਦੇ ਹੋਏ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਜੀਵਨੀ 'ਤੇ ਰੋਸ਼ਨੀ ਪਾਉਣਗੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਤਸੰਗ ਵਿੱਚ ਜਾ ਕੇ ਸੰਤ ਮਹਾਂਪੁਰਸ਼ਾਂ ਦੇ ਪ੍ਰਵਚਨ ਸੁਣਨੇ ਚਾਹੀਦੇ ਹਨ ਅਤੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਉਸ ਪਰਮ ਪਿਤਾ ਪਰਮੇਸ਼ਵਰ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ।

# ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਸੁਰਜੀਤ ਸੁਮਨ)**-'ਕਹਾਣੀ ਸੰਗਤ ਚੰਡੀਗੜ੍ਹ' ਦੀ ਹੰਗਾਮੀ ਇਕੱਤਰਤਾ ਪ੍ਰਸਿੱਧ ਕਹਾਣੀਕਾਰਾ ਦੀਪਤੀ ਬਬੂਟਾ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿੱਚ 'ਬਾਬਿਆਂ ਦਾ ਮੁਨਸ਼ੀ' ਵਜੋਂ ਜਾਣੇ ਜਾਂਦੇ ਪ੍ਰਸਿੱਧ ਇਤਿਹਾਸਕਾਰ ਤੇ ਕਾਨੂੰਨਦਾਨ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਕਹਾਣੀ ਸੰਗਤ ਦੇ ਕਨਵੀਨਰ ਪਰਮਜੀਤ ਮਾਨ ਅਤੇ ਮੁੱਖ ਸਲਾਹਕਾਰ ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਪ੍ਰੋ. ਵੜੈਚ ਦੇ ਜਾਣ ਨਾਲ ਇੱਕ ਚਲਦੇ-ਫਿਰਦੇ ਇਤਿਹਾਸ ਦਾ ਅੰਤ ਹੋ ਗਿਆ ਹੈ। ਡਾ. ਅਵਤਾਰ ਸਿੰਘ ਪਤੰਗ ਨੇ ਕਿਹਾ ਪ੍ਰੋ. ਵੜੈਚ ਪੁਰਾਣੀ ਪੀੜ੍ਹੀ ਦੇ ਇੱਕ ਸਿਰੜੀ ਅਤੇ ਅਨੁਸ਼ਾਸਨਬੱਧ ਇਨਸਾਨ ਸਨ। ਇਸ ਇਕੱਤਰਤਾ ਵਿੱਚ ਪ੍ਰਿੰਸੀਪਲ ਸਤਨਾਮ ਸਿੰਘ ਸੋਕਰ, ਸਰੂਪ ਸਿਆਲਵੀ, ਯਤਿੰਦਰ ਮਾਹਲ, ਗੁਰਮੀਤ ਸਿੰਗਲ, ਇੰਦਰਜੀਤ ਸਿੰਘ ਪ੍ਰੇਮੀ, ਜੇ.ਐਸ. ਮਹਿਰਾ ਅਤੇ ਸੁਰਜੀਤ ਸੁਮਨ ਸ਼ਾਮਲ ਹੋਏ।

# ਸ਼ਾਰਦਾ ਮਾਤਾ ਮੰਦਰ ਵਿਖੇ ਮੂਰਤੀ ਸਥਾਪਨਾ ਸੰਬੰਧੀ ਧਾਰਮਿਕ ਸਮਾਗਮ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਡੇਰਾਬੱਸੀ ਸਾਧੂ ਨਗਰ ਸਥਿਤ ਸ਼ਾਰਦਾ ਮਾਤਾ ਮੰਦਿਰ ਵਿਖੇ ਮੂਰਤੀ ਸਥਾਪਨਾ ਨੂੰ ਲੈ ਕੇ ਧਾਰਮਿਕ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਹਾਜ਼ਰੀ ਭਰਕੇ ਭਗਵਾਨ ਸ਼ਿਵ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਦੌਰਾਨ ਮੰਦਰ ਪਰਿਸਰ ਨੂੰ ਰੰਗ-ਬਰੰਗੀ ਲਾਈਟਾਂ ਅਤੇ ਫੁੱਲਾਂ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ।ਸਮਾਗਮਾ ਦੀ ਸ਼ੁਰੂਆਤ 6 ਮਈ ਨੂੰ ਧਾਰਮਿਕ ਪਾਠ ਨਾਲ ਹੋਈ, ਜਿਸ ਤੋਂ ਬਾਅਦ 9 ਮਈ ਨੂੰ ਨਗਰ ਪਰਿਕਰਮਾ ਕੱਢੀ ਗਈ। ਨਗਰ ਪਰਿਕਰਮਾ ਦੌਰਾਨ ਸ਼ਰਧਾਲੂਆਂ ਵੱਲੋਂ ਭਗਵਾਨ ਸ਼ਿਵ ਅਤੇ ਮਾਤਾ ਰਾਣੀ ਦੇ ਜੈਕਾਰਿਆਂ ਨਾਲ ਸਾਰਾ ਇਲਾਕਾ ਗੂੰਜ ਉਠਿਆ। 10 ਮਈ ਨੂੰ ਹਵਨ ਯੱਗ ਅਤੇ ਭੰਡਾਰੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੋਕਾਂ ਨੇ ਪ੍ਰਸਾਦ ਗ੍ਰਹਿਣ ਕੀਤਾ।ਨਗਰ ਪਰਿਕਰਮਾ ਮੌਕੇ ਬਤੌਰ ਮੁੱਖ ਮਹਿਮਾਨ ਕਾਂਗਰਸੀ ਆਗੂ ਗੁਰਤੇਜ ਸਿੰਘ ਬੈਨੀਪਾਲ ਹਾਜ਼ਰ ਹੋਏ। ਉਨ੍ਹਾਂ ਨੇ ਸਮਾਗਮ ਵਿੱਚ ਸ਼ਾਮਲ ਹੋ ਕੇ ਮੰਦਰ ਕਮੇਟੀ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਸਮਾਗਮ ਸਮਾਜ ਵਿੱਚ ਭਾਈਚਾਰਕ ਸਾਂਝ ਅਤੇ ਸ਼ਾਂਤੀ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਵੀ ਕੀਤੀ। ਉਹਨਾਂ ਝੰਡੀ ਦੇ ਕੇ ਨਗਰ ਪਰਿਕਰਮਾ ਦੀ ਸ਼ੁਰੂਆਤ ਕਰਵਾਈ। ਉਹਨਾਂ ਆਪਣੇ ਵੱਲੋਂ ਮੰਦਰ ਕਮੇਟੀ ਨੂੰ 21000 ਦੀ ਰਾਸ਼ੀ ਸਹਿਯੋਗ ਵਜੋਂ ਦਿੱਤੀ। ਮੰਦਰ ਪ੍ਰਬੰਧਕ ਕਮੇਟੀ ਪ੍ਰਧਾਨ ਰਕੇਸ਼ ਅਚਿੰਤ, ਸਕੱਤਰ ਰਜਨੀਸ਼ ਸ਼ਰਮਾ ਅਤੇ ਖਜਾਨਚੀ ਕੁਨਾਲ ਕੌਸ਼ਿਕ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮੰਦਰ ਕਮੇਟੀ ਦੇ ਮੈਂਬਰਾਂ ਦੀਪਕ ਮੱਗੂ, ਅਮਰੀਸ਼ ਭੱਲਾ, ਅੰਮ੍ਰਿਤਪਾਲ ਸਿੰਘ ਮੋਦੀ, ਤੁਸ਼ਾਰ ਕੌਸ਼ਿਕ, ਸੁਸ਼ੀਲ ਬਿਆਸ, ਰਕੇਸ਼ ਮਹਿਤਾ ਤੋਂ ਇਲਾਵਾ ਸ਼ਰਧਾਲੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਜ਼ਿਲ੍ਹੇ 'ਚ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ (ਫੇਜ਼-3) ਦੀ ਰਜਿਸਟ੍ਰੇਸ਼ਨ ਸ਼ੁਰੂ : ਰਮਨਦੀਪ ਕੌਰ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**-ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਸਰਕਾਰ ਵੱਲੋਂ ਪ੍ਰਾਈਮ ਮਨਿਸਟਰ ਇੰਟਰਨਸ਼ਿਪ ਸਕੀਮ (ਪੀ.ਐਮ.ਆਈ.ਐਸ.) ਦੇ ਤੀਜੇ ਫੇਜ਼ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਇਸ ਸਕੀਮ ਅਧੀਨ ਇੰਟਰਨਸ਼ਿਪ ਕਰਨ ਵਾਲੇ ਪ੍ਰਾਰਥੀਆਂ ਨੂੰ ਵਨ ਟਾਈਮ ਫਿਨਾਂਸ਼ੀਅਲ ਅਸਿਸਟੈਂਸ 9000 ਮਹੀਨਾ ਦਿੱਤਾ ਜਾਵੇਗਾ। ਇਹ ਮੌਕਾ ਪ੍ਰਾਰਥੀਆਂ ਲਈ ਦੇਸ਼ ਦੀਆਂ ਟਾਪ ਦੀਆਂ ਕੰਪਨੀਆਂ ਵਿੱਚ ਤਜਰਬਾ ਲੈਣ ਲਈ ਬਹੁਤ ਲਾਹੇਵੰਦ ਹੈ।ਇਸ ਸਕੀਮ ਅਧੀਨ ਅਪਲਾਈ ਕਰਨ ਵਾਲੇ ਪ੍ਰਾਰਥੀਆਂ ਦੀ ਉਮਰ 18 ਤੋਂ 25 ਸਾਲ ਹੋਣੀ ਚਾਹੀਦੀ ਹੈ। ਪ੍ਰਾਰਥੀ ਫੁੱਲ ਟਾਈਮ ਪੜ੍ਹਾਈ ਜਾਂ ਫੁੱਲ ਟਾਈਮ ਰੋਜ਼ਗਾਰ ਵਿੱਚ ਏਨਰੋਲਡ ਨਾ ਹੋਵੇ, ਕੋਈ ਵੀ ਹਾਈ ਸਕੂਲ, ਹਾਇਰ ਸੈਕੰਡਰੀ ਸਕੂਲ, ਆਈ.ਟੀ.ਆਈ., ਪੋਲੀਟੈਕਨੀਕ ਜਾਂ ਗ੍ਰੈਜੂਏਸ਼ਨ (ਬੀ.ਏ., ਬੀ.ਐਸ.ਸੀ., ਬੀ.ਕਾਮ., ਬੀ.ਈ./ ਬੀ.ਟੈੱਕ ਆਦਿ) ਦੀ ਐਜੂਕੇਸ਼ਨਲ ਕੁਆਲੀਫੀਕੇਸ਼ਨ ਵਾਲਾ ਪ੍ਰਾਰਥੀ ਉਕਤ ਸਕੀਮ ਅਧੀਨ ਅਪਲਾਈ ਕਰ ਸਕਦਾ ਹੈ। ਆਈ ਆਈ ਟੀ, ਆਈ ਆਈ ਐਮ, ਆਈ ਆਈ ਐਸ ਈ ਆਰ ਅਤੇ ਐਨ ਐਲ ਯੂ ਵਰਗੇ ਸੰਸਥਾਨਾਂ ਤੋਂ ਪਾਸ ਪ੍ਰਾਰਥੀ ਜਾਂ ਸੀ ਏ, ਸੀ.ਐਸ., ਐਮ ਬੀ ਬੀ ਐਸ, ਐਮ ਬੀ ਏ ਜਾਂ ਪੀ ਐੱਚ ਡੀ ਵਰਗੀ ਯੋਗਤਾ ਵਾਲੇ ਵਿਅਕਤੀ ਵੀ ਇਸ ਸਕੀਮ ਲਈ ਯੋਗ ਨਹੀਂ ਹਨ। ਪ੍ਰਾਰਥੀ ਦੀ ਪਰਵਾਰਕ ਆਮਦਨ 12 ਲੱਖ ਤੋਂ ਘੱਟ ਹੋਣੀ ਚਾਹੀਦੀ ਹੈ ਅਤੇ ਪ੍ਰਾਰਥੀ ਦੇ ਪਰਵਾਰ (ਖ਼ੁਦ, ਪਤੀ/ਪਤਨੀ, ਮਾਤਾ/ਪਿਤਾ) ਵਿੱਚ ਕੋਈ ਸਰਕਾਰੀ ਨੌਕਰੀ 'ਤੇ ਨਹੀਂ ਹੋਣਾ ਚਾਹੀਦਾ।

# ਰਾਇਲ ਸਟੇਟ ਗਰੁੱਪ ਨੇ ਸਮਾਜ ਸੇਵਾ ਲਈ ਦਿੱਤੀ ਮੁਫ਼ਤ ਐਂਬੂਲੈਂਸ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਸਮਾਜ ਵਿੱਚ ਮਾਂ ਦਾ ਰੁਤਬਾ ਸਭ ਤੋਂ ਉੱਚਾ ਮੰਨਿਆ ਗਿਆ ਹੈ ਤੇ ਜੇਕਰ ਮਾਂ ਦੀ ਯਾਦ ਵਿੱਚ ਮਾਨਵਤਾ ਦੀ ਸੇਵਾ ਲਈ ਕੋਈ ਕਦਮ ਚੁੱਕਿਆ ਜਾਵੇ, ਤਾਂ ਉਹ ਸਭ ਤੋਂ ਉੱਤਮ ਸ਼ਰਧਾਂਜਲੀ ਹੁੰਦੀ ਹੈ।ਅਜਿਹੀ ਹੀ ਇੱਕ ਮਿਸਾਲ ਡੇਰਾਬੱਸੀ ਅਤੇ ਜ਼ੀਰਕਪੁਰ ਦੇ ਖੇਤਰ ਵਿੱਚ ਦੇਖਣ ਨੂੰ ਮਿਲੀ ਹੈ, ਜਿੱਥੇ ਰਾਇਲ ਸਟੇਟ ਗਰੁੱਪ ਨੇ ਮਦਰਸ-ਡੇਅ ਦੇ ਸ਼ੁਭ ਅਵਸਰ 'ਤੇ ਇੱਕ ਵੱਡੀ ਪਹਿਲਕਦਮੀ ਕਰਦਿਆਂ ਸਮਾਜ ਸੇਵੀ ਸੋਨੂੰ ਸੇਠੀ ਨੂੰ ਇੱਕ ਨਵੀਂ ਐਂਬੂਲੈਂਸ ਦਾਨ ਵਿੱਚ ਦਿੱਤੀ ਹੈ।ਜ਼ੀਰਕਪੁਰ ਦੇ ਪ੍ਰਸਿੱਧ ਰਾਇਲ ਸਟੇਟ ਗਰੁੱਪ ਨੇ ਆਪਣੀ ਮਾਂ ਦੀ ਪਵਿੱਤਰ ਯਾਦ ਨੂੰ ਤਾਜ਼ਾ ਰੱਖਣ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਇਸ ਮਦਰਸ-ਡੇਅ ਨੂੰ ਚੁਣਿਆ। ਗਰੁੱਪ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਮਾਂ ਸਾਨੂੰ ਦੂਜਿਆਂ ਦੀ ਮਦਦ ਕਰਨਾ ਸਿਖਾਉਂਦੀ ਹੈ ਤੇ ਉਸੇ ਸਿੱਖਿਆ 'ਤੇ ਚੱਲਦਿਆਂ ਇਹ ਐਂਬੂਲੈਂਸ ਲੋਕਾਂ ਦੀ ਮੁਫ਼ਤ ਸੇਵਾ ਲਈ ਸਮਰਪਿਤ ਕੀਤੀ ਗਈ ਹੈ। ਇਸ ਮੌਕੇ ਰਾਇਲ ਸਟੇਟ ਗਰੁੱਪ ਦੇ ਪਰਵਾਰਕ ਮੈਂਬਰ ਕੇਵਲ ਕੰਸਲ, ਪ੍ਰਵੀਨ ਕੰਸਲ (ਰੌਕੀ), ਨੀਰਜ ਕੰਸਲ ਤੇ ਪੀਯੂਸ਼ ਕੰਸਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਡੇਰਾਬੱਸੀ ਦੇ ਜਾਣੇ-ਪਛਾਣੇ ਸਮਾਜ ਸੇਵੀ ਸੋਨੂੰ ਸੇਠੀ, ਜੋ 'ਸੇਠੀ ਢਾਬਾ' ਦੇ ਬੈਨਰ ਹੇਠ ਪਿਛਲੇ 19 ਸਾਲਾਂ ਤੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਸਰਗਰਮ ਹਨ, ਇਸ ਖੇਤਰ ਵਿੱਚ ਇੱਕ ਭਰੋਸੇਮੰਦ ਨਾਂਅ ਬਣ ਚੁੱਕੇ ਹਨ। ਹੁਣ ਤੱਕ ਉਹ 4 ਐਂਬੂਲੈਂਸਾਂ ਰਾਹੀਂ ਹਜ਼ਾਰਾਂ ਲੋੜਵੰਦਾਂ ਨੂੰ ਹਸਪਤਾਲ ਪਹੁੰਚਾ ਕੇ ਉਨ੍ਹਾਂ ਦੀ ਜਾਨ ਬਚਾ ਚੁੱਕੇ ਹਨ। ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇਹ ਸਾਰੀਆਂ ਸੇਵਾਵਾਂ ਪੂਰੀ ਤਰ੍ਹਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।

# ਸੰਘਵਾਲ ਵਿਖੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਪਿੰਡ ਸੰਘਵਾਲ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ (ਰਜਿ) ਅਤੇ ਸਮੂਹ ਨਗਰ ਨਿਵਾਸੀ ਸੰਗਤਾਂ ਵੱਲੋਂ ਭਾਰਤ ਰਤਨ ਡਾ. ਬੀ ਆਰ. ਅੰਬੇਡਕਰ ਦਾ 135ਵਾਂ ਜਨਮ ਦਿਨ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸਤਿਗੁਰੂ ਰਵਿਦਾਸ ਅੰਮ੍ਰਿਤ ਬਾਣੀ ਹਾਲ 'ਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਪਾਵਨ ਜਾਪ ਕਰਵਾਏ ਗਏ। ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਭੋਗ ਪਾਉਣ ਉਪਰੰਤ ਮਿਸ਼ਨਰੀ ਗਾਇਕ ਬੰਗੜ ਬ੍ਰਦਰਜ਼ ਰਾਏਪੁਰ ਰਸੂਲਪੁਰ ਵਾਲੇ ਅਤੇ ਸਾਥੀਆਂ ਵਲੋਂ ਡਾਕਟਰ ਅੰਬੇਡਕਰ ਦੇ ਜੀਵਨ ਸਬੰਧੀ ਮਿਸ਼ਨਰੀ ਗੀਤ ਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸੂਝਵਾਨ ਲੇਖਕ ਬੰਗੜ ਰਾਏਪੁਰ ਰਸੂਲਪੁਰ ਵੱਲੋਂ ਡਾ. ਬੀ ਆਰ ਅੰਬੇਡਕਰ ਦੀ ਜੀਵਨੀ 'ਤੇ ਚਾਨਣਾ ਪਾਇਆ ਗਿਆ । ਇਹਨਾਂ ਤੋਂ ਇਲਾਵਾ ਹੈੱਡ ਗ੍ਰੰਥੀ ਭਾਈ ਕਮਲਜੀਤ ਸਿੰਘ ਨੇ ਡਾ. ਅੰਬੇਡਕਰ ਜੀ ਵੱਲੋਂ ਗਰੀਬ ਅਤੇ ਲਤਾੜੇ ਲੋਕਾਂ ਦੀ ਭਲਾਈ ਲਈ ਕੀਤੇ ਗਏ ਸੰਘਰਸ਼ਮਈ ਜੀਵਨ ਬਾਰੇ ਸੰਗਤਾਂ ਨੂੰ ਚਾਨਣਾ ਪਾਇਆ ਗਿਆ। ਇਸ ਮੌਕੇ ਛੋਟੇ ਛੋਟੇ ਬੱਚਿਆਂ ਵੱਲੋਂ ਡਾ. ਬੀ ਆਰ ਅੰਬੇਡਕਰ ਦੇ ਜੀਵਨ ਨਾਲ ਸੰਬੰਧਿਤ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਪਤਵੰਤਿਆਂ ਵੱਲੋਂ ਪਿੰਡ ਦੇ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਦੇ ਪਹਿਲੀ ਤੋਂ ਅੱਠਵੀਂ ਕਲਾਸ ਦੇ ਬੱਚਿਆਂ ਜਿਨ੍ਹਾਂ ਨੇ ਫਾਈਨਲ ਇਮਤਿਹਾਨਾਂ 'ਚ ਪਹਿਲੀ ਤੋਂ ਤੀਸਰੀ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਸ਼ੋਕ ਕੁਮਾਰ, ਉਪ ਪ੍ਰਧਾਨ ਰਾਜੇਸ਼ ਕੁਮਾਰ ਚੌਹਾਨ, ਸਕੱਤਰ ਡਾ. ਸਤਿਆਪਾਲ ਸਿੰਘ, ਉਪ ਸਕੱਤਰ ਜਗਦੀਸ਼ ਲਾਲ, ਕੈਸ਼ੀਅਰ ਰਜਿੰਦਰ ਪਾਲ, ਉਪ ਕੈਸ਼ੀਅਰ ਸਤਪਾਲ, ਹੈੱਡ ਗ੍ਰੰਥੀ ਭਾਈ ਕਮਲਜੀਤ ਸਿੰਘ, ਮੁੱਖ ਸਲਾਹਕਾਰ ਬੂਟਾ ਸਿੰਘ, ਦਿਲਬਾਗ ਸਿੰਘ, ਸਟੋਰ ਕੀਪਰ ਬਲਵੀਰ ਸਿੰਘ ਆਦਿ ਤੋਂ ਇਲਾਵਾ ਨੰਬਰਦਾਰ ਜੋਰਾਵਰ ਸਿੰਘ, ਸਰਪੰਚ ਪ੍ਰਵੀਨ ਕੁਮਾਰੀ, ਡਾ. ਸੁਰਿੰਦਰ ਕੁਮਾਰ ਮੰਨਣ, ਜਸਕਰਨ ਸਿੰਘ ਸ਼ੈਲੂ, ਸਾਬਕਾ ਸਰਪੰਚ ਬਲਵੀਰ ਸਿੰਘ, ਕਿੰਮੀ, ਸਰਬਜੀਤ ਸਾਬੀ, ਮਿਸਤਰੀ ਦੇਵ ਰਾਜ, ਤਰਸੇਮ ਸਿੰਘ ਸੇਮਾ, ਹਰਜਿੰਦਰ ਜੱਸੀ, ਸ਼ੀਰਾ, ਬੱਬੂ, ਮੋਹਿਤ, ਅਰਸ਼, ਜਸਵਿੰਦਰ ਜੱਸੀ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਦੀ ਚੋਣ

**ਹੁਸ਼ਿਆਰਪੁਰ (ਬਲਵੀਰ ਸੈਣੀ)**

ਸਿਹਤ ਵਿਭਾਗ ਅੰਦਰ ਕੰਮ ਕਰਦੀਆਂ ਆਸ਼ਾ ਵਰਕਰਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਜ਼ਿਲ੍ਹਾ ਹੁਸ਼ਿਆਰਪੁਰ ਦੀ ਚੋਣ ਮੁਲਾਜ਼ਮ ਭਵਨ ਵਿਖੇ ਜੱਥੇਬੰਦੀ ਦੀ ਸੂਬਾ ਚੇਅਰਪਰਸਨ ਸੁਖਵਿੰਦਰ ਕੌਰ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਬਲਾਕਾਂ ਵਿੱਚੋਂ ਆਸ਼ਾ ਵਰਕਰਾਂ ਸਹਿਤ ਜੱਥੇਬੰਦੀ ਦੇ ਮੁੱਖ ਸਲਾਹਕਾਰ ਮਨਜੀਤ ਸਿੰਘ ਬਾਜਵਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਸੰਬੋਧਨ ਕਰਦਿਆਂ ਸੁਖਵਿੰਦਰ ਕੌਰ ਨੇ ਕਿਹਾ ਕਿ ਜਦੋਂ ਤੋਂ ਆਸ਼ਾ ਵਰਕਰਾਂ ਨੂੰ ਰੱਖਿਆ ਗਿਆ ਹੈ ਉਦੋਂ ਤੋਂ ਹੀ ਜੱਥੇਬੰਦੀ ਵਲੋਂ ਸੂਬੇ ਦੀਆਂ ਆਸ਼ਾ ਵਰਕਰਾਂ ਨੂੰ ਆਪਣੀਆਂ ਮੰਗਾਂ ਸਬੰਧੀ ਸੁਚੇਤ ਕਰਕੇ ਇਹਨਾਂ ਦੀ ਪ੍ਰਾਪਤੀ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਇਕੱਤਰਤਾ ਦੇ ਅੰਤ ਵਿੱਚ ਮਨਜੀਤ ਬਾਜਵਾ ਵਲੋਂ ਨਵੀਂ ਜ਼ਿਲ੍ਹਾ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ ਜਿਸ ਨੂੰ ਪੂਰੇ ਹਾਊਸ ਵਲੋਂ ਨਾਅਰਿਆਂ ਦੀ ਗੂੰਜ ਵਿੱਚ ਪਾਸ ਕੀਤਾ ਗਿਆ। ਨਵੀਂ ਚੁਣੀ ਗਈ ਜ਼ਿਲ੍ਹਾ ਕਮੇਟੀ ਅਨੁਸਾਰ ਰਾਜ ਕੁਮਾਰੀ ਟਾਂਡਾ ਨੂੰ ਪ੍ਰਧਾਨ, ਜਸਵੀਰ ਕੌਰ ਚੱਕੋਵਾਲ, ਸੁਖਵਿੰਦਰ ਕੌਰ ਪੁਰਹੀਰਾਂ ਨੂੰ ਸੀਨੀਅਰ ਮੀਤ ਪ੍ਰਧਾਨ, ਮਨਜੀਤ ਕੌਰ ਬੁੱਢਾਵੜ, ਆਸ਼ਾ ਰਾਣੀ ਪਾਲਦੀ ਨੂੰ ਮੀਤ ਪ੍ਰਧਾਨ, ਹਰਨਿੰਦਰ ਕੌਰ ਚੱਕੋਵਾਲ ਨੂੰ ਜਨਰਲ ਸਕੱਤਰ, ਰਛਪਾਲ ਕੌਰ ਪਾਲਦੀ, ਰਜਨੀ ਸ਼ਰਮਾ ਭੂੰਗਾ ਨੂੰ ਸਹਾਇਕ ਸਕੱਤਰ, ਜਸਪ੍ਰੀਤ ਕੌਰ ਚੱਕੋਵਾਲ, ਸੁਮਨ ਕੁਮਾਰੀ ਬੁੱਢਾਵੜ ਨੂੰ ਵਿੱਤ ਸਕੱਤਰ, ਸੁਚੇਤਾ ਕੁਮਾਰੀ ਹਾਜੀਪੁਰ, ਮਨਜੀਤ ਕੌਰ ਟਾਂਡਾ ਨੂੰ ਸਹਾਇਕ ਵਿੱਤ ਸਕੱਤਰ, ਪਰਮਜੀਤ ਕੌਰ ਟਾਂਡਾ, ਅਰੁਣਾ ਰਾਣਾ ਹਾਜੀਪੁਰ ਨੂੰ ਪ੍ਰੈੱਸ ਸਕੱਤਰ, ਮਨਦੀਪ ਕੌਰ ਹਾਰਟਾ ਬਡਲਾ, ਨਸੀਬ ਕੌਰ ਭੂੰਗਾ ਨੂੰ ਜੱਥੇਬੰਦਕ ਸਕੱਤਰ, ਪਰਮਜੀਤ ਕੌਰ ਪਾਲਦੀ, ਸੁਸ਼ਮਾ ਸ਼ਰਮਾ ਹਾਜੀਪੁਰ ਨੂੰ ਪ੍ਰਚਾਰ ਸਕੱਤਰ ਸਹਿਤ ਸੁਖਵਿੰਦਰ ਕੌਰ ਅਤੇ ਮਨਜੀਤ ਸਿੰਘ ਬਾਜਵਾ ਨੂੰ ਮੁੱਖ ਸਲਾਹਕਾਰ ਚੁਣਿਆ ਗਿਆ। ਅੰਤ ਵਿੱਚ ਨਵੀ ਚੁਣੀ ਪ੍ਰਧਾਨ ਰਾਜ ਕੁਮਾਰੀ ਵਲੋਂ ਪੂਰੀ ਟੀਮ ਵਲੋਂ ਤਨਦੇਹੀ ਨਾਲ ਕੰਮ ਕਰਨ ਦੇ ਨਾਲ ਹੀ 27 ਮਈ ਨੂੰ ਜਲੰਧਰ ਵਿਖੇ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਦੀ ਸੂਬਾਈ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ।



